# ਬੱਬਰ ਅਕਾਲੀ ਲਹਿਰ
## ਅਤੇ
## ਇਸ ਦੇ ਆਗੂ

ਗੁਰਬਚਨ ਸਿੰਘ

ਸਿੱਖ ਇਤਿਹਾਸ ਰੀਸਰਚ ਬੋਰਡ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ ।

ੴ ਸਤਿਗੁਰ ਪ੍ਰਸਾਦਿ ॥

# ਬੱਬਰ ਅਕਾਲੀ ਲਹਿਰ

ਅਤੇ

# ਇਸ ਦੇ ਆਗੂ

ਲੇਖਕ

ਗੁਰਬਚਨ ਸਿੰਘ

ਪ੍ਰਕਾਸ਼ਕ

**ਸਿੱਖ ਇਤਿਹਾਸ ਰੀਸਰਚ ਬੋਰਡ**

(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)

ਸ੍ਰੀ ਅੰਮ੍ਰਿਤਸਰ ।

## ਪੇਸ਼ਕਾਰੀ

ਸਿੱਖ ਤਵਾਰੀਖ਼ ਵਿਚ ਗੁਰਦੁਆਰਾ ਸੁਧਾਰ ਲਹਿਰ (੧੯੨੦-੨੫) ਦੀ ਇਕ ਅਹਿਮ ਜਗਹ ਹੈ। ਜਿਥੇ ਇਸ ਨੇ ਗੁਰਦੁਆਰਿਆਂ ਦੇ ਇੰਤਜ਼ਾਮ ਵਿਚ ਜਮ੍ਹਾਂ-ਪੱਖੀ ਤਬਦੀਲੀ ਲਿਆਂਦੀ ਉੱਥੇ ਇਸ ਨੇ ਸਿੱਖਾਂ ਨੂੰ ਸਿਆਸੀ ਅਤੇ ਭਾਈਚਾਰਕ ਪੱਖੋਂ ਜਥੇਬੰਦ ਕਰਨ ਵਿਚ ਵੀ ਅਹਿਮ ਰੋਲ ਅਦਾ ਕੀਤਾ।

ਇਸ ਲਹਿਰ ਵਿਚ ਨਵਾਂ ਮੋੜ ਉਸ ਵਕਤ ਆਇਆ ਜਦੋਂ ੨੦ ਫਰਵਰੀ ੧੯੨੧ ਦੇ ਦਿਨ ਨਾਨਕਾਣਾ ਸਾਹਿਬ ਵਿਚ ੧੫੦ ਤੋਂ ਵਧ ਸਿੱਖ ਸ਼ਹੀਦ ਕਰ ਦਿੱਤੇ ਗਏ। ਭਾਵੇਂ ਇਨ੍ਹਾਂ ਸ਼ਹੀਦੀਆਂ ਦਾ ਜ਼ਾਹਰਾ ਜ਼ਿੰਮੇਵਾਰ ਮਹੰਤ ਨਰਾਇਣ ਦਾਸ ਸੀ ਪਰ ਉਸ ਨੂੰ ਡਿਪਟੀ ਕਮਿਸ਼ਨਰ ਅਤੇ ਸੁਪਰਡੈਂਟ ਪੁਲਿਸ ਅਤੇ ਸਮੁਚੀ ਬਰਤਾਨਵੀਂ ਸਰਕਾਰ ਦੀ ਚੁਪ-ਹਿਮਾਇਤ ਹਾਸਲ ਸੀ। ਬਹੁਤ ਸਾਰੇ ਸਿੱਖ ਆਗੂ ਇਸ ਗੱਲ ਨੂੰ ਪੂਰੀ ਤਰ੍ਹਾਂ ਜਾਣਦੇ ਸਨ।

ਗ਼ਦਰ ਪਾਰਟੀ ਨਾਲ ਸਬੰਧਿਤ ਕੁਝ ਖਾੜਕੂ ਸਿੱਖ ਵਰਕਰ ਅਤੇ ਕੁਝ ਰਿਟਾਇਰ ਫ਼ੌਜੀਆਂ ਦੇ ਦਿਲਾਂ ਵਿਚ ਇਸ ਹਰਕਤ ਤੇ ਬੜਾ ਰੋਹ ਪੈਦਾ ਹੋਇਆ। ਉਨ੍ਹਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸ਼ਾਂਤਮਈ ਲਹਿਰ ਨੂੰ ਇਕ ਕਮਜ਼ੋਰੀ ਸਮਝਿਆ ਅਤੇ ਫ਼ੈਸਲਾ ਕੀਤਾ ਕਿ ਨਾਨਕਾਣਾ ਸਾਹਿਬ ਦੇ ਕਤਲੇਆਮ ਦੇ ਪਿਛੋਕੜ ਵਿਚ ਜੋ ਵੀ ਸ਼ਖ਼ਸ ਹੋਣ ਉਨ੍ਹਾਂ ਸਾਰਿਆਂ ਨੂੰ ਮੌਤ ਦੇ ਘਾਟ ਉਤਾਰਿਆ ਜਾਵੇ। ਇਸ ਕਾਰਜ ਨੂੰ ਸਿਰੇ ਚੜਾਉਣ ਵਾਸਤੇ ਕੁਝ ਅਕਾਲੀ ਵਰਕਰ ਇਕੱਠੇ ਹੋਏ। ਭਾਵੇਂ ਉਨ੍ਹਾਂ ਨੂੰ ਇਸ ਮਕਸਦ ਵਿਚ ਕਾਮਯਾਬੀ ਹਾਸਲ ਨਾ ਹੋਈ ਪਰ ਇਸ ਵਿੱਚੋਂ ਇਕ ਖਾੜਕੂ ਲਹਿਰ ਨੇ ਜਨਮ ਲਿਆ। ਇਹ ਲਹਿਰ ਪਹਿਲੋਂ-ਪਹਿਲ "ਚੱਕਰਵਰਤੀ ਜਥੇ" ਵਜੋਂ ਜਾਣੀ ਗਈ। ਮਗਰੋਂ ਇਸ ਜਥੇ ਦਾ ਨਾਂ ਸ: ਕਰਮ ਸਿੰਘ ਬਬਰ ਦੌਲਤਪੁਰੀ ਦੇ ਤੱਖਲਸ "ਬਬਰ" ਦੇ ਨਾਂ ਤੇ "ਬਬਰ ਅਕਾਲੀ ਦਲ" ਬਣਿਆ।

ਬਬਰ ਅਕਾਲੀਆਂ ਨੇ ਸਿੱਖਾਂ ਦੀਆਂ ਸ਼ਹੀਦੀਆਂ ਦੇ ਜ਼ਿੰਮੇਵਾਰ ਲੋਕਾਂ ਨੂੰ ਸਜ਼ਾ ਦੇਣ ਦਾ ਫ਼ੈਸਲਾ ਕੀਤਾ। ਹੌਲੀ-ਹੌਲੀ ਬਬਰਾਂ ਦੀ ਸੂਚੀ ਵਿਚ ਪੁਲਿਸ ਦੇ ਟਾਊਟ ਅਤੇ ਹੋਰ ਸਿੱਖ ਦੁਸ਼ਮਣ ਵੀ ਸ਼ਾਮਿਲ ਹੁੰਦੇ ਗਏ। ਬਬਰ ਅਕਾਲੀ ਕਿਉਂ ਕਿ ਬਹੁਤੇ ਪੜੇ ਲਿਖੇ ਆਗੂ ਨਹੀਂ ਸਨ ਇਸ ਕਰ ਕੇ ਇਸ ਲਹਿਰ ਨੂੰ ਵਧੀਆ ਪਲੈਨਿੰਗ ਨਾ ਮਿਲ ਸਕੀ। ਪਰ ਇਸ ਦੇ ਬਾਵਜੂਦ ਉਨ੍ਹਾਂ ਨੇ ਆਪਣੀ ਮੰਜ਼ਿਲ ਦੇ ਬਹੁਤ ਸਾਰੇ ਪੜਾਅ ਸਰ ਕਰ ਲਏ। ਦੂਜੇ ਪਾਸੇ ਸਰਕਾਰ ਅਤੇ ਪੁਲਿਸ ਨੇ ਵੀ ਆਪਣਾ ਜਾਲ ਫੈਲਾ ਲਿਆ ਸੀ। ਥੋੜ੍ਹੀ ਹੀ ਦੇਰ ਵਿਚ ਬਹੁਤ ਸਾਰੇ ਬਬਰ ਅਕਾਲੀ ਪੁਲਿਸ ਦੀ ਗਰਿਫ਼ਤ ਵਿਚ ਆ ਚੁੱਕੇ ਸਨ। ਹੌਲੀ-ਹੌਲੀ ਸਾਰੇ ਬਬਰ ਗ੍ਰਿਫ਼ਤਾਰ ਕਰ ਲਏ

ਗਏ। ਕਈ ਬਬਰ ਗ੍ਰਿਫ਼ਤਾਰੀ ਵੇਲੇ ਪੁਲਿਸ ਨਾਲ ਉਲਝ ਪਏ ਅਤੇ ਸ਼ਹੀਦ ਹੋ ਗਏ। ਗ੍ਰਿਫ਼ਤਾਰ ਬਬਰਾਂ ਦੇ ਮੁਕੱਦਮੇ ਵਿਚ ੬ ਬਬਰਾਂ ਨੂੰ ਫਾਂਸੀ ਦੀ ਸਜ਼ਾ ਅਤੇ ਬਾਕੀਆਂ ਨੂੰ ਲੰਮੀਆਂ ਕੈਦਾਂ ਦਿੱਤੀਆਂ ਗਈਆਂ।

ਇਸ ਨਾਲ ਭਾਵੇਂ ਬਬਰ ਅਕਾਲ ਲਹਿਰ ਆਪਣਾ ਜੌਹੋ-ਜਲਾਲ ਵਿਚ ਤਾਂ ਨਾ ਰਹਿ ਸਕੀ ਪਰ ਫਿਰ ਵੀ ਕੁਝ ਬਬਰ ਅਕਾਲੀ ਐਕਸ਼ਨ ਕਰਦੇ ਰਹੇ।

ਬਬਰ ਅਕਾਲੀ ਲਹਿਰ ਦੀ ਤਵਾਰੀਖ਼ ਸ: ਸੁੰਦਰ ਸਿੰਘ ਅਤੇ ਸ: ਮਿਲਖਾ ਸਿੰਘ ਦੀ ਲਿਖੀ ਪਹਿਲੋਂ ਛੱਪ ਚੁੱਕੀ ਹੈ। ਉਨ੍ਹਾਂ ਨੇ ਆਪਣੀ ਨਜ਼ਰੀਏ ਤੋਂ ਇਸ ਲਹਿਰ ਬਾਰੇ ਲਿਖਿਆ ਹੈ। ਪਰ ਇਨ੍ਹਾਂ ਦੋਹਾਂ ਕਿਤਾਬਾਂ ਵਿਚ ਇਕ ਕਮੀ ਜ਼ਰੂਰ ਰਹਿ ਗਈ ਸੀ ਕਿ ਬਹੁਤ ਸਾਰੇ ਬਬਰ ਅਕਾਲੀਆਂ ਬਾਰੇ ਤਫ਼ਸੀਲ ਇਨ੍ਹਾਂ ਕਿਤਾਬਾਂ ਵਿਚ ਨਹੀਂ ਸੀ ਆ ਸਕੀ। ਹਥਲੀ ਪੁਸਤਕ ਸ: ਗੁਰਬਚਨ ਸਿੰਘ ਦੀ ਕਿਰਤ ਹੈ। ਇਸ ਵਿਚ ਉਨ੍ਹਾਂ ਨੇ ਇਕ ਸੌ ਤੋਂ ਵਧ ਅਕਾਲੀ ਵਰਕਰਾਂ ਦੇ ਪਿਛੋਕੜ ਅਤੇ ਲਹਿਰ ਵਿਚ ਉਨ੍ਹਾਂ ਦੇ ਰੋਲ ਨੂੰ ਬਿਆਨ ਕੀਤਾ ਹੈ। ਇਸ ਤੋਂ ਇਲਾਵਾ ਬਬਰ ਅਕਾਲੀ ਮੁਕੱਦਮੇ ਦੀ ਬੜੀ ਵਧੀਆ ਤਫ਼ਸੀਲ ਵੀ ਇਸ ਕਿਤਾਬ ਵਿਚ ਮਿਲਦੀ ਹੈ। ਇਸ ਦੇ ਨਾਲ ਹੀ ਇਸ ਕਿਤਾਬ ਵਿਚ ਪੁਲਿਸ ਦੇ ਟਾਊਟਾ ਅਤੇ ਸਿੱਖਾਂ ਨੂੰ ਗ੍ਰਿਫ਼ਤਾਰ ਕਰਵਾਉਣ ਵਾਲਿਆਂ ਬਾਰੇ ਵੀ ਅਹਿਮ ਜਾਣਕਾਰੀ ਪੇਸ਼ ਕੀਤੀ ਗਈ ਹੈ। ਲੇਖਕ ਨੇ ਇਸ ਕਿਤਾਬ ਨੂੰ ਇਸ ਸਾਦੇ ਅਤੇ ਪੇਂਡੂ ਤਰੀਕੇ ਨਾਲ ਲਿਖਿਆ ਸੀ ਜਿਸ ਨੂੰ ਉਸੇ ਤਰ੍ਹਾਂ ਹੀ ਕਿਤਾਬੀ ਰੂਪ ਨਹੀਂ ਛਾਪਿਆ ਜਾ ਸਕਦਾ ਸੀ। ਇਸ ਕਰ ਕੇ ਮੈਨੂੰ ਇਸ ਵਿਚ ਬਹੁਤ ਹੀ ਸੁਧਾਈ ਕਰਨੀ ਪਈ ਅਤੇ ਕਈ ਜਗਹ ਇਤਿਹਾਸਕ ਗ਼ਲਤੀਆਂ ਨੂੰ ਵੀ ਸੁਧਾਰਨਾ ਪਿਆ। ਪਰ ਇਸ ਦੇ ਬਾਵਜੂਦ ਇਹ ਕਿਤਾਬ ੭੫ ਫ਼ੀਸਦੀ ਤੋਂ ਵੀ ਵਧ ਸ: ਗੁਰਬਚਨ ਸਿੰਘ ਦੀ ਰਚਨਾ ਹੀ ਹੈ।

ਇਸ ਕਿਤਾਬ ਨੂੰ ਖਾਲਸੇ ਜੀ ਦੀ ਤੀਜੀ ਸ਼ਤਾਬਦੀ ਦੇ ਮੌਕੇ ਤੇ ਛਾਪਿਆ ਜਾ ਰਿਹਾ ਹੈ ਤਾਂ ਜੋ ਖਾਲਸੇ ਦੀ ਤਵਾਰੀਖ਼ ਦੇ ਇਨ੍ਹਾਂ ਹੀਰਿਆਂ ਬਾਰੇ ਵਾਕਫ਼ੀ ਨੂੰ ਵੀ ਲੋਕਾਂ ਤਕ ਪਹੁੰਚਾਇਆ ਜਾ ਸਕੇ। ਉਮੀਦ ਹੈ ਪਾਠਕ ਇਸ ਨੂੰ 'ਜੀ ਆਇਆਂ' ਆਖਣਗੇ ਅਤੇ ਇਸ ਤੋਂ ਲਾਭ ਉਠਾਉਣਗੇ।

ਮਾਰਚ ੧੯੯੯, ਅੰਮ੍ਰਿਤਸਰ ਡਾ: ਹਰਜਿੰਦਰ ਸਿੰਘ ਦਿਲਗੀਰ

# ਬਬਰ ਅਕਾਲੀ ਲਹਿਰ

ਪੰਜਾਬ (ਪੰਜ+ਆਬ) ਇਕ ਛੋਟਾ ਜਿਹਾ ਸੂਬਾ ਹੈ, ਇਸ ਵਿਚ ਦੁਆਬਾ (ਜਿਸ ਦਾ ਅਸਲ ਨਾਮ ਬਿਸਤ-ਦੁਆਬ ਹੈ) ਇਕ ਖੁਸ਼ਹਾਲ ਤੇ ਬਾਰੌਣਕ ਆਬਾਦ ਇਲਾਕਾ ਹੈ। ਬਹਾਦਰੀ (ਸੂਰਬੀਰਤਾ) ਇਸ ਦੁਆਬੇ ਵਿਚ ਕਦੀਮ ਜ਼ਮਾਨੇ ਤੋਂ ਕੁਦਰਤਨ ਪਾਈ ਜਾਂਦੀ ਹੈ।

ਅੰਗਰੇਜ਼ੀ ਕਬਜ਼ੇ ਤੋਂ ਬਾਅਦ ਸ਼ੇਰ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦੇ ਸੂਰਬੀਰ ਸਿਪਾਹੀ ਆਪੋ ਆਪਣੇ ਘਰ ਟੁਰ ਗਏ, ਜਿਨ੍ਹਾਂ ਵਿੱਚੋਂ ਇਕ ਇਹ ਸ਼ੇਰ ਬਹਾਦਰ ਸ: ਦੂਲਾ ਸਿੰਘ ਜੀ ਹਿਆਤਪੁਰ ਰੁੜਕੀ (ਹੁਸ਼ਿਆਰਪੁਰ) ਵੀ ਸਨ। ਆਜ਼ਾਦੀ ਦੇ ਚਾਹਵਾਨ ਸ: ਦੂਲਾ ਸਿੰਘ ਜੀ ਨੇ ਸ਼ੁਰੂ ਸੰਨ ੧੯੦੦ ਵਿਚ ਸਾਧੜੇ (ਹੁਸ਼ਿਆਰਪੁਰ) ਵਿਖੇ ਦੀਵਾਨ ਰੱਖਿਆ, ਮੌਜੂਦਾ ਹਕੂਮਤ ਦੇ ਹਾਲਾਤ 'ਤੇ ਰੌਸ਼ਨੀ ਪਾਈ ਤੇ ਬਾਬਾ ਦੀਪ ਸਿੰਘ ਜੀ ਸ਼ਹੀਦ ਦੇ ਸ਼ਹੀਦੀ ਜਥੇ ਨੂੰ ਮੁੜ ਕਾਇਮ ਕੀਤਾ ਤੇ ਜਿਸ ਦਾ ਨਾਮ 'ਨਿਰਵੈਰ ਸੇਵਕ ਸ਼ਹੀਦ ਜਥਾ ਦੁਆਬਾ' ਰੱਖਿਆ, ਜਿਸ ਦੇ ਜਥੇਦਾਰ ਬਾਬਾ ਦਲੀਪ ਸਿੰਘ ਜੀ ਨੀਯਤ ਕੀਤੇ ਗਏ। ਜਥੇ ਨੇ ਸਮੇਂ ਅਨੁਸਾਰ ਕੰਮ ਸ਼ੁਰੂ ਕਰ ਦਿੱਤਾ।

ਆਜ਼ਾਦੀ ਵਾਸਤੇ ਲੜਨ ਵਾਲੇ ਪਤੰਗੇ ਨਿਰਲੋਭ ਤੇ ਨਿਰਮਾਣ ਹੀ ਅਕਸਰ ਹੋਇਆ ਕਰਦੇ ਹਨ। ਉਨ੍ਹਾਂ ਵਿਚ ਨਾ ਭੇਖੀ ਸਾਧੂਆਂ ਵਾਲਾ ਪਾਖੰਡ ਤੇ ਨਾ ਤਨਖ਼ਾਹਦਾਰ ਸਿਪਾਹੀਆਂ ਵਾਲਾ ਲਾਲਚ, ਇਸ ਵਾਸਤੇ ਉਕਤ ਜਥੇ ਦੇ ਮੈਂਬਰਾਂ ਨੇ ਵੀ ਵਧ ਚੜ੍ਹ ਕੇ ਨਿਸ਼ਕਾਮ ਕੁਰਬਾਨੀਆਂ ਕੀਤੀਆਂ (੧੯੦੭, ੧੯੧੪-੧੫ ਤੇ ੧੯੨੦-੨੧, ੧੯੨੨-੨੩ ਦਾ ਗ਼ਦਰ ਆਦਿ) ਕਿਉਂਕਿ ਦੇਸ਼ ਨੂੰ ਆਜ਼ਾਦ ਕਰਵਾਉਣ ਦੀ ਸਪਿਰਿਟ ਇਨ੍ਹਾਂ ਕੌਮੀ ਸੇਵਕਾਂ ਵਿਚ ਕੁੱਟ-ਕੁੱਟ ਕੇ ਭਰੀ ਹੋਈ ਸੀ।

**ਰੌਲਟ ਐਕਟ**

ਪਹਿਲੀ ਵੱਡੀ ਜੰਗ (੧੯੧੪-੧੮) ਦੀ ਸੁਲ੍ਹਾ ਦੇ ਮਗਰੋਂ (ਜੋ ਸੰਨ ੧੯੧੯ ਦੇ ੧੧ਵੇਂ ਮਹੀਨੇ, ੧੧ ਤਾਰੀਖ਼, ੧੧ ਵਜੇ, ੧੧ ਮਿੰਟ ਤੇ ੧੧ ਸੈਕਿੰਡ 'ਤੇ ਖ਼ਤਮ ਹੋਈ ਸੀ) ਬਜਾਏ ਹਿੰਦੁਸਤਾਨ ਨੂੰ ਆਜ਼ਾਦ ਕਰਨ ਦੇ ਉਲਟਾ ਟੈਕਸਾਂ ਦਾ ਬੋਝ ਪਾ ਕੇ ਹਿੰਦੁਸਤਾਨ ਦੀ ਮਾਲੀ ਹਾਲਤ ਨੂੰ ਕੁਚਲਣ ਦਾ ਢੰਗ ਕੱਢ ਮਾਰਿਆ। ਜੰਗ ਸਮੇਂ ਹਿੰਦੁਸਤਾਨ ਨੇ ਇਸ ਵਾਇਦੇ ਉੱਤੇ ਮਦਦ ਦਿੱਤੀ ਸੀ ਕਿ ਜਰਮਨ ਜੰਗ ਤੋਂ ਬਾਅਦ ਹਿੰਦੁਸਤਾਨ ਆਜ਼ਾਦ ਕੀਤਾ ਜਾਵੇਗਾ (ਜਿਸ ਕਰ ਕੇ ਅਣਗਿਣਤ ਹਿੰਦੁਸਤਾਨੀ ਨੌਜਵਾਨ ਤਾਂ ਜੰਗ ਸਮੇਂ ਮੌਤ ਦੇ ਘਾਟ ਲੰਘ ਹੀ ਚੁੱਕੇ ਸਨ)। ਹੁਣ ੧੧ ਮਾਰਚ ੧੯੧੯ ਨੂੰ ਰੌਲਟ ਐਕਟ ਚੁੱਕ ਬਣਾਇਆ। ਸਾਰੇ ਹਿੰਦੁਸਤਾਨ ਵਿਚ ਬੇਚੈਨੀ ਫੈਲ ਗਈ।

## ੧੩ ਅਪ੍ਰੈਲ ੧੯੧੯ ਨੂੰ ਜਲ੍ਹਿਆਂ ਵਾਲਾ ਬਾਗ਼ ਵਿਚ ਕਤਲੇਆਮ

ਪੰਜਾਬ ਵਿਚ ਐਕਟ ਦੇ ਮੁਤੱਲਕ ਬਹੁਤ ਜੋਸ਼ ਫੈਲ ਗਿਆ। ਜਗ੍ਹਾ-ਜਗ੍ਹਾ ਰਾਜਸੀ ਜਲਸੇ ਸ਼ੁਰੂ ਹੋ ਗਏ। ਸਭ ਤੋਂ ਪਹਿਲਾਂ ਇਹ ਕੰਮ ਦੁਆਬੇ ਵਿਚ ਸ਼ਹੀਦ ਭਾਈ ਕਰਮ ਸਿੰਘ ਜੀ 'ਬਬਰ' ਨੇ ਆਪਣੇ ਪਿੰਡ ਦੌਲਤਪੁਰ, ਜਥੇਦਾਰ ਬਾਬਾ ਦਲੀਪ ਸਿੰਘ ਨੇ ਸਾਧੜੇ, ਭਾਈ ਕਰਮ ਸਿੰਘ ਜੀ ਸ਼ਹੀਦ ਝਿੰਗੜ ਨੇ ਆਪਣੇ ਪਿੰਡ ਝਿੰਗੜ, ਖੁਰਦਪੁਰ, ਬੱਡੋਂ, ਰੁੜਕਾ ਕਲਾਂ, ਕੋਟ ਫਤੂਹੀ, ਭਾਈ ਲੱਖਾ ਸਿੰਘ ਜੀ ਤੇ ਸ਼ਹੀਦ ਭਾਈ ਹਰਬੰਸ ਸਿੰਘ ਜੀ ਦੇ ਪਿਤਾ ਪੈਨਸ਼ਨਰ ਸ: ਖੇਮ ਸਿੰਘ ਜੀ ਹਵਾਲਦਾਰ ਨੇ ਪਿੰਡ ਸਰਹਾਲਾ ਖੁਰਦ, ਮਹਿਤਪੁਰ, ਲਦਨੀ, ਬਛੋੜੀ, ਗੜ੍ਹੀ ਕਾਨੂੰਗੋਆਂ ਤੇ ਬਿਲਗਾ ਆਦਿ ਪਿੰਡਾਂ ਵਿਚ ਸ਼ੁਰੂ ਕੀਤਾ। ਪੋਲੀਟੀਕਲ ਲਹਿਰ ਦਿਨੋ-ਦਿਨ ਵਧਦੀ ਗਈ। ਹਕੂਮਤ ਵੱਲੋਂ ਵੀ ਸਖ਼ਤੀਆਂ ਸ਼ੁਰੂ ਹੋ ਗਈਆਂ। ਜਲੰਧਰ ਵਿਚ ਮਾਰ-ਕੁਟਾਈ ਦਾ ਦੌਰ-ਦੌਰਾ ਗਰਮ ਹੋਇਆ ਤੇ ਜਲ੍ਹਿਆਂ ਵਾਲੇ ਬਾਗ਼ (ਅੰਮ੍ਰਿਤਸਰ) ਵਿਚ ਇਕੱਠੇ ਹੋਏ ਨਿਹੱਥੇ ਪੰਜਾਬੀਆਂ 'ਤੇ ੧੩ ਅਪ੍ਰੈਲ ੧੯੧੯ ਨੂੰ ਓਡਵਾਇਰ ਨੇ ਗੋਲੀ ਚਲਵਾ ਦਿੱਤੀ। ਬਲਦੀ ਉੱਤੇ ਤੇਲ ਪਾ ਕੇ ਦੁਖੀ ਹਿੰਦੁਸਤਾਨ ਨੂੰ ਹੋਰ ਦੁਖਾਇਆ, ਨਿਰਵੈਰ ਸੇਵਕ ਸ਼ਹੀਦ ਜਥਾ ਦੁਆਬਾ ਦੇ ਦਿਲ ਉੱਤੇ ਡਾਢੀ ਸੱਟ ਵੱਜੀ।

## ਸਾਜਿਸ਼ ੧੯੨੧

ਉਕਤ ਸਾਕੇ ਹੋਣ 'ਪਰ

(੧) ਮਾਸਟਰ ਮੋਤਾ ਸਿੰਘ ਜੀ।

(੨) ਬਾਬਾ ਦਲੀਪ ਸਿੰਘ 'ਬਬਰ' ਸਾਧੜਾ।

(੩) ਭਾਈ ਕਿਸ਼ਨ ਸਿੰਘ ਜੀ 'ਗੜਗੱਜ', ਬੜਿੰਗ (ਜਲੰਧਰ) ਸਕੱਤਰ ਸ਼੍ਰੋਮਣੀ ਅਕਾਲੀ ਦਲ।

(੪) ਭਾਈ ਤਾਰਾ ਸਿੰਘ ਜੀ ਠੇਠਰ (ਲਾਹੌਰ)

(੫) ਭਾਈ ਤੋਤਾ ਸਿੰਘ ਜੀ (ਪਿਸ਼ਾਵਰ)

(੬) ਭਾਈ ਬੇਲਾ ਸਿੰਘ, ਘੋਲੀਆ (ਫੀਰੋਜ਼ਪੁਰ)

(੭) ਭਾਈ ਨਰੈਣ ਸਿੰਘ, ਚਾਟੀਵਿੰਡ (ਅੰਮ੍ਰਿਤਸਰ)

(੮) ਭਾਈ ਵਤਨ ਸਿੰਘ ਜੀ ਕੈਨੇਡੀਅਨ, ਕਾਹਰੀ (ਹੁਸ਼ਿਆਰਪੁਰ) ਆਦਿ ਉਕਤ ਜਥੇ ਦੇ ਮੈਂਬਰਾਂ ਨੇ ਕਿੰਗ (ਚੀਫ਼ ਕਮਿਸ਼ਨਰ ਲਾਹੌਰ), ਕਰੀ (ਡਿਪਟੀ ਕਮਿਸ਼ਨਰ ਸ਼ੇਖੂਪੁਰਾ), ਬੋਰਿੰਗ (ਸੁਪਰਡੈਂਟ ਸੀ: ਆਈ. ਡੀ.), ਸੁੰਦਰ ਸਿੰਹੁ ਮਜੀਠਾ, ਗੱਜਣ ਸਿੰਘ ਲੁਧਿਆਣਾ, ਮਹੰਤ ਨਰੈਣ ਦਾਸ ਨਾਨਕਾਣਾ ਸਾਹਿਬ, ਮਹੰਤ ਬਸੰਤ ਦਾਸ ਮਾਣਕ, ਕਰਤਾਰ ਸਿੰਘ ਬੇਦੀ, ਬੇਲਾ ਸਿੰਘ ਜਿਆਣ ਆਦਿ ਦੁਸ਼ਟਾਂ ਨੂੰ ਮਾਰਨ ਦੀ ਗੋਂਦ ਗੁੰਦੀ।

ਇਸ ਵੇਲੇ ਮਾਸਟਰ ਮੋਤਾ ਸਿੰਘ ਜੀ ਦਾ ਵਾਰੰਟ ਦਫ਼ਾ ੧੨੪ ਤੇ ੧੫੩ ਹੇਠ ਜਾਰੀ ਹੋ ਚੁੱਕਾ ਸੀ। ਭਾਈ ਕਿਸ਼ਨ ਸਿੰਘ ਜੀ ਗੜਗੱਜ ਸਕੱਤਰ, ਭਾਈ ਬੇਲਾ ਸਿੰਘ ਜੀ ਅਕਾਲੀ ਗੰਡਾ ਸਿੰਹੁ ਤੇ ਸਾਧੂ ਸਿੰਘ ਲਾਹੌਰ (ਜਿਸ ਨੇ ਬਾਅਦ ਵਿਚ

ਕੌਮਪ੍ਰਸਤ ਅਖ਼ਬਾਰ ਕੱਢੀ ਸੀ) ਬੋਰਿੰਗ ਨੂੰ ਮਾਰਨ ਵਾਸਤੇ ਲਾਹੌਰ ਗਏ। ਸਾਧੂ ਸਿੰਘ ਦੀ ਬੇਈਮਾਨੀ ਨਾਲ ਭਾਈ ਬੇਲਾ ਸਿੰਘ ਤੇ ਗੰਡਾ ਸਿੰਘ ਜੋ ਪਿਸਤੌਲਾਂ ਨਾਲ ਸਨਧਬਧ ਸਨ, ਲਾਹੌਰ ਸਟੇਸ਼ਨ 'ਪਰ ੧੩ ਮਈ ੧੯੨੧ ਨੂੰ ਗ੍ਰਿਫ਼ਤਾਰ ਹੋ ਗਏ। ਜਿਨ੍ਹਾਂ ਵਿੱਚੋਂ ਗੰਡਾ ਸਿੰਘ ਵਾਇਦਾ ਮੁਆਫ਼ ਹੋ ਗਿਆ, ਜਿਸ ਕਰ ਕੇ ਸ: ਚੈਂਚਲ ਸਿੰਘ ਜੀ ਕੈਨੇਡੀਅਨ ਜੰਡਿਆਲਾ (ਜਲੰਧਰ), ਭਾਈ ਠਾਕੁਰ ਸਿੰਘ ਜੀ ਭੋਜੋਵਾਲ (ਜਲੰਧਰ), ਬਾਬਾ ਚਤਰ ਸਿੰਘ ਜੇਠੂਵਾਲ (ਅੰਮ੍ਰਿਤਸਰ), ਭਾਈ ਪ੍ਰੇਮ ਸਿੰਘ ਜੀ ਗ੍ਰੰਥੀ ਚੁਮਾਲਾ ਸਾਹਿਬ, ਭਾਈ ਬਿਸ਼ਨ ਸਿੰਘ ਜੀ ਸ਼ੇਰਪੁਰ (ਪਟਿਆਲਾ) ਤੇ ਸਾਧੂ ਸਿੰਘ ਸੂਹੀਆ ਆਦਿ ਮੁਖੀ ਅਕਾਲੀ ਗ੍ਰਿਫ਼ਤਾਰ ਕੀਤੇ ਗਏ।

ਗੰਡਾ ਸਿੰਹੁ ਸਰਲ (ਅੰਮ੍ਰਿਤਸਰ), ਸੁੰਦਰ ਸਿੰਹੁ ਉਰਫ਼ ਸ਼ਾਮ ਸਿੰਹੁ ਕਾਹਰੀ (ਹੁਸ਼ਿਆਰਪੁਰ), ਬੂੜ ਸਿੰਹੁ ਲੁਧੜ ਕਰਮ ਸਿੰਹੁ ਵਾਲੇ (ਸਿਆਲਕੋਟ), ਗੁਰਬਖ਼ਸ਼ ਸਿੰਹੁ ਪਸ਼ੌਰੀ, ਚਤਰ ਸਿੰਹੁ ਉਰਫ਼ ਸੰਤਾ ਸਿੰਹੁ, ਸਰਮੁਖ ਸਿੰਹੁ, ਇਨ੍ਹਾਂ ਛੇ ਆਦਮੀਆਂ ਨੂੰ ਵਾਇਦਾ ਮੁਆਫ਼ ਬਣਾ ਕੇ ਅਕਾਲੀ ਸਾਜ਼ਿਸ਼ ਦਾ ਮੁਕੱਦਮਾ ਜੇ. ਪੀ. ਰੈਸਟ ਦੀ ਅਦਾਲਤ ਲਾਹੌਰ ਵਿਚ ਭਾਈ ਤਾਰਾ ਸਿੰਘ ਜੀ ਠੇਠਰ (ਲਾਹੌਰ), ਭਾਈ ਤੋਤਾ ਸਿੰਘ ਜੀ ਪਸ਼ੌਰੀ, ਭਾਈ ਬੇਲਾ ਸਿੰਘ ਜੀ ਘੋਲੀਆ (ਫ਼ੀਰੋਜ਼ਪੁਰ), ਭਾਈ ਨਰੈਣ ਸਿੰਘ ਚਾਟੀਵਿੰਡ (ਅੰਮ੍ਰਿਤਸਰ), ੨/੩੫ ਸਿੱਖ ਪਲਟਨ ਵਿਚ ਨਾਇਕ ਸਨ ਤੇ ਪਲਟਨ ਵਿੱਚੋਂ ਗ੍ਰਿਫ਼ਤਾਰ ਕੀਤੇ ਗਏ, ਅਮਰ ਸਿੰਘ ਕੋਟ ਬਾਰੇ ਖ਼ਾਂ (ਗੁਜਰਾਂਵਾਲਾ) ਭਾਈ ਪ੍ਰੇਮ ਸਿੰਘ ਜੀ ਚੁਮਾਲਾ ਸਾਹਿਬ ਲਾਹੌਰ ਦੇ ਬਰਖ਼ਿਲਾਫ਼ ੮ ਨਵੰਬਰ ੧੯੨੧ ਨੂੰ ਕੇਸ ਚਲਾਇਆ ਗਿਆ। ਮਾਸਟਰ ਮੋਤਾ ਸਿੰਘ ਜੀ ਅਕਾਲੀ, ਭਾਈ ਕਿਸ਼ਨ ਸਿੰਘ ਜੀ ਚੱਕਰਵਤੀ, ਬਿਜਲਾ ਸਿੰਘ ਘੜੂਆਂ (ਪਟਿਆਲਾ), ਭਾਈ ਗੁਰਬਚਨ ਸਿੰਘ ਜੀ ਕਿਸ਼ਨਪੁਰਾ (ਅੰਬਾਲਾ) ਤੇ ਅਮਰ ਸਿੰਘ ਦਹਿਲਵੀ, ਇਨ੍ਹਾਂ ਪੰਜਾਂ ਨੂੰ ਮਫ਼ਰੂਰ ਕਰਾਰ ਦਿੱਤਾ ਗਿਆ।

ਭਾਈ ਬਿਸ਼ਨ ਸਿੰਘ, ਸਾਧੂ ਸਿੰਘ ਸੂਹੀਆ ਤੇ ਠਾਕੁਰ ਸਿੰਘ ਭੋਜੋਵਾਲ ਨੂੰ ਛੱਡ ਦਿੱਤਾ ਗਿਆ, ਭਾਈ ਚੈਂਚਲ ਸਿੰਘ ਜੀ ਨੂੰ ਜ਼ਮਾਨਤ ਨਾ ਦੇਣ ਕਰ ਕੇ ਇਕ ਸਾਲ ਕੈਦ ਕੀਤਾ ਗਿਆ, ਬਾਬਾ ਚਤਰ ਸਿੰਘ ਜੀ ਬਾਅਦ ਵਿਚ ਛੱਡੇ ਗਏ ਅਤੇ ਭਾਈ ਪਰੇਮ ਸਿੰਘ ਫ਼ਰਦ-ਜੁਰਮ ਲਾਉਣ ਸਮੇਂ ਛੱਡੇ ਗਏ।

ਹੁਕਮ ਸੁਨਾਉਣ ਵੇਲੇ ਭਾਈ ਨਰੈਣ ਸਿੰਘ ਜੀ ਚਾਟੀਵਿੰਡ ਤੇ ਅਮਰ ਸਿੰਘ ਬਰੀ ਕਰ ਦਿੱਤੇ ਗਏ। ਭਾਈ ਤਾਰਾ ਸਿੰਘ ਤੇ ਭਾਈ ਤੋਤਾ ਸਿੰਘ ਜੀ, ਭਾਈ ਬੇਲਾ ਸਿੰਘ ਜੀ ਪੰਜ-ਪੰਜ ਸਾਲ ਕੈਦ ਕਰ ਦਿੱਤੇ ਗਏ।

ਮਾਸਟਰ ਮੋਤਾ ਸਿੰਘ ਜੀ ਇਕ ਸਾਥੀ ਸਿੰਘ ਸਹਿਤ ਜ਼ਰੂਰੀ ਕੰਮ ਦੇ ਕਾਰਨ ੩੧ ਮਈ ਸੰਨ ੧੯੨੧ ਨੂੰ ਚਲੇ ਗਏ। ਭਾਈ ਵਤਨ ਸਿੰਘ ਜੀ ਕਾਹਰੀ (ਸ਼੍ਰੋਮਣੀ ਅਕਾਲੀ ਦਲ ਦਾ ਜਥੇਦਾਰ ਸੀ) ਗ੍ਰਿਫ਼ਤਾਰੀ ਸਮੇਂ ਸਵਰਗ ਸੁਧਾਰ ਗਏ ਸਨ ਅਤੇ ਭਾਈ ਕਿਸ਼ਨ ਸਿੰਘ ਜੀ ਗੜਗੱਜ ਸਕੱਤਰ ਅਕਾਲੀ ਦਲ ੪ ਜੂਨ ੧੯੨੨ ਨੂੰ (ਜਦੋਂ ਆਪ ਨੂੰ ਪੁਲਿਸ ਗ੍ਰਿਫ਼ਤਾਰ ਕਰਨ ਵਾਸਤੇ ਅੰਮ੍ਰਿਤਸਰ ਆਈ) ਮਾਸਟਰ ਸੁੰਦਰ

ਸਿੰਘ ਜੀ ਸਿੱਖ ਲੀਡਰਾਂ ਦੀ ਇਜਾਜ਼ਤ ਲੈ ਕੇ ਮਫ਼ਰੂਰ ਹੋ ਗਏ।

ਸ਼ਹੀਦ ਭਾਈ ਕਰਮ ਸਿੰਘ ਜੀ ਬਬਰ, ਦੌਲਤਪੁਰੀ (ਜਲੰਧਰ) ਕੈਨੇਡਾ ਵਿਚ ਕਾਫ਼ੀ ਸਮਾਂ ਰਹਿ ਚੁੱਕੇ ਸਨ ਤੇ ਦੇਸ਼ ਨਾਲ ਮੁਹੱਬਤ ਕਰਦੇ ਸਨ। ਆਪਣੀ ਤਕੜੀ ਜਾਇਦਾਦ ਨੂੰ ਛੱਡ ਕੇ ਆਪਣੇ ਵਤਨ ਨੂੰ ਵਾਪਿਸ ਆਏ; ਕੌਮ ਦੀ ਸੇਵਾ ਤਨ, ਮਨ ਤੇ ਧਨ ਨਾਲ ਤੇ ਲੈਕਚਰਾਂ ਨਾਲ ਕਰਦੇ ਰਹੇ ਤੇ ਨਾਲ ਹੀ ਇਕ ਕਾਰਖ਼ਾਨਾ ਕ੍ਰਿਪਾਨਾਂ ਤੇ ਸਫ਼ਾ ਜੰਗ ਬਨਾਉਣ ਦਾ ਖੋਲ੍ਹਿਆ। ਆਪ ਜੀ ਦਾ ਵਾਰੰਟ ੧੨੪,੧੫੩ ਹੇਠ ਜਾਰੀ ਹੋ ਗਿਆ ਪਰ ਆਪ ਨੇ ਕੌਮੀ ਸੇਵਾ ਨੂੰ ਮੁੱਖ ਰੱਖ ਕੇ ਜ਼ਾਲਮ ਦੇ ਪਿੰਜਰੇ (ਜੇਲ੍ਹ) ਪੈਣਾ ਮੁਨਾਸਿਬ ਖ਼ਿਆਲ ਨਾ ਕਰ ਕੇ ਚੱਕਰਵਰਤੀ ਮਫ਼ਰੂਰ ਹੋ ਗਏ।

### *ਭਾਈ ਉਦੈ ਸਿੰਘ ਜੀ*

ਇਸ ਬਹਾਦਰ ਸ਼ੇਰ ਮਰਦ ਨੇ ਸ: ਵੀਰ ਸਿੰਘ ਜੀ ਧਾਮ, ਪਿੰਡ ਗੜ੍ਹਗੀਆਂ (ਜ਼ਿਲ੍ਹਾ ਹੁਸ਼ਿਆਰਪੁਰ) ਵਿਖੇ ਜਨਮ ਲਿਆ। ਛੋਟੀ ਉਮਰ ਵਿਚ ਉਰਦੂ ਗੁਰਮੁਖੀ ਵਿੱਦਿਆ ਪ੍ਰਾਪਤ ਕਰ ਕੇ ੧੭-੧੮ ਸਾਲ ਦੀ ਉਮਰ ੨੭ ਨੰਬਰ ਪਲਟਨ ਵਿਚ ਭਰਤੀ ਹੋ ਗਏ। ਜਲ੍ਹਿਆਂ ਵਾਲੇ ਬਾਗ਼ ਤੇ ਨਾਨਕਾਣਾ ਸਾਹਿਬ ਦੇ ਸਾਕੇ ਸਮੇਂ ਆਪ ਨਾ-ਮਿਲਵਰਤਣ ਦੇ ਅਸੂਲ ਅਨੁਸਾਰ ਨੌਕਰੀ ਛੱਡ ਆਏ ਤੇ ਅਕਾਲੀ ਸਜ ਗਏ। ਧਰਮ ਤੇ ਦੇਸ਼ ਖ਼ਾਤਿਰ ਪ੍ਰਚਾਰ ਦੁਆਰਾ ਸੇਵਾ ਕਰਦੇ ਰਹੇ। ਆਪ ਹੋਠੀਆਂ ਗੁਰਦੁਆਰੇ ਦੇ ਮਾਮਲੇ ਸਮੇਂ ਭਾਈ ਕਰਮ ਸਿੰਘ ਜੀ ਸ਼ਹੀਦ ਬਬਰ ਦੇ ਜਥੇ ਵਿਚ ਸ਼ਾਮਿਲ ਹੋ ਕੇ ਹੋਠੀਆਂ ਦੇ ਗੁਰਦੁਆਰੇ ਜਾ ਕੇ ਸੇਵਾ ਕੀਤੀ। ੧੨ ਜਨਵਰੀ ੧੯੨੨ ਨੂੰ 'ਨਿਰਵੈਰ ਸੇਵਕ ਸ਼ਹੀਦ ਜਥਾ ਦੁਆਬਾ' ਵਿਚ ਸ਼ਾਮਿਲ ਹੋ ਕੇ ਅਨੰਦਪੁਰ ਸਾਹਿਬ ਦੇ ਗੁਰਦੁਆਰੇ 'ਤੇ ਕਬਜ਼ਾ ਕੀਤਾ। ਹਰ ਵੇਲੇ ਆਪ ਸੰਤ ਮਤੇ ਵਿਚ ਹੀ ਰਹਿੰਦੇ ਸਨ। ਆਪ ਬਾਲ ਬੱਚੇ, ਘਰ-ਬਾਰ ਤੇ ਕਾਫ਼ੀ ਜਾਇਦਾਦ ਨੂੰ ਤਿਆਗ ਕੇ ਕੌਮੀ ਸੇਵਾ ਦੇ ਮੈਦਾਨ ਵਿਚ ਕੁੱਦ ਪਏ ਤੇ ਤਨ, ਮਨ, ਧਨ ਦੁਆਰਾ ਸੇਵਾ ਕਰ ਕੇ ਜਨਮ ਸਫ਼ਲ ਕਰਨ ਲੱਗ ਪਏ।

### *ਕਰਮ ਸਿੰਘ ਜੀ ਝਿੰਗੜ*

ਭਾਈ ਕਰਮ ਸਿੰਘ ਜੀ ਸ਼ਹੀਦ ਝਿੰਗੜ ਜੋ ਕੈਨੇਡਾ ਵਿੱਚੋਂ ਦੇਸ਼ ਤੇ ਧਰਮ ਦੀ ਸੇਵਾ ਹਿਤ ਵਾਪਿਸ ਆਏ ਹੋਏ ਸਨ ਤੇ ੧੯੧੫ ਤੋਂ ਲੈ ਕੇ ਤਿੰਨ ਸਾਲ ਦੇ ਲੱਗਭਗ ਮੁਲਤਾਨ ਕੈਂਬਲਪੁਰ ਜੇਲ੍ਹਾਂ ਵਿਚ ਰਹਿ ਕੇ ਦੇਸ਼ ਭਗਤੀ ਦਾ ਫ਼ਖ਼ਰ ਹਾਸਿਲ ਕਰ ਰਹੇ ਸਨ। ੧੯੨੦-੨੧ ਨੂੰ ਆਪਣੇ ਪਿੰਡ ਝਿੰਗੜ ਵਿਚ ਰਾਜਸੀ ਦੀਵਾਨ ਲਾਉਣ ਦੇ ਕਾਰਨ ਆਪ ਜੀ ਦੇ ਵਾਰੰਟ ਦਫ਼ਾ ੧੦੭ ਹੇਠ ਜਾਰੀ ਹੋ ਗਏ ਸਨ। ਆਪ ਜੇਲ੍ਹ ਜਾਣਾ ਨਾ-ਪਸੰਦ ਕਰਦੇ ਹੋਏ ੩੦ ਨਵੰਬਰ ਦੇ ਦਿਨ ਚੱਕਰਵਰਤੀ ਹੋ ਗਏ। ਸ਼ਹੀਦ ਭਾਈ ਕਰਮ ਸਿੰਘ ਜੀ ਨੇ (ਮਫ਼ਰੂਰੀ ਦੌਰਾਨ) ਪਿੰਡਾਂ 'ਚ ਪੰਚਾਇਤਾਂ ਕਾਇਮ ਕੀਤੀਆਂ।

### *ਜਥੇਦਾਰ ਬਾਬਾ ਦਲੀਪ ਸਿੰਘ ਪੈਨਸ਼ਨਰ*

ਉਸ ਸਮੇਂ ਬਾਬਾ ਦਲੀਪ ਸਿੰਘ ਜੀ ਸਾਧੜਾ ਜੋ ਮੁੱਦਤ ਤੋਂ ਕੌਮੀ ਸੇਵਾ ਕਰ

ਰਹੇ ਸਨ ਤੇ ਪ੍ਰਚਾਰ ਦੁਆਰਾ ਆਪਣੇ ਕੌਮੀ ਫ਼ਰਜ਼ ਨੂੰ ਪੂਰਾ ਕਰ ਰਹੇ ਸਨ, ਆਪਣੇ ਪਿੰਡ ਸਾਧੜਾ ਵਿਖੇ ਰਾਜਸੀ ਜਲਸੇ 'ਤੇ ਲੈਕਚਰ ਕਰਨ ਦੇ ਜੁਰਮ ਵਿਚ ਆਪ ਜੀ ਦਾ ਵਾਰੰਟ ਦਫ਼ਾ ੧੭ ਬੀ ਹੇਠਾਂ ਜਾਰੀ ਹੋ ਚੁੱਕਾ ਸੀ। ਸ਼ਹੀਦ ਭਾਈ ਕਰਮ ਸਿੰਘ ਜੀ ਨੇ (ਮਫ਼ਰੂਰੀ ਦੌਰਾਨ) ਪਿੰਡਾਂ 'ਚ ਪੰਚਾਇਤਾਂ ਕਾਇਮ ਕੀਤੀਆਂ।

***ਪਹਿਲਾ ਗੁਰਮਤਾ***

ਹੁਣ ਦੁਆਬੇ ਵਿਚ ਇਨ੍ਹਾਂ (ਮਫ਼ਰੂਰ ਚੱਕਰਵਰਤੀਆਂ) ਧਰਮੀ ਤੇ ਕੌਮੀ ਨਿਰਲੋਭ ਸੇਵਕਾਂ ਦਾ ਆਜ਼ਾਦ ਤੌਰ 'ਤੇ ਪ੍ਰਚਾਰ ਸ਼ੁਰੂ ਹੋਇਆ ਤੇ ਆਮ ਜਨਤਾ, ਜੋ ਗੁਲਾਮੀ ਦੀ ਨੀਂਦ ਵਿਚ ਘੂਕ ਸੁੱਤੀ ਪਈ ਸੀ, ਜਾਗ ਪਈ। ਮੌਜੂਦਾ ਹਕੂਮਤ ਦੇ ਬਰਖ਼ਿਲਾਫ਼ ਇਨਕਲਾਬੀ ਲਹਿਰ ਪੈਦਾ ਕਰ ਦਿੱਤੀ ਤੇ ਸਿਵਲ ਨਾ-ਫ਼ੁਰਮਾਨੀ ਸ਼ੁਰੂ ਹੋ ਗਈ।

ਸਖ਼ਤੀਆਂ ਤਾਂ ਹਕੂਮਤ ਵੱਲੋਂ ਪਹਿਲੇ ਹੀ ਸ਼ੁਰੂ ਸਨ, ਪਰ ਹੁਣ ਸੀ. ਆਈ. ਡੀ., ਪੰਜਾਬ ਪੁਲੀਸ ਤੇ ਝੋਲੀ-ਚੁੱਕਾਂ ਵੱਲੋਂ ਡਾਇਰੀਆਂ ਦੇ ਕੇ ਕੌਮ ਸੇਵਕਾਂ ਨੂੰ ਗ੍ਰਿਫ਼ਤਾਰ ਕਰਾਉਣ ਦੀਆਂ ਚਾਲਾਂ ਚਲਣੀਆਂ ਸ਼ੁਰੂ ਹੋ ਗਈਆਂ।

ਭਾਈ ਕਰਮ ਸਿੰਘ ਬਬਰ ਦੌਲਤਪੁਰ, ਭਾਈ ਕਰਮ ਸਿੰਘ ਝਿੰਗੜ, ਜਥੇਦਾਰ ਬਾਬਾ ਦਲੀਪ ਸਿੰਘ ਸਾਧੜਾ, ਭਾਈ ਉਦੇ ਸਿੰਘ ਰਾਮਗੜ੍ਹੀਆ, ਭਾਈ ਧਰਮ ਸਿੰਘ ਤੇ ਸ: ਸੁਰਜਨ ਸਿੰਘ ਹਿਆਤਪੁਰ ਰੁੜਕੀ ਨੇ ਪਿੰਡ ਸਾਧੜਾ ਵਿਖੇ ਇਕੱਠੇ ਹੋ ਕੇ ਇਹ ਗੁਰਮਤਾ ਪਾਸ ਕੀਤਾ ਕਿ ਝੋਲੀ-ਚੁੱਕਾਂ ਦਾ ਸੁਧਾਰ ਕੀਤਾ ਜਾਵੇ ਤੇ ਇਕ ਅਖ਼ਬਾਰ ਜਾਰੀ ਕੀਤੀ ਜਾਵੇ, ਜਿਸ ਦਾ ਨਾਮ ਬਬਰ ਅਕਾਲੀ ਦੁਆਬਾ ਅਖ਼ਬਾਰ ਰੱਖਿਆ ਜਾਵੇ। ਭਾਈ ਉਦੈ ਸਿੰਘ ਨੂੰ ਲਾਹੌਰ ਭੇਜ ਕੇ ਡੁਪਲੀਕੇਟਿੰਗ ਮਸ਼ੀਨ ਮੰਗਵਾਈ ਗਈ। ਕੁਝ ਹੱਦ ਤੀਕ ਤਾਂ ਸ਼ਾਂਤਮਈ ਲਾਭਦਾਇਕ ਹੈ, ਮਗਰ ਹੱਦ ਤੋਂ ਲੰਘ ਕੇ ਕੌਮ ਨੂੰ ਮੁਰਦਾ ਬਣਾ ਦਿੰਦੀ ਹੈ। ਬੀਰਤਾ ਅਤੇ ਜੋਸ਼ ਉਸ ਵਿੱਚੋਂ ਪੰਖ ਲਾ ਕੇ ਉੱਡ ਜਾਂਦੇ ਹਨ। ਕੁਝ ਕਾਲ ਤੋਂ ਲੈ ਕੇ ਸਿੱਖ ਪੰਥ ਤੇ ਕਾਂਗਰਸ ਲੀਡਰਾਂ ਦਾ ਅਜਿਹਾ ਅਸਰ ਹੋ ਚੁੱਕਾ ਸੀ ਕਿ ਸਿੱਖ ਆਪਣੇ ਅਸੂਲਾਂ ਨੂੰ ਭੁੱਲ ਕੇ ਇਸ ਸ਼ਾਂਤਮਈ ਦੀ ਪਾਲਸੀ ਨੂੰ ਇਕ ਧਰਮ ਮੰਨ ਬੈਠੇ ਸਨ। ਇੱਥੋਂ ਤਕ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਤੇ ਦਸਮੇਸ਼ ਪਿਤਾ ਦਾ ਜੀਵਨ ਪੜ੍ਹਨਾ ਸੁਣਨਾ ਭੀ ਬੰਦ ਹੋ ਗਿਆ ਸੀ। ਕੋਈ ਪ੍ਰਚਾਰਕ ਸਿੱਖ ਦੀਵਾਨਾਂ ਵਿਚ ਉਕਤ ਗੁਰੂ ਸਾਹਿਬ ਜੀ ਦਾ ਜੀਵਨ ਸੁਣਾਉਣ ਦਾ ਹੀਆ ਨਹੀਂ ਕਰਦਾ ਸੀ ਕਿਉਂਕਿ ਅਜਿਹਾ ਕਰਨ ਵਾਲੇ ਨੂੰ ਸ਼ਾਂਤੀ ਰੋਗ ਦੇ ਗ੍ਰਸੇ ਹੋਏ ਪੁਰਸ਼ ਸੀ. ਆਈ. ਡੀ. ਜਾਂ ਕਿਸੇ ਰਿਆਸਤ ਦਾ ਚਾਟੜਾ, ਸੋਚੇ ਸਮਝੇ ਤੋਂ ਬਿਨਾਂ ਹੀ ਸੜ-ਬਲ ਜਾਂਦੇ ਸਨ। ਜੋਸ਼ੀਲੇ ਲੈਕਚਰਾਰਾਂ ਉੱਤੇ ਇਹ ਫ਼ਤਵੇ ਤੁਰੰਤ ਲੱਗ ਜਾਂਦੇ ਹਨ, ਬਲਕਿ ਨਿਧੜਕ ਪ੍ਰਚਾਰਕਾਂ ਨੂੰ ਆਮ ਦੀਵਾਨਾਂ ਵਿਚ ਬੋਲਣ ਦੀ ਆਗਿਆ ਹੀ ਨਹੀਂ ਸੀ ਹੁੰਦੀ। ਅਕਾਲੀ ਫੂਲਾ ਸਿੰਘ ਜੀ ਤੇ ਸ: ਹਰੀ ਸਿੰਘ ਜੀ ਨਲਵਾ ਆਦਿ ਬਹਾਦਰ ਸਿੱਖ ਸ਼ਹੀਦਾਂ ਦੇ ਕਾਰਨਾਮੇ ਸੁਣਾਉਣੇ ਤਾਂ ਇਸ ਸਮੇਂ ਔਖੇ ਹੋ ਗਏ ਸਨ। ਇਨ੍ਹਾਂ ਸਾਰੀਆਂ ਗੱਲਾਂ ਨੂੰ ਮੱਦੇ-ਨਜ਼ਰ ਰੱਖਦੇ ਹੋਏ ਕਿ ਕਿਤੇ ਸ਼ਾਂਤਮਈ ਹਿੰਦੂਆਂ ਵਾਂਗ ਸਿੱਖ ਬਹਾਦਰਾਂ ਨੂੰ ਭੀ ਮੁਰਦੇ ਨਾ ਬਣਾ ਦੇਵੇ,

ਮੁੜ ਸਿੱਖ ਇਤਿਹਾਸ ਦਾ ਪ੍ਰਚਾਰ ਪੰਥ ਵਿਚ ਬੀਰ-ਰਸ ਭਰਨ ਲਈ ਅਤੇ ਸ਼ਾਂਤੀ ਰੋਗ ਦੂਰ ਕਰਨ ਹਿਤ ਆਜ਼ਾਦ ਅਖ਼ਬਾਰ ਦੀ ਲੋੜ ਭਾਸੀ।

### *ਆਉਣ ਵਾਲੀਆਂ ਔਕੜਾਂ*

ਚੱਕਰਵਰਤੀਆਂ ਨੂੰ ਇਸ ਵੇਲੇ ਇਹ ਭੀ ਚੰਗੀ ਤਰ੍ਹਾਂ ਪਤਾ ਸੀ ਕਿ ਇਸ ਮੌਕੇ ਜਦ ਕਿ ਹਿੰਦੁਸਤਾਨ ਦਾ ਬੱਚਾ-ਬੱਚਾ ਸ਼ਾਂਤੀ ਦਾ ਸ਼ਰਧਾਲੂ ਹੋ ਚੁੱਕਾ ਸੀ, ਐਸੀ ਜ਼ਿੰਦਾ-ਦਿਲ ਅਖ਼ਬਾਰ ਦੀ ਵਿਰੋਧਤਾ ਭੀ ਲੋਕਾਂ ਨੇ ਰੱਜ ਕੇ ਕਰਨੀ ਹੈ ਅਤੇ ਕੋਈ ਸੁਸਾਇਟੀ ਭੀ ਸਾਡੀ ਪਿੱਠ ਉੱਤੇ ਮਾਇਆ ਦੀ ਮਦਦ ਕਰਨ ਵਾਸਤੇ ਬਿਲਕੁਲ ਨਹੀਂ ਆਉਣੀ ਸੀ ਪਰ ਇਹ ਜਰਨੈਲ ਵਾਹਿਗੁਰੂ ਉੱਤੇ ਭਰੋਸਾ ਰਖਦੇ ਹੋਏ ਜਾਣਦੇ ਸਨ ਕਿ ਜਿਸ ਦਾ ਕਾਰਜ ਹੈ, ਉਹ ਖ਼ੁਦ ਹੀ ਕੋਈ ਅਜਿਹਾ ਵਸੀਲਾ ਬਣਾ ਦੇਵੇਗਾ, ਜਿਸ ਕਰ ਕੇ ਅਖ਼ਬਾਰ ਆਪਣੇ ਮਿਸ਼ਨ ਦਾ ਪ੍ਰਚਾਰ ਨਿਡੱਰ ਹੋ ਕੇ ਕਰੇਗਾ। ਅਸੂਲ ਪ੍ਰਸਤੀ ਇਸੇ ਦਾ ਨਾਮ ਹੈ ਕਿ ਸੇਵਕ ਨੰਗੇ ਧੜ ਮੈਦਾਨ ਵਿਚ ਕੁੱਦਣ ਨੂੰ ਤਿਆਰ ਬੈਠੇ ਸਨ ਤੇ ਕੁੱਦ ਪਏ।

### *(ਸੰਤ) ਕਰਤਾਰ ਸਿੰਹੁ ਵਾਅਦਾ ਮੁਆਫ਼*

ਇਹ ਸ਼ਖ਼ਸ ਮੁਸਲਮਾਨੋਂ ਸਿੰਘ ਸਜਿਆ ਸੀ ਅਤੇ ਬਿਲਕੁਲ ਗੁਣਹੀਨ, ਅਨਪੜ੍ਹ ਤੇ ਮੂੜ੍ਹ ਸੀ। ਅਕਾਲੀ ਲਹਿਰ ਦੇ ਸ਼ੁਰੂ ਹੋਣ ਸਮੇਂ ਇਸ ਨੇ ਭੀ ਕਾਲੀ ਪੱਗ ਬੰਨ੍ਹ ਲਈ ਤੇ ਦੀਵਾਨਾਂ ਵਿਚ ਜਾਣ ਲੱਗ ਪਿਆ। ਪੁਲਿਸ ਨੇ ਮਾਰਚ ੧੯੨੨ ਨੂੰ ਇਸ ਦੇ ਵਾਰੰਟ ਦਫ਼ਾ ੨੦੧ ਹੇਠ ਜਾਰੀ ਕਰ ਦਿੱਤੇ ਤੇ ਇਹ ਕੈਦੋਂ ਡਰ ਕੇ ਲੁਕ ਗਿਆ। ਪਰ ਚੱਕਰਵਰਤੀ ਦੌਰੇ ਦੀਆਂ ਤਕਲੀਫ਼ਾਂ ਨੂੰ ਝਾਗਣਾ ਭੀ ਡਾਢਾ ਔਖਾ ਹੈ। ਅਪ੍ਰੈਲ ਵਿਚ ਹੀ ਇਹ ਆਪਣੇ ਜੁੰਡੀ ਦੇ ਯਾਰ (ਸੰਤ) ਗੁਰਬਖ਼ਸ਼ ਸਿੰਘ ਘੁੜਿਆਲ ਵਾਸੀ ਨੂੰ ਨਾਲ ਲੈ ਕੇ ਉਸ ਦੇ ਰਾਹੀਂ ਥਾਣੇਦਾਰ ਕਾਨ੍ਹ ਸਿੰਘ ਨੂੰ ਜਲੰਧਰ ਮਿਲਿਆ ਤੇ ਪੁਲਿਸ ਦੀ ਸ਼ਰਨ ਲੈ ਕੇ ਵਾਰੰਟ ਵਾਪਿਸ ਕਰਵਾਉਣ ਦੀ ਕੋਸ਼ਿਸ਼ ਕੀਤੀ। ਪੁਲਿਸ ਅਫ਼ਸਰਾਂ ਵੱਲੋਂ ਇਸ ਨੂੰ ਕਿਹਾ ਗਿਆ ਕਿ ਤੇਰਾ ਵਾਰੰਟ ਇਸ ਸ਼ਰਤ ਉੱਤੇ ਅੰਦਰੋਂ-ਅੰਦਰੀ ਵਾਪਿਸ ਲਿਆ ਜਾਵੇਗਾ ਕਿ ਜੇ ਤੂੰ ਭਾਈ ਕਰਮ ਸਿੰਘ ਜੀ ਬਬਰ, ਭਾਈ ਕਰਮ ਸਿੰਘ ਝਿੰਗੜ, ਜਥੇਦਾਰ ਬਾਬਾ ਦਲੀਪ ਸਿੰਘ ਜੀ ਸਾਧੜਾ, ਮਾਸਟਰ ਮੋਤਾ ਸਿੰਘ ਜੀ ਅਕਾਲੀ, ਭਾਈ ਕਿਸ਼ਨ ਸਿੰਘ ਜੀ ਗੜਗੱਜ ਚੱਕਰਵਰਤੀਆਂ ਵਿੱਚੋਂ ਕਿਸੇ ਇਕ ਨੂੰ ਫੜਾ ਦੇਵੇਂ। ਇਸ ਨੇ ਮੰਨ ਲਿਆ ਅਤੇ ਹਲਕਾਏ ਕੁੱਤੇ ਵਾਂਗ ਚੱਕਰਵਰਤੀਆਂ ਮਗਰ ਫਿਰਨ ਲੱਗਾ। ਇਸ ਦੇ ਨਾਲ ਥਾਣੇਦਾਰ ਕਾਹਨ ਸਿੰਘ ਦਿੱਤਾ ਗਿਆ। ਇਨ੍ਹਾਂ ਦੇ ਠਹਿਰਨ ਦਾ ਵੱਡਾ ਅੱਡਾ ਗੁਰਬਖ਼ਸ਼ ਸਿੰਘ ਘੁੜਿਆਲ ਦਾ ਬੁੰਗਾ ਹੀ ਸੀ। ਇਸ ਨੇ ਲੱਗਭਗ ਦੋ ਮਹੀਨੇ ਸਿਰਤੋੜ ਕੋਸ਼ਿਸ਼ ਕੀਤੀ ਪਰ ਬਦਕਿਸਮਤੀ ਦੇ ਕਾਰਨ ਇਹ ਪਾਪੀ ਕਾਮਯਾਬ ਨਾ ਹੋਇਆ ਅਤੇ ਵਾਅਦਾ ਨਾ ਪੂਰਾ ਕਰਨ ਦੇ ਕਾਰਨ ਪੁਲਿਸ ਨੇ ਇਸ ਨੂੰ ੨੭ ਜੂਨ ੧੯੨੨ ਨੂੰ ਦਫ਼ਾ ੧੦੭ ਹੇਠ ਫੇਰ ਗ੍ਰਿਫ਼ਤਾਰ ਕਰ ਲਿਆ ਤੇ ਅਬਦੁਲ ਫਤਾਹ ਨੇ ੧ ਸਾਲ ਮਹਿਜ਼ ਕੈਦ ਕੀਤੀ ਪਰ ਇਹ ਕਿੱਥੇ ਕੈਦ ਕੱਟ ਸਕਦਾ ਸੀ, ਤਿੰਨ ਮਹੀਨੇ ਬਾਅਦ ਚੱਕਰਵਰਤੀਆਂ

ਨੂੰ ਫੜਾਉਣ ਦਾ ਫੇਰ ਇਕਰਾਰ ਕਰ ਕੇ ਤੇ ਮੁਆਫ਼ੀ ਮੰਗ ਕੇ ਆਇਆ। ਡਿਪਟੀ ਕਮਿਸ਼ਨਰ ਜਲੰਧਰ ਨੇ ਇਸ ਨੂੰ ਫੇਰ ਮੌਕਾ ਦਿੱਤਾ। ਇਸੇ ਸਮੇਂ ਮਾਰਚ ੧੯੨੨ ਵਿਚ ਚੱਕਰਵਰਤੀਆਂ ਦੇ ਇਨਾਮ ਸੀ. ਆਈ. ਡੀ. ਪੰਜਾਬ ਵੱਲੋਂ ਛਾਪ ਕੇ ਹਰ ਥਾਂ ਵੰਡੇ ਗਏ ਸਨ।

ਉਨ੍ਹਾਂ ਹੀ ਦਿਨਾਂ ਵਿਚ ਤਕੜੇ-ਤਕੜੇ ਨਿਰਲੋਭ ਤੇ ਨਿਸ਼ਕਾਮ ਅਕਾਲੀਆਂ ਦਾ ਇਕ ਖ਼ੁਫ਼ੀਆਂ ਜਥਾ ਕਾਇਮ ਹੋਇਆ। ੨੦ ਮਈ ੧੯੨੨ ਨੂੰ ਹਰਨਾਮ ਸਿੰਘ ਸਫ਼ੈਦਪੋਸ਼ ਮਹਦੀਪੁਰ (ਜਲੰਧਰ) ਦੇ ਅੰਗ ਕੱਟਣ ਲਈ ਭਾਈ ਹਜ਼ਾਰਾ ਸਿੰਘ ਵਲਦ ਸ: ਇੰਦਰ ਸਿੰਘ ਜੀ ਮਡੇਰ, ਭਾਈ ਛੱਜਾ ਸਿੰਘ ਅਕਾਲੀ ਮਸਾਣੀਆਂ, ਭਾਈ ਅਮਰ ਸਿੰਘ ਜੀ ਅਕਾਲੀ ਸੇਵਕ ਰਾਜੋਵਾਲ ਪੁੱਜੇ। ਕੁਝ ਜ਼ਖ਼ਮ ਤਾਂ ਉਸ ਨੂੰ ਲੱਗੇ ਪਰ ਅੰਗ ਭੰਗ ਨਾ ਹੋਇਆ।

*ਗ੍ਰਿਫ਼ਤਾਰੀਆਂ*

ਮਈ ੧੯੨੨ ਵਿਚ ਭਾਈ ਕਿਸ਼ਨ ਸਿੰਘ ਜੀ ਤੇ ਸਾਥੀ ਭਾਈ ਸੁੰਦਰ ਸਿੰਘ ਜੀ ਮਖ਼ਸੂਦਪੁਰ, ਭਾਈ ਅਰਜਨ ਸਿੰਘ ਜੀ ਪਾਸ ਪਿੰਡ ਸੂੰਢ ਗਏ। ਇਤਫ਼ਾਕਨ ਅੱਗੇ ਪੁਲਿਸ ਆਈ ਹੋਈ ਸੀ। ਭਾਈ ਅਰਜਨ ਸਿੰਘ ਜੀ ਸੂੰਢ ਭਾਈ ਸੁੰਦਰ ਸਿੰਘ ਜੀ ਮਖ਼ਸੂਦਪੁਰ ਦੋਵੇਂ ਗ੍ਰਿਫ਼ਤਾਰ ਕੀਤੇ ਗਏ। ਭਾਈ ਕਿਸ਼ਨ ਸਿੰਘ ਜੀ ਬਚ ਕੇ ਨਿਕਲ ਗਏ।

ਭਾਈ ਸੁੰਦਰ ਸਿੰਘ ਜੀ ਤੇ ਭਾਈ ਅਰਜਨ ਸਿੰਘ ਸੂੰਢ ਦਾ ਮੁਕੱਦਮਾ ਮਿਸਟਰ ਅਬਦੁਲ ਫ਼ਤਾਹ ਦੀ ਅਦਾਲਤ ਵਿਚ ਲਾਇਆ ਗਿਆ। ਭਾਈ ਸੁੰਦਰ ਸਿੰਘ ਨੂੰ ੧੯ ਮਹੀਨੇ ਕੈਦ ਤੇ ੧੦੦ ਰੁਪਏ ਜੁਰਮਾਨਾ ਤੇ ਭਾਈ ਅਰਜਨ ਸਿੰਘ ਅਕਾਲੀ ਨੂੰ ੬ ਮਹੀਨੇ ਕੈਦ ਦਿੱਤੀ ਗਈ। (ਭਾਈ ਦਲੀਪ ਸਿੰਘ ਜਥੇਦਾਰ ਸਾਧੜਾ, ਜੋ ਛੋਟੀ ਉਮਰ ਤੋਂ ਹੀ ਮੁਲਕ ਦੀ ਆਜ਼ਾਦੀ ਦੀ ਸੇਵਾ ਵਿਚ ਲੱਗੇ ਹੋਏ ਸਨ, ਤਨ, ਮਨ, ਧਨ ਤੇ ਪ੍ਰਚਾਰ ਦੁਆਰਾ ਕੌਮੀ ਫ਼ਰਜ਼ ਨੂੰ ਪੂਰਾ ਕਰ ਰਹੇ ਸਨ, ਘਰ-ਬਾਰ ਤੇ ਪੈਨਸ਼ਨ ਦੀ ਕੁਝ ਪ੍ਰਵਾਹ ਨਾ ਕਰਦੇ ਹੋਏ, ਹੁਣ ਜਾਨ ਉੱਤੇ ਖੇਡਣ ਲਈ ਤਿਆਰ ਸਨ)। ੨੯ ਮਈ ੧੯੨੨ ਨੂੰ ਕਾਕਾ ਨੰਬਰਦਾਰ ਬਛੜੀ (ਹੁਸ਼ਿਆਰਪੁਰ) ਰਲਾ ਤੇ ਦਿਤੂ ਕੌਲਪੁਰ (ਹੁਸ਼ਿਆਰਪੁਰ) ਦੀ ਬੇਈਮਾਨੀ ਨਾਲ ਗ੍ਰਿਫ਼ਤਾਰ ਕੀਤੇ ਗਏ। ਮੈਜਿਸਟਰੇਟ ਮਖ਼ਦੂਮ, ਜ਼ਿਲ੍ਹਾ ਹੁਸ਼ਿਆਰਪੁਰ ਦੀ ਅਦਾਲਤ ਵਿੱਚੋਂ ੧੬ ਜੂਨ ੧੯੨੨ ਨੂੰ ੧੭ ਬੀ ਹੇਠ ਇਸ ਸਾਲ ਕੈਦ ਕੀਤੇ ਗਏ।

ਇਸੇ ਦੌਰਾਨ ਵਿਚ ਮਾਸਟਰ ਮੋਤਾ ਸਿੰਘ ਜੀ ਅਕਾਲੀ ਜੋ ਉਨ੍ਹੀਂ ਦਿਨੀਂ ਇਕ ਕਿਤਾਬ ਲਿਖ ਰਹੇ ਸਨ, ਉਹ ਕਿਤਾਬ ਨੂੰ ਪੂਰਾ ਕਰਨ ਤੋਂ ਪਹਿਲੇ ਹੀ ੬ ਜੂਨ ੧੯੨੨ ਨੂੰ ਪ੍ਰੀਤਮ ਸਿੰਘ ਮਸਤ ਸ਼ਿਹੌਰ (ਪਟਿਆਲਾ), ਅਰਜਨ ਸਿੰਘ ਵਲਦ ਚੜਤ ਸਿੰਘ ਹਰੀਪੁਰ (ਜਲੰਧਰ), ਫ਼ੌਜਾ ਸਿੰਘ ਹੌਲਦਾਰ ਸੀ. ਆਈ. ਡੀ. ਛੱਜਲਵੱਢੀ ਅੰਮ੍ਰਿਤਸਰ ਦੀ ਗ਼ਦਾਰੀ ਨਾਲ ਆਪਣੇ ਪਿੰਡ ਪਤਾਰੇ ਤੋਂ ਗ੍ਰਿਫ਼ਤਾਰ ਹੋ ਗਏ। ਇਨ੍ਹਾਂ ਦੀਆਂ ਗ੍ਰਿਫ਼ਤਾਰੀਆਂ ਨਾਲ ਚੱਕਰਵਰਤੀਆਂ ਦੇ ਦਿਲਾਂ ਉੱਤੇ ਕਰੜੀ ਸੱਟ ਵੱਜੀ।

## ਬਬਰ ਅਕਾਲੀ ਦੁਆਬਾ ਅਖ਼ਬਾਰ

ਪਹਿਲੇ ਗੁਰਮਤੇ ਅਨੁਸਾਰ ਬਬਰਾਂ ਨੇ ਡੁਪਲੀਕੇਟ ਮਸ਼ੀਨ, ਜੋ ਭਾਈ ਉਦੈ ਸਿੰਘ ਜੀ ਨੂੰ ਭੇਜ ਕੇ ਲਾਹੌਰੋਂ ਮੰਗਾਈ ਸੀ, ਉਸ ਦਾ ਨਾਮ 'ਸਫ਼ਰੀ' ਮਸ਼ੀਨ ਰੱਖਿਆ। ਬਾਅਦ ਵਿਚ ਇਕ ਹੋਰ ਮਸ਼ੀਨ ਮੰਗਾਈ, ਗਈ ਜਿਸ ਦਾ ਨਾਂ 'ਉਡਾਰੂ' ਪ੍ਰੈਸ ਰੱਖਿਆ ਸੀ।

੨੦ ਅਗਸਤ ਨੂੰ ਬਬਰ ਅਕਾਲੀ ਦੁਆਬਾ ਅਖ਼ਬਾਰ ਦੇ ਐਡਰੈਸ 'ਤੇ ਪਹਿਲਾ, ਦੂਜਾ ਤੇ ਤੀਜਾ ਪਰਚਾ ਪਿੰਡ ਸਾਧੜੇ ਵਿਚ ੨੧ ਤੇ ੨੨ ਅਗਸਤ ੧੯੨੨ ਨੂੰ ਗੁਰਬਚਨ ਸਿੰਘ ਸਾਧੜੇ ਨੇ ਹੱਥੀਂ ਛਾਪੇ। ਇਸ ਦੇ ਐਡੀਟਰ ਭਾਈ ਕਰਮ ਸਿੰਘ ਜੀ ਬਬਰ ਦੌਲਤਪੁਰ ਸਨ।

੧੯ ਅਗਸਤ ਨੂੰ ਭਾਈ ਕਮਰ ਸਿੰਘ ਜੀ ਝਿੰਗੜ, ਮਾਸਟਰ ਦਲੀਪ ਸਿੰਘ ਗੋਸਲ ਤੇ ਭਾਈ ਕਿਸ਼ਨ ਸਿੰਘ ਜੀ ਬੜਿੰਗ ਚੱਕਰਵਰਤੀ ਮਿੰਟਗੁਮਰੀ ਕੈਂਪ ਜੇਲ੍ਹ ਵਿਚ ਦੇਸ਼ ਭਗਤ ਅਕਾਲੀ ਭਾਈ ਸੁੰਦਰ ਸਿੰਘ ਆਦਿ ਨੂੰ ਮਿਲ ਕੇ ਆਉਂਦਿਆਂ ਹੀ ਬਬਰ ਜੀ ਦਾ ਸੰਦੇਸ਼ਾ ਪੁੱਜਾ ਕਿ ਛੇਤੀ ਤੋਂ ਛੇਤੀ ਭਾਈ ਕਰਮ ਸਿੰਘ ਜੀ ਬਬਰ ਨੂੰ ਮਿਲਣ ਤਾਂ ਕਿ ਮਿਲ ਕੇ ਕਾਰਵਾਈ ਸ਼ੁਰੂ ਕੀਤੀ ਜਾਵੇ। ਇਹ ਸੰਦੇਸ਼ਾ ਦੇਣ ਵਾਲੇ ਨੇ ਭਾਈ ਸਾਹਿਬ ਚੱਕਰਵਰਤੀਆਂ ਨੂੰ ਬਬਰ ਅਕਾਲੀ ਦੁਆਬਾ ਅਖ਼ਬਾਰ ਦੇ ਤਿੰਨ ਪਰਚੇ ਦਿੱਤੇ ਜੋ ੨੦-੨੧-੨੨ ਅਗਸਤ ਨੂੰ ਛਪੇ ਸਨ। ਜਿਵੇਂ ੧੯੧੪ ਵਿਚ ਕੈਨੇਡਾ, ਅਮਰੀਕਾ ਟਾਪੂਆਂ ਤੋਂ ਆਏ ਦੇਸ਼ ਭਗਤਾਂ ਨੂੰ ਸਰਕਾਰ ਅੰਗਰੇਜ਼ਾਂ ਦੇ ਜ਼ੁਲਮ ਦੱਸਣ ਤੋਂ ਦੇਸ਼ ਦੀ ਆਜ਼ਾਦੀ ਹਿਤ ਸੱਚੀ ਆਵਾਜ਼ ਉਠਾਉਣ ਕਰ ਕੇ ਉਸ ਵੇਲੇ ਅਕਾਲ ਤਖ਼ਤ ਸਾਹਿਬ ਦੇ ਸਰਬਰਾਹ ਨੇ ਧਰਮੀ ਪਤੰਗਿਆਂ ਨੂੰ "ਅਸਿੱਖ" ਦਾ ਫ਼ਤਵਾ ਦੇ ਕੇ ਕਾਲਖ਼ ਦਾ ਟਿੱਕਾ ਖੱਟਿਆ ਸੀ। ਇਸੇ ਤਰ੍ਹਾਂ ਬਬਰ ਅਕਾਲੀ ਦੁਆਬਾ ਸ਼ੁਰੂ ਹੋਣ ਸਮੇਂ ਪੰਜਾਬ ਦਰਪਨ ਨੇ ਭੀ ਭਾਵੇਂ ਰੌਲੀ ਪਾਈ ਸੀ ਅਤੇ ਲਿਖ ਮਾਰਿਆ ਸੀ ਕਿ "ਬਬਰ ਅਕਾਲੀ", ਗੁਰਦੁਆਰਾ ਸੁਧਾਰ ਲਹਿਰ ਦੇ ਵਿਰੋਧੀਆਂ ਵੱਲੋਂ ਕੱਢੀ ਗਈ ਹੈ।

ਅਜਿਹਾ ਹੀ ਇਕ ਐਲਾਨ ਅਕਾਲੀ ਦਲ ਵੱਲੋਂ ਵੀ ਕੱਢਿਆ ਗਿਆ ਸੀ, ਪਰ ਬਬਰ ਅਕਾਲੀ ਸੇਵਕ ਖ਼ਾਮੋਸ਼ ਰਹਿ ਕੇ ਆਪਣੇ ਖ਼ਿਆਲ ਦਾ ਪ੍ਰਚਾਰ ਕਰੀ ਗਏ।

## ਬਬਰ ਅਕਾਲੀ ਜਥਾ

ਸੰਦੇਸ਼ਾ ਪੁੱਜਣ 'ਤੇ ਭਾਈ ਕਰਮ ਸਿੰਘ ਜੀ ਝਿੰਗੜ, ਭਾਈ ਕਿਸ਼ਨ ਸਿੰਘ ਜੀ ਤੇ ਮਾਸਟਰ ਦਲੀਪ ਸਿੰਘ ਜੀ ਗੋਸਲ, ਭਾਈ ਕਰਮ ਸਿੰਘ ਜੀ ਬਬਰ ਦੌਲਤਪੁਰ ਤੇ ਭਾਈ ਉਦੈ ਸਿੰਘ ਜੀ ਰਾਮਗੜ੍ਹ ਝੁੰਗੀਆਂ ਨੂੰ ਮਿਲੇ। ਪਹਿਲੇ ਜਥੇ (ਨਿਰਵੈਰ ਸੇਵਕ ਸ਼ਹੀਦ ਜਥਾ ਦੁਆਬਾ) ਦਾ ਨਾਮ ਬਬਰ ਅਕਾਲੀ ਜਥਾ ਦੁਆਬਾ ਰੱਖਿਆ ਗਿਆ ਤੇ ਭਰਤੀ ਜਾਰੀ ਕੀਤੀ ਗਈ ਪਰ ਸਕੀਮ ਉਹੀ ਜਾਰੀ ਰੱਖੀ ਗਈ ਜੋ ਝੋਲੀ-ਚੁੱਕਾਂ ਕੇ ਸੁਧਾਰ ਸਬੰਧੀ ਪਹਿਲੇ ਗੁਰਮਤੇ ਅਨੁਸਾਰ ੧੩ ਅਪ੍ਰੈਲ ੧੯੨੨ ਨੂੰ

ਬਣਾਈ ਗਈ ਸੀ।

ਬਬਰ ਅਕਾਲੀ ਦੁਆਬਾ ਅਖ਼ਬਾਰ ਦੇ ਐਡੀਟਰ ਭਾਈ ਕਰਮ ਸਿੰਘ ਜੀ (ਜੋ ਪਹਿਲੇ ਬਬਰ ਸਨ) ਤੇ ਲਿਖਾਰੀ ਭਾਈ ਧੰਨਾ ਸਿੰਘ ਜੀ, ਭਾਈ ਕਿਸ਼ਨ ਸਿੰਘ ਜੀ, ਮਾਸਟਰ ਦਲੀਪ ਸਿੰਘ ਜੀ ਗੋਸਲ (ਜੋ ਖਾਨਖ਼ਾਨਾ ਜ਼ਿਲ੍ਹਾ ਜਲੰਧਰ ਦੇ ਸਿੱਖ ਸਕੂਲ ਵਿਚ ਬੱਚਿਆਂ ਨੂੰ ਵਿੱਦਿਆ ਪੜ੍ਹਾ ਕੇ ਉਨ੍ਹਾਂ ਦੇ ਅੰਦਰ ਕੌਮੀ ਸਪਿਰਟ ਭਰ ਰਹੇ ਸਨ। ਆਪ ਜੀ ਦਾ ਧਾਰਮਿਕ ਅਤੇ ਦੇਸ਼ ਨਾਲ ਪੂਰਾ-ਪੂਰਾ ਪ੍ਰੇਮ ਸੀ, ਜਿਸ ਕਰ ਕੇ ਆਪਣੇ ਸਕੂਲ ਦੇ ਕੰਮ ਤੋਂ ਵੇਹਲਾ ਸਮਾਂ ਕੱਢ ਕੇ ਪਿੰਡਾਂ ਵਿਚ ਲੈਕਚਰ ਦੇਣੇ ਸ਼ੁਰੂ ਕਰ ਦਿੱਤੇ। ਆਪ ਜੀ ਦਾ ਵਾਰੰਟ ਦਫ਼ਾ ੧੨੪-੧੫੩ ਹੇਠ; ਸ਼ੁਰੂ ੧੯੨੨ ਤੋਂ, ਜਾਰੀ ਹੋ ਚੁੱਕੇ ਸਨ। ਇਸ ਸਮੇਂ ਆਪ ਬਬਰ ਅਕਾਲੀ ਜਥੇ ਵਿਚ ਸ਼ਾਮਿਲ ਹੋ ਗਏ, ਨੀਯਤ ਕੀਤੇ ਗਏ ਤੇ ਕੰਮ ਕਰਦੇ ਰਹੇ ਅਤੇ ਅਖ਼ਬਾਰ ਤੇ ਲੈਕਚਰ ਦੁਆਰਾ ਦੁਆਬੇ ਵਿਚ ਪ੍ਰਚਾਰ ਹੁੰਦਾ ਰਿਹਾ। ਇਸੇ ਸਮੇਂ ਦੇਸ਼ ਘਾਤੀਆਂ ਨੂੰ ਪਹਿਲੇ ਦੋ ਤਰੀਕਿਆਂ ਤੋਂ ਇਲਾਵਾ ਤਾੜਨਾ ਭੀ ਕੀਤੀ ਗਈ ਕਿ ਉਹ ਕੁਕਰਮ ਛੱਡ ਦੇਣ ਤੇ ਕੌਮ ਦਾ ਸਾਥ ਨਿਭਾਉਣ। ਕਈ ਤਾਂ ਸਮਝ ਗਏ ਪਰ ਜਿਹੜੇ ਝੋਲੀ-ਚੁੱਕ ਬਹੁਤ ਢੀਠ ਹੋ ਕੇ ਕੌਮ, ਦੇਸ਼ ਤੇ ਧਰਮ ਨੂੰ ਫ਼ਾਰਖਤੀ ਦੇ ਚੁੱਕੇ ਸਨ, ਉਹ ਨਾ ਸਮਝੇ ਤੇ ਗ਼ਦਾਰੀ ਕਰਦੇ ਰਹੇ।

### *ਇਕ ਹੋਰ ਗ੍ਰਿਫ਼ਤਾਰੀ*

ਗਿ: ਭਾਈ ਕਰਤਾਰ ਸਿੰਘ ਗੋਂਦਪੁਰ ਆਪਣੇ ਆਪ ਨੂੰ ਇਸ ਜਥੇ ਵਿਚ ਕੰਮ ਕਰਨ ਦੇ ਕਾਬਿਲ ਨਾ ਸਮਝਦੇ ਹੋਏ ਆਪਣੀ ਖ਼ੁਸ਼ੀ ਨਾਲ ੨੦ ਜੁਲਾਈ ੧੯੨੨ ਨੂੰ ਹੁਸ਼ਿਆਰਪੁਰ ਡਿਪਟੀ ਕਮਿਸ਼ਨਰ ਦੇ ਖ਼ੁਦ ਪੇਸ਼ ਹੋ ਗਏ।

### *ਦੂਜਾ ਮਤਾ*

ਅਖ਼ੀਰ ਸਤੰਬਰ ੧੯੨੨ ਵਿਚ ਫ਼ੌਜ ਬਾਬਾ ਠਾਕਰ ਜੀ ਦੀ ਕੁਟੀਆ ਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ, ਭਾਈ ਕਰਮ ਸਿੰਘ ਜੀ, ਭਾਈ ਕਰਮ ਸਿੰਘ ਜੀ ਝਿੰਗੜ, ਭਾਈ ਕਿਸ਼ਨ ਸਿੰਘ ਜੀ, ਮਾਸਟਰ ਦਲੀਪ ਸਿੰਘ ਜੀ ਗੋਸਲ, ਬਾਬੂ ਸੰਤਾ ਸਿੰਘ ਜੀ ਨਿਧੜਕ (ਹਰਿਓਂ, ਲੁਧਿਆਣਾ), ਮਹਿਤਾਬ ਸਿੰਘ ਉਰਫ਼ ਘਾਸਾ ਸਿੰਹ ਨੇ ਮਿਲ ਕੇ ਗੁਰਮਤਾ ਕੀਤਾ ਕਿ ਅਰਜਨ ਸਿੰਘ ਪਟਵਾਰੀ ਹਰੀਪੁਰ (ਜਿਸ ਨੇ ਮਾਸਟਰ ਜੀ ਨੂੰ ਗ੍ਰਿਫ਼ਤਾਰ ਕਰਾਇਆ ਸੀ) ਦਾ ਕਤਲ ਕੀਤਾ ਜਾਵੇ। ਉਸੇ ਦਿਨ ਭਾਈ ਕਰਮ ਸਿੰਘ ਜੀ, ਭਾਈ ਉਦੇ ਸਿੰਘ ਜੀ ਰਾਮਗੜ੍ਹ ਝੁੰਗੀਆਂ ਨੇ ਆਪਣੇ ਆਪ ਮਨਜ਼ੂਰ ਕੀਤਾ ਤੇ ਕਮਰਕੱਸੇ ਕਰ ਕੇ ਆਪ ਹਰੀਪੁਰ ਤਲਾਸ਼ ਕਰਦੇ ਹੋਏ ਜਲੰਧਰ ਸ਼ਹਿਰ ਸੂਹ ਪਾ ਕੇ ਪੁੱਜੇ, ਪਰ ਅਰਜਨ ਸਿੰਘ ਦਾ ਪਤਾ ਉੱਥੇ ਵੀ ਨਾ ਲੱਗਾ। ਤਿੰਨ ਚਾਰ ਦਿਨ ਇਧਰ-ਉਧਰ ਢੂੰਡ ਭਾਲ ਕਰ ਕੇ ਸ਼ੇਰ-ਜੋੜੀ ਵਾਪਿਸ ਗਈ।

### *ਫ਼ੌਜੀਆਂ ਉੱਤੇ ਪ੍ਰਚਾਰ ਦਾ ਅਸਰ*

ਬਬਰ ਅਕਾਲੀ ਦੁਆਬਾ ਅਖ਼ਬਾਰ ਦੇ ਪਰਚੇ ਫ਼ੌਜਾਂ ਅਤੇ ਪਬਲਿਕ ਵਿਚ ਮੁਫ਼ਤ

ਵੰਡੇ ਜਾਂਦੇ ਸਨ। ਪਰਚੇ ਨੇ ਫ਼ੌਜੀਆਂ ਵਿਚ ਪ੍ਰਚਾਰ ਕਰ ਕੇ ਉਨ੍ਹਾਂ ਦੇ ਦਿਲਾਂ ਨੂੰ ਖਿੱਚ ਲਿਆ ਸੀ, ਜਿਸ ਕਰ ਕੇ ਫ਼ੌਜੀਆਂ ਵੱਲੋਂ ਬਹੁਤ ਚਿੱਠੀਆਂ ਬਬਰ ਅਕਾਲੀਆਂ ਕੋਲ ਪੁੱਜਦੀਆਂ ਸਨ। ਇਨ੍ਹਾਂ ਵਿੱਚੋਂ ਨਮੂਨੇ ਦੇ ਤੌਰ ਉੱਤੇ ਦੋ ਪੱਤਰ, ਜੋ ਡਿਪਟੀ ਕਮਿਸ਼ਨਰ ਤੇ ਫ਼ੌਜੀਆਂ ਦੀ ਗੱਲਬਾਤ ਦੇ ਸਬੰਧ ਵਿਚ ਸਨ, ੮ ਦਸੰਬਰ ਤੇ ੧੨ ਜਨਵਰੀ ਦੇ ਬਬਰ ਅਕਾਲੀ ਪਰਚਿਆਂ ਵਿਚ ਛਾਪੇ ਗਏ ਸੀ। ਫ਼ੌਜੀ ਕਈ ਤਾਂ ਇਮਦਾਦ ਕਰਨ ਨੂੰ ਤਿਆਰ ਸਨ ਕਿਉਂਕਿ ਚੱਕਰਵਰਤੀ ਖ਼ੁਦ ਵੀ ਮੁਨਾਸਿਬ ਸਮੇਂ 'ਤੇ ਸਹੀ ਥਾਂ 'ਤੇ ਫ਼ੌਜੀ ਸਿੰਘਾਂ ਨੂੰ ਮਿਲ ਕੇ ਆਪ ਦੇਸ਼ ਦੀ ਸੇਵਾ ਕਰਨ ਹਿਤ ਪ੍ਰੇਰਨਾ ਕੀਤਾ ਕਰਦੇ ਸਨ। ਇਨ੍ਹਾਂ ਦੇ ਪਰਚੇ ਦੇ ਅਸਰ ਨਾਲ ਫ਼ੌਜੀਆਂ ਨੇ ਬਬਰ ਅਕਾਲੀਆਂ ਨੂੰ ਰਾਈਫ਼ਲਾਂ, ਰੀਵਾਲਵਰ ਤੇ ਕਾਰਤੂਸ ਤੇ ਕਾਫ਼ੀ ਬੰਬ ਦਿੱਤੇ ਸੀ। ਉਹ ਜਥੇ ਵਿਚ ਮਿਲਣ ਦੀ ਖ਼ਾਹਿਸ਼ ਵੀ ਜ਼ਾਹਿਰ ਕਰਦੇ ਰਹੇ।

### *ਮਾਇਆ*

ਬਬਰ ਅਕਾਲੀ ਜਥੇ ਦਾ ਮੁਖ-ਮੰਤਵ ਦੇਸ਼, ਧਰਮ ਤੇ ਪੰਥ ਦੀ ਸੇਵਾ ਸੀ ਅਤੇ ਡਾਕੇ ਮਾਰ ਕੇ ਪੈਸਾ ਇਸ ਕੰਮ ਯਾ ਘਰ ਵਾਸਤੇ ਇਕੱਠਾ ਕਰਨਾ, ਗੁਨਾਹ ਸਮਝਦੇ ਸਨ। ਅਖ਼ਬਾਰ ਦਾ ਖ਼ਰਚ ਤੇ ਹਥਿਆਰ ਜੋ ਖਰੀਦੇ ਜਾਂਦੇ ਸੀ, ਉਹ ਕੇਵਲ ਉਸ ਰੁਪਏ ਵਿੱਚੋਂ ਸਨ, ਜੋ ਚੱਕਰਵਰਤੀਆਂ ਨੂੰ ਦਾਤਿਆਂ ਵੱਲੋਂ ਦੋਸਤਾਨਾ ਤੌਰ ਉੱਤੇ ਸਹਾਇਤਾ ਵਜੋਂ ਮਿਲਦੇ ਸੀ। ਇਸ ਮੌਕੇ ਤੇ ਬੰਦੂਕਾਂ ਤੇ ਕੁਝ ਬੰਬ ਅਤੇ ੬-੭ ਰੀਵਾਲਵਰ ਜਥੇ ਪਾਸ ਮੌਜੂਦ ਸਨ। ਸਿਵਾਏ ਬੰਬਾਂ ਦੇ (ਜੋ ਫ਼ੌਜੀਆਂ ਤੋਂ ਮਿਲਦੇ ਸਨ ਅਤੇ ਅਪਣੇ ਬਣਾਏ ਹੋਏ ਵੀ ਸਨ) ਬਾਕੀ ਦੀਆਂ ਕਿਰਪਾਨਾਂ ਤੇ ਹਥਿਆਰ ਸਭ ਉਸ ਪੈਸੇ ਵਿੱਚੋਂ ਖਰੀਦੇ ਹੋਏ ਸਨ, ਜਿਸ ਦਾ ਜ਼ਿਕਰ ਉਪਰ ਹੋ ਚੁੱਕਾ ਹੈ।

### *ਤੀਜਾ ਗੁਰਮਤਾ*

ਅਖ਼ੀਰ ਅਕਤੂਬਰ ਵਿਚ ਜੱਸੋਵਾਲ, ਦਇਆਲ ਤੇ ਕੁੱਕੜਾਂ ਬੀੜਾਂ ਦੇ ਵਿਚਕਾਰ ਬਬਰ ਅਕਾਲੀ ਜਥੇ ਦੇ ਮੈਂਬਰਾਂ ਦੀ ਇਕ ਬੈਠਕ ਹੋਈ, ਜਿਸ ਵਿਚ ਵਰਕਿੰਗ ਕਮੇਟੀ ਬਣਾਈ ਗਈ ਤੇ ਹੇਠ ਲਿਖੇ ਅਨੁਸਾਰ ਅਹੁਦੇਦਾਰ ਚੁਣੇ ਗਏ—

ਭਾਈ ਕਰਮ ਸਿੰਘ ਜੀ ਬਬਰ ਵੱਡੇ ਜਥੇਦਾਰ, ਭਾਈ ਦਲੀਪ ਸਿੰਘ ਜੀ ਛੋਟੇ ਜਥੇਦਾਰ, ਮਾਸਟਰ ਦਲੀਪ ਸਿੰਘ ਜੀ ਗੋਸਲ ਵੱਡੇ ਸਕੱਤਰ, ਭਾਈ ਉਦੈ ਸਿੰਘ ਜੀ ਰਾਮਗੜ੍ਹ ਝੁੰਗੀਆਂ ਛੋਟੇ ਸਕੱਤਰ, ਭਾਈ ਕਰਮ ਸਿੰਘ ਜੀ ਝਿੰਗੜ ਖਜ਼ਾਨਚੀ, ਬਾਬੂ ਸਿੰਘ ਜੀ ਨਿਧੜਕ ਗ੍ਰੰਥੀ (ਲੁਧਿਆਣਾ)

### *ਭਾਈ ਧੰਨਾ ਸਿੰਘ ਜੀ ਬਹਿਬਲਪੁਰ*

ਇਹ ਭਾਈ ਅਕਾਲੀ ਜਥਾ ਬਹਿਬਲਪੁਰ ਦੇ ਜਥੇਦਾਰ ਸਨ ਤੇ ਪੰਥ ਨਾਲ ਪੂਰਨ ਮੁਹੱਬਤ ਰੱਖਦੇ ਸਨ। ਪੰਥਕ ਸੇਵਾ ਦੇ ਕਾਰਨ ਹੀ ਆਪ ਦੇ ਵਾਰੰਟ ਅੱਧ ੧੯੨੨ ਵਿਚ ਜਾਰੀ ਹੋ ਗਏ ਸਨ। ਆਪ ਖੁਸ਼ੀ ਨਾਲ ਗ੍ਰਿਫ਼ਤਾਰ ਨਾ ਹੋਏ ਤੇ ਸੇਵਾ ਕਰਦੇ ਰਹੇ। ਚੱਕਰਵਰਤੀ ਦੌਰੇ ਦਾ ਬਹੁਤ ਹਿੱਸਾ ਆਪ ਆਪਣੇ ਪਿੰਡ ਬਹਿਬਲਪੁਰ ਹੀ ਰਹੇ ਕਿਉਂਕਿ ਆਪ ਜੀ ਦਾ ਰਸੂਖ ਤੇ ਰੋਹਬਦਾਬ ਪਿੰਡ ਵਿਚ ਕਾਫ਼ੀ ਸੀ। ਇਸ

ਵਾਸਤੇ ਆਪ ਜੀ ਗ੍ਰਿਫ਼ਤਾਰੀ ਅਮਲ ਵਿਚ ਨਾ ਆਈ। ਜਨਵਰੀ ੧੯੨੩ ਵਿਚ ਆਪ ਦੋ ਪਿਸਤੌਲਾਂ ਸਹਿਤ ਬਬਰ ਅਕਾਲੀ ਜਥੇ ਵਿਚ ਸ਼ਾਮਿਲ ਹੋ ਗਏ ਤੇ ਝੋਲੀ-ਚੁੱਕਾਂ ਦੇ ਸੁਧਾਰ ਉੱਤੇ ਲਾਏ ਗਏ।

### *ਚੱਕਰਵਰਤੀਆਂ ਦੇ ਇਨਾਮ ਤੇ ਗ੍ਰਿਫ਼ਤਾਰੀ*

੩੦ ਨਵੰਬਰ ੧੯੨੨ ਨੂੰ ਸੀ. ਆਈ. ਡੀ. ਪੰਜਾਬ ਵੱਲੋਂ ਹੇਠ ਲਿਖੇ ਵੇਰਵੇ ਅਨੁਸਾਰ ਇਨਾਮ ਰੱਖ ਕੇ ਤਿੰਨ ਚਾਰ ਜ਼ਬਾਨਾਂ ਵਿਚ ਇਸ਼ਤਿਹਾਰ ਛਾਪ ਕੇ ਚੱਕਰਵਰਤੀਆਂ ਦੀ ਗ੍ਰਿਫ਼ਤਾਰੀ ਹਿਤ ਵੰਡੇ ਗਏ। ਇਸ 'ਤੇ ਲੋਭੀ ਕੁੱਤਿਆਂ ਦੇ ਮੂੰਹ ਪਾਣੀ ਭਰ ਆਇਆ ਜੋ ਇਨਾਮ ਦੇ ਲਾਲਚ ਵਿਚ ਮਸਤ ਹੋ ਕੇ ਚੱਕਰਵਰਤੀ ਦੀ ਗ੍ਰਿਫ਼ਤਾਰੀ ਵਾਸਤੇ ਹੱਥ ਪੈਰ ਮਾਰਨ ਲੱਗੇ।

### *ਇਨਾਮ ਦਾ ਵੇਰਵਾ*

ਭਾਈ ਕਿਸ਼ਨ ਸਿੰਘ ਜੀ ਗੜਗੱਜ ੨੦੦੦ ਰੁਪਏ, ਭਾਈ ਕਰਮ ਸਿੰਘ ਜੀ ਬਬਰ ੧੦੦੦ ਰੁਪਏ, ਮਾਸਟਰ ਦਲੀਪ ਸਿੰਘ ਜੀ ਗੋਸਲ ੫੦੦ ਰੁਪਏ, ਭਾਈ ਕਰਮ ਸਿੰਘ ਜੀ ਝਿੰਗੜ ੫੦੦ ਰੁਪਏ, ਮਹਿਤਾਬ ਸਿੰਘ ਉਰਫ਼ ਆਸਾ ਸਿੰਘ ੧੫੦੦ ਰੁਪਏ।

ਭਾਈ ਕਰਮ ਸਿੰਘ ਜੀ ਝਿੰਗੜ ਤੇ ਸ੍ਰੀ ਮਾਨ ਮਾਸਟਰ ਦਲੀਪ ਸਿੰਘ ਜੀ ਗੋਸਲ ੫ ਜਨਵਰੀ ੧੯੨੨ ਨੂੰ ਭਾਈ ਕਰਮ ਸਿੰਘ ਜੀ ਦੇ ਘਰ ਪੁੱਜੇ। ਭਾਈ ਕਰਮ ਸਿੰਘ ਦੇ ਸਕੇ ਭਾਈ ਕਿਹਰ ਸਿੰਘ ਕਾਣੇ ਨੇ ਇਨਾਮ ਦੇ ਲਾਲਚ ਵਿਚ ਆ ਕੇ ਆਪਣੇ ਘਰੋਂ ਉਕਤ ਦੋਹਾਂ ਦੇਸ਼ ਸੇਵਕਾਂ ਨੂੰ ਧੋਖੇ ਨਾਲ ਗ੍ਰਿਫ਼ਤਾਰ ਕਰਵਾ ਕੇ ਸਦਾ ਲਈ ਕਾਲਖ਼ ਦਾ ਟਿੱਕਾ ਖੱਟ ਲਿਆ। ਆਪ ਦੋਹਾਂ ਕੋਲ ਸਵਾਏ ਕਿਰਪਾਨਾਂ ਦੇ ਕੋਈ ਸ਼ਸਤਰ ਨਹੀਂ ਸੀ। ਭਾਵੇਂ ਅਜੇ ਬਬਰ ਅਕਾਲੀ ਜਥਾ ਆਮ ਝੋਲੀ-ਚੁੱਕਾਂ ਦਾ ਸੁਧਾਰ (ਕਤਲ) ਨਹੀਂ ਸੀ ਕਰਨਾ ਚਾਹੁੰਦਾ ਪਰ ਲਾਲਚੀ ਦੇਸ਼-ਘਾਤੀਆਂ ਨੇ ਜਥੇ ਨੂੰ ਕਤਲ ਹਿਤ ਮਜਬੂਰ ਕਰ ਦਿੱਤਾ।

### *ਗੁਰਮਤਿ ਅਸੂਲ*

ਬਬਰ ਅਕਾਲੀ ਜਥੇ ਦੇ ਮੈਂਬਰਾਂ ਸੱਤ ਬਾਣੀਆਂ ਦੇ ਨਿਤ ਨੇਮੀ ਤੇ ਪੰਜ-ਕਕਾਰ ਦੀ ਰਹਿਤ ਦੇ ਧਾਰਨੀ ਸਨ। ਉਸ ਆਦਮੀ ਨੂੰ ਜਥੇ ਦਾ ਮੈਂਬਰ ਬਿਲਕੁਲ ਨਹੀਂ ਸੀ ਬਣਾਇਆ ਜਾਂਦਾ, ਜੋ ਗੁਰਸਿੱਖੀ ਅਸੂਲਾਂ ਵਿਚ ਢਿੱਲੜ ਹੋਵੇ ਅਤੇ ਇਸ ਅਰਸੇ ਵਿਚ ਭੀ ਚੱਕਰਵਰਤੀ ਅਕਾਲੀ ਲਿਬਾਸ ਰੱਖਦੇ ਸਨ ਤੇ ਸੁਰਮਈ ਦਸਤਾਰੇ ਕਦੇ ਨਹੀਂ ਬਦਲਦੇ।

### *ਭਾਈ ਬੰਤਾ ਸਿੰਘ ਜੀ ਧਾਮੀਆਂ ਕਲਾਂ*

ਆਪ ਇਕ ਸ਼ੇਰ-ਦਿਲ ਮਰਦ ਸਨ। ਭਾਵੇਂ ਜ਼ਿੰਦਗੀ ਦਾ ਪਹਿਲਾ ਹਿੱਸਾ ਗੁਰਸਿੱਖੀ ਵੱਲੋਂ ਓਪਰੀ ਹਾਲਤ ਵਿਚ ਗੁਜ਼ਾਰ ਚੁੱਕੇ ਸਨ ਪਰ ਆਖ਼ਿਰ ਧਰਮ ਤੇ ਦੇਸ਼ ਦੀ ਸੇਵਾ ਕਰਨ ਦਾ ਉਤਸ਼ਾਹ ਪੈਦਾ ਹੋਇਆ ਤੇ ਮੈਦਾਨ ਆ ਉਤਰੇ। ਸ਼ੁਰੂ ਫਰਵਰੀ ੧੯੨੩ ਵਿਚ ਆਪ ਚੱਕਰਵਰਤੀਆਂ ਨੂੰ ਮਿਲੇ ਤੇ ਜਥੇ ਵਿਚ ਮਿਲ ਕੇ ਸੇਵਾ ਕਰਨ ਦੀ ਖ਼ਾਹਿਸ਼ ਜ਼ਾਹਿਰ ਕੀਤੀ। ਇਸ ਜਥੇ ਦੇ ਜਥੇਦਾਰਾਂ ਨੇ ਆਪ ਜੀ

ਨੂੰ ਜਥੇ ਅਰ ਗੁਰਸਿੱਖੀ ਦੇ ਅਸੂਲ ਦੱਸੇ ਕਿ ਆਪ ਲਈ ਨਿਤਨੇਮ ਦੀ ਬਾਣੀ, ਪੰਜ-ਕਕਾਰ ਦੀ ਰਹਿਤ ਤੇ ਅਕਾਲੀ ਬਾਣਾ ਧਾਰਨੀ ਜ਼ਰੂਰੀ ਹੋਵੇਗਾ। ਭਾਈ ਬੰਤਾ ਸਿੰਘ ਖ਼ੁਸ਼ੀ-ਖ਼ੁਸ਼ੀ ਕਬੂਲ ਕਰ ਕੇ ਜਥੇ ਵਿਚ ਸ਼ਾਮਿਲ ਹੋ ਗਏ।

ਬਿਸ਼ਨ ਸਿੰਘ ਜ਼ੈਲਦਾਰ ਰਾਣੀ ਥੂਹਾ ਝੋਲੀ-ਚੁੱਕ ਨੰਬਰ ੧ ਦੁਆਬੇ ਵਿਚ ਸਭ ਤੋਂ ਵੱਡਾ ਝੋਲੀ-ਚੁੱਕ ਤੇ ਕੌਮੀ ਗ਼ਦਾਰ ਸੀ। ਇਸ ਨੇ ਰਿਆਸਤ ਕਪੂਰਥਲਾ ਦੇ ਵਸਨੀਕ ਦੇਸ਼ ਭਗਤਾਂ ਤੇ ਅਕਾਲੀ ਸਿੰਘਾਂ ਦੇ ਖ਼ੂਨ ਨਾਲ ਰਜ ਕੇ ਹੱਥ ਰੰਗੇ ਸਨ। ਕੌਮੀ ਸੇਵਕਾਂ ਦੇ ਖ਼ਿਲਾਫ਼ ਡਾਇਰੀਆਂ ਤੇ ਗਵਾਹੀਆਂ ਦੇਣ ਤੋਂ ਇਲਾਵਾ ਇਸ ਨੇ ਅਕਾਲੀ ਸਿੰਘਾਂ ਦੇ ਪਵਿੱਤਰ ਕੇਸ, ਦਾੜ੍ਹੀਆਂ ਦੀ ਬੇਅਦਬੀ ਖ਼ੁਦ ਵੀ ਕੀਤੀ ਸੀ ਅਤੇ ਪੁਲਿਸ ਤੋਂ ਕਰਵਾਈ ਸੀ। ਅਕਾਲੀਆਂ ਦੇ ਮੂੰਹ ਅਰ ਕੇਸਾਂ ਉੱਤੇ ਹੱਥੀਂ ਜੁੱਤੀਆਂ ਮਾਰੀਆਂ ਅਤੇ ਉਨ੍ਹਾਂ ਦੇ ਕੇਸਾਂ ਵਿਚ ਹੁੱਕੇ ਦਾ ਪਾਣੀ ਪਵਾਉਣ ਤਕ ਭੀ ਚੰਡਾਲ ਨੇ ਹੌਂਸਲਾ ਕਰ ਲਿਆ, ਜਿਸ ਕਰ ਕੇ ਚੰਦ ਇਕ ਕਮਜ਼ੋਰ ਦਿਲ ਨਵੇਂ ਤੇ ਕੱਚੇ ਅਕਾਲੀ ਡਰ ਕੇ ਘਰੀਂ ਬੈਠ ਗਏ ਅਤੇ ਇਸ ਸਖ਼ਤੀ ਨਾਲ ਕਿਸੇ ਹੱਦ ਤਕ ਰਿਆਸਤ ਦੇ ਅਕਾਲੀਆਂ ਨੂੰ ਦਬਾ ਕੇ ਇਹ ਪਾਪੀ ਕਾਮਯਾਬ ਹੋ ਹੀ ਗਿਆ। ਇਸ ਕਰ ਕੇ ਇਸ ਪਾਪੀ ਨੂੰ ਇਕ ਵਧੀਆ ਘੋੜੀ ਤੇ ਇਕ ਕਿਰਚ ਇਨਾਮ ਵਜੋਂ ਮਿਲੀਆਂ ਤੇ ਹੰਕਾਰ ਵਿਚ ਇਹ ਧਰਤੀ ਤੋਂ ਗਿੱਠ-ਗਿੱਠ ਉੱਚਿਆਂ ਹੀ ਟੁਰਿਆ ਕਰਦਾ ਸੀ। ਇਸ ਦੇ ਜੁੰਡੀ ਦੇ ਯਾਰ ਦੁਰਗਾ ਦਾਸ ਇੰਸਪੈਕਟਰ ਜਨਰਲ ਰਿਆਸਤ ਕਪੂਰਥਲਾ ਨੇ ਇਸ ਨੂੰ ਪਿਸਤੌਲ ਵੀ ਦੁਆ ਛੱਡਿਆ ਸੀ, ਪਰ 'ਪਾਪੀ ਕੇ ਮਾਰਨੇ ਕੋ ਪਾਪ ਮਹਾਂਬਲੀ ਹੈ', ਦਾ ਬੋਲ ਵੀ ਤਾਂ ਮਸ਼ਹੂਰ ਹੈ। ਇਸ ਜ਼ੈਲਦਾਰ ਨੂੰ ਪਹਿਲੋਂ ਮਿੰਨਤ ਨਾਲ ਸਮਝਾਇਆ ਗਿਆ। ਫਿਰ ਫਗਵਾੜੇ ਖਜਰੂਲੇ ਆਦਿ ਕਈ ਦੀਵਾਨਾਂ ਵਿਚ ਬਾਈਕਾਟ ਕੀਤਾ ਗਿਆ ਪਰ ਉਹ ਆਪਣੇ ਝੋਲੀ-ਚੁੱਕ ਕੁਕਰਮ ਤੋਂ ਬਾਜ਼ ਨਾ ਆਇਆ ਬਲਕਿ ਦੇਸ਼-ਘਾਤ ਕਰਨ ਵੱਲ ਰੁਚੀ ਨੂੰ ਵਧਾਈ ਗਿਆ। ਅਖ਼ੀਰ ਉਸ ਦਾ ਪਾਪ ਰੂਪੀ ਫਲ ਪੱਕਣ 'ਤੇ ਆ ਗਿਆ।

ਇਕ ਦਸਮੇਸ਼ ਜੀ ਦਾ ਲਾਲ, ਬਬਰ ਅਕਾਲੀ ਜਥੇ ਦਾ ਮੈਂਬਰ ਬਾਬੂ ਸੰਤਾ ਸਿੰਘ ਜੀ, ੧੦ ਫਰਵਰੀ ੧੯੨੩ ਨੂੰ ਦਿਨ ਛੁਪਣ ਤੋਂ ਕੁਝ ਚਿਰ ਪਹਿਲੋਂ ਪੁੱਜਾ ਤੇ ਮਾਧੋਪੁਰ ਪਿੰਡ ਦੇ ਨੇੜੇ ਮਿਲਾਪ ਹੋ ਗਿਆ। ਇਹ ਦੁਸ਼ਟ ਮਹਾਰਾਜਾ ਕਪੂਰਥਲਾ ਦੀ ਸ਼ਾਦੀ ਤੋਂ ਪਿੰਡ ਨੂੰ ਵਾਪਿਸ ਆ ਰਿਹਾ ਸੀ। 'ਨਿਧੜਕ' ਜੀ ਨੇ ਕਿਹਾ ਕਿ **"ਐ ਦੁਸ਼ਟ ਤੇਰਾ ਪਾਪ ਦਾ ਮੇਵਾ ਪੱਕ ਚੁੱਕਾ ਹੈ। ਤੂੰ ਹੁਣ ਖਾਣ ਨੂੰ ਤਿਆਰ ਹੋ ਜਾ। ਤੈਨੂੰ ਪਹਿਲੋਂ ਵੀ ਦੋ ਢੰਗ ਨਾਲ ਸਮਝਾਇਆ ਜਾ ਚੁੱਕਾ ਹੈ ਪਰ ਤੂੰ ਨਹੀਂ ਸਮਝਿਆ ਇਸ ਸਮੇਂ ਤੇਰਾ ਕਤਲ ਦੁਆਰਾ ਸੁਧਾਰ ਕਰ ਕੇ ਤੇਰੇ ਜ਼ੁਲਮ ਪਾਸੋਂ ਮਜ਼ਲੂਮਾਂ ਨੂੰ ਤੇਰੇ ਪਾਪਾਂ ਪਾਸੋਂ ਤੈਨੂੰ ਛੁਟਕਾਰਾ ਦਿੰਦਾ ਹਾਂ ਅਤੇ ਆਹ ਲੈ ਗੋਲੀਆਂ ਰੂਪੀ ਮੁਰੱਬੇ ਤਿਆਰ ਹੈਨ। ਇਹ ਕਹਿ ਕੇ ਪਿਸਤੌਲ ਦੀ ਗੋਲੀ ਛੱਡ ਦਿੱਤੀ ਤੇ ਪਾਪੀ ਘੋੜੀ ਤੋਂ ਹੇਠਾਂ ਆ ਪਿਆ। ਦੂਜੀ, ਤੀਜੀ ਤੇ ਚੌਥੀ ਗੋਲੀ ਮਾਰ ਕੇ ਆਖਿਆ "ਇਹ ਲੈ ਅੱਜ ਤੈਨੂੰ ਚਾਰ ਮੁਰੱਬੇ ਦਿੱਤੇ ਗਏ।"**

ਇਸ ਵੇਲੇ ੧੦-੧੫ ਆਦਮੀ ਇਸ ਥਾਂ ਦੇ ਇਰਦ-ਗਿਰਦ ਆਪਣਾ ਕਾਰੋਬਾਰ ਕਰ ਰਹੇ ਸਨ। ਦੁਸ਼ਟ ਨੂੰ ਛੁਡਾਉਣ ਲਈ ਕੋਈ ਵੀ ਨਾ ਆਇਆ, ਸਗੋਂ ਇਸ ਦੇ ਮਰਨ ਦੀ ਖ਼ੁਸ਼ੀ ਮਨਾਈ। ਬੱਸ ਆਪਣਾ ਕੰਮ ਕਰ ਕੇ ਬਬਰ ਸ਼ੇਰ ਰਾਹ ਪਿਆ।

ਇਸ ਵੇਲੇ ਜ਼ੈਲਦਾਰ ਦਾ ੧੦-੧੧ ਸਾਲ ਦਾ ਪੋਤਰਾ ਰਤਨ ਸਿੰਘ ਭੀ ਇਸ ਦੇ ਨਾਲ ਸੀ, ਉਸ ਉੱਤੇ ਬਿਲਕੁਲ ਕੋਈ ਵਾਰ ਨਹੀਂ ਕੀਤਾ ਗਿਆ ਬਲਕਿ ਵਾਰ ਕਰਨ ਤੋਂ ਪਹਿਲੋਂ ਬੱਚੇ ਨੂੰ ਕਿਹਾ ਗਿਆ ਕਿ "ਕਾਕਾ ਤੂੰ ਨਾ ਡਰ! ਮੈਂ ਤੈਨੂੰ ਕੁਝ ਨਹੀਂ ਕਹਾਂਗਾ।" ਬੱਚੇ ਨਾਲ ਬੱਚਿਆਂ ਵਾਲਾ ਪਿਆਰ ਕੀਤਾ ਗਿਆ ਅਤੇ ਜ਼ੈਲਦਾਰ ਦੇ ਪਾਸ ਘੋੜੀ, ਨਕਦੀ ਆਦਿ ਜੋ ਮਾਲ ਸੀ ਬਿਲਕੁਲ ਨਹੀਂ ਲਿਆ, ਕਿਉਂਕਿ ਇਨ੍ਹਾਂ ਗ਼ਦਾਰਾਂ ਦੇ ਧਨ ਨੂੰ ਬਬਰ ਅਕਾਲੀ ਜਥਾ ਜ਼ਹਿਰ ਖ਼ਿਆਲ ਕਰਦਾ ਸੀ। ਜਥੇ ਦਾ ਮਕਸਦ ਝੋਲੀ-ਚੁੱਕਾਂ ਦਾ ਸੁਧਾਰ ਕਰਨਾ ਸੀ, ਨਾ ਕਿ ਲੁੱਟਣਾ।

### *ਦੀਵਾਨ ਹਿਆਤਪੁਰ ਰੁੜਕੀ ਝੋਲੀ-ਚੁੱਕ, ਨੰ: ੨*

ਇਹ ਆਦਮੀ ਭੀ ਝੋਲੀ-ਚੁੱਕਾਂ ਵਿੱਚੋਂ ਇਕ ਗਿਣਤੀ ਦਾ ਸੀ। ਇਹ ਗ਼ਦਾਰ ਇਕ ਵੱਡੇ ਝੋਲੀ-ਚੁੱਕ ਸਰਧੇ ਸਮੁੰਦਰੇ ਵਾਲੇ ਨੂੰ ਬਬਰ ਅਕਾਲੀ ਦੇ ਹਿਆਤਪੁਰ ਆਉਣ ਜਾਣ ਦੀ ਖ਼ਬਰ ਦਿੰਦਾ ਹੁੰਦਾ ਸੀ। ਦੇਸ਼-ਘਾਤੀ ਤੇ ਖ਼ੁਫ਼ੀਆਂ ਪੁਲਿਸ ਦਾ ਆਦਮੀ ਹੋਣ ਕਰ ਕੇ ਪੁਲਿਸ ਦਾ ਪੱਕਾ ਯਾਰ ਸੀ ਪਰ ਇਸ ਨੇ ਬਿਸ਼ਨ ਸਿੰਘ ਨੰ: ੧ ਵਾਂਗ ਵੱਧ ਕੇ ਦੇਸ਼-ਘਾਤ ਨਹੀਂ ਕੀਤਾ ਸੀ।

ਪਹਿਲੇ ਦੋ ਢੰਗਾਂ ਨਾਲ ਇਸ ਨੂੰ ਸੁਧਾਰਨ ਦੀ ਕੋਸ਼ਿਸ਼ ਕੀਤੀ ਗਈ ਪਰ ਪਾਪੀ ਨਾ ਸੁਧਰਿਆ, ਜਿਸ ਕਰ ਕੇ ੧੩ ਫਰਵਰੀ ਨੂੰ ਭਾਈ ਉਦੇ ਸਿੰਘ ਜੀ ਹਿਆਤਪੁਰ ਪੁੱਜਾ ਅਰ ਭਾਈ ਸੁੰਦਰ ਸਿੰਘ ਜੀ ਤੇ ਭਾਈ ਧਰਮ ਸਿੰਘ ਜੀ ਤੇ ਸ: ਸੁਰਜਨ ਸਿੰਘ ਜੀ ਅਕਾਲੀਆਂ ਦੇ ਰਾਹੀਂ ਬਾਹਰ ਬੁਲਾ ਕੇ ਝੋਲੀ-ਚੁੱਕ ਦੀਵਾਨ ਨੂੰ ਆਖਿਆ ਕਿ ਤੂੰ ਬਾਵਜੂਦ ਸਾਡੇ ਦੋ ਢੰਗਾਂ ਨਾਲ ਸਮਝਾਉਣ 'ਤੇ ਨਹੀਂ ਸਮਝਿਆ ਇਸ ਵਾਸਤੇ ਹੁਣ ਤੈਨੂੰ ਗੋਲੀਆਂ ਰੂਪੀ ਮੁਰੱਬੇ ਦਿੱਤੇ ਜਾਂਦੇ ਹਨ। ਤੂੰ ਮੁਰੱਬਿਆਂ ਦਾ ਸ਼ਰਧਾਲੂ ਤੇ ਇੱਛਾਵਾਨ ਹੈਂ। ਇੰਝ ਆਖ ਕੇ ਬੰਦੂਕ ਦੀ ਗੋਲੀ ਮਾਰ ਦਿੱਤੀ ਤੇ ਉਸ ਦੇ ਗਿਰਦ ਹੀ ਇਕ ਹੋਰ ਮਾਰ ਕੇ ਪਾਰ ਕੀਤਾ ਅਤੇ ਉਸ ਦੇ ਜ਼ੁਲਮ ਧਰਮੀਆਂ ਨੂੰ ਤੇ ਉਸ ਦੇ ਪਾਪ ਤੋਂ ਉਸ ਨੂੰ ਸਦਾ ਲਈ ਛੁਟਕਾਰਾ ਬਖ਼ਸ਼ ਕੇ ਖਾਲਸਾ ਬਹਾਦਰ ਦਸਮੇਸ਼ ਜੀ ਦਾ ਜਸ ਗਾਉਂਦੇ ਹੋਏ ਆਪਣੇ ਰਾਹ ਪਿਆ। ਇਹ ਸਮਾਂ ੮-੯ ਵਜੇ ਰਾਤ ਦਾ ਸੀ।

### *ਭਾਈ ਕਿਸ਼ਨ ਸਿੰਘ ਜੀ ਗੜਗੱਜ ਚੱਕਰਵਰਤੀ ਦੀ ਗ੍ਰਿਫ਼ਤਾਰੀ*

੧੩ ਫਰਵਰੀ ੧੯੨੩ ਨੂੰ ਬਬਰ ਅਕਾਲੀ ਜਥੇ ਦੇ ਮੈਂਬਰਾਂ ਦੀ ਇਕੱਤਰਤਾ ਹੋਈ, ਜਿਸ ਵਿਚ ਫ਼ੈਸਲਾ ਹੋਇਆ ਕਿ ਦੋ ਤਿੰਨ ਸੇਵਕ ਸਮੂਹ ਕਤਲਾਂ ਦੀ ਜ਼ਿੰਮੇਂਵਾਰੀ ਲੈਣ ਵਾਸਤੇ ਆਪਣੇ ਨਾਮ ਬਬਰ ਅਕਾਲੀ ਦੁਆਬਾ ਅਖ਼ਬਾਰ ਵਿਚ ਛਾਪ ਕੇ ਐਲਾਨ ਕਰ ਦੇਣ ਕਿ ਝੋਲੀ-ਚੁੱਕਾਂ ਦਾ ਸੁਧਾਰ ਉਹੀ ਕਰਦੇ ਹਨ ਤੇ ਉਹੀ ਕਰਨਗੇ ਤੇ ਇਸ ਲਈ ਸਰਕਾਰ ਉਨ੍ਹਾਂ ਨੂੰ ਹੀ ਫੜ ਕੇ ਸਜ਼ਾ ਦੇਵੇ, ਕਿਸੇ ਹੋਰ ਅਕਾਲੀ ਨੂੰ ਤੰਗ

ਨਾ ਕਰੇ। ਇਸ ਮੀਟਿੰਗ ਪਿੱਛੋਂ ਭਾਈ ਕਿਸ਼ਨ ਸਿੰਘ ਜਥੇ ਦੇ ਕਿਸੇ ਜ਼ਰੂਰੀ ਕੰਮ ਵਾਸਤੇ ਮਾਝੇ ਨੂੰ ਜਾ ਰਿਹਾ ਸੀ ਕਿ ਆਪ ਪੰਡੋਰੀ ਮੈਲ ਆਪਣੇ ਕਾਬਲ ਸਿੰਘ, (ਜੋ ਇਕ ਮੁਸਲਮਾਨ ਫ਼ਕੀਰ ਕਮਰਦੀਨ ਕੋਲ ਰਹਿੰਦਾ ਸੀ) ਦੇ ਕੋਲ ਪੁੱਜਾ ਤੇ ਉਸ ਫ਼ਕੀਰ ਦੀ ਬੇਈਮਾਨੀ ਨਾਲ, ਭਾਈ ਸਾਹਿਬ ੨੪ ਫਰਵਰੀ ੧੯੨੩ ਦੀ ਰਾਤ ਨੂੰ ਗ੍ਰਿਫ਼ਤਾਰ ਹੋ ਗਏ। ਬਬਰ ਅਕਾਲੀਆਂ ਦੇ ਦਿਲਾਂ ਉੱਤੇ ਇਸ ਨਾਲ ਡਾਢੀ ਸੱਟ ਵੱਜੀ।

### *ਮਹਿਤਾਬ ਸਿੰਹੁ ਦੀ ਗ੍ਰਿਫ਼ਤਾਰੀ*

ਇਹ ਸ਼ਖ਼ਸ ਬਿਲਕੁਲ ਡਰਪੋਕ ਸੀ। ਕੈਨੇਡਾ ਤੋਂ ਆਇਆ ਹੋਇਆ ਹੋਣ ਕਰ ਕੇ ੧੨੪-੧੫੩ ਹੇਠ ਇਸ ਦਾ ਵਾਰੰਟ ਜਾਰੀ ਹੋ ਗਿਆ ਤੇ ਡਰਪੋਕ ਹੋਣ ਦੇ ਕਾਰਨ ਚੱਕਰਵਰਤੀਆਂ ਦੀ ਰੀਸ ਕਰ ਕੇ ਇਸ ਭਿਆਨਕ ਮੈਦਾਨ ਵਿਚ ਕੁੱਦ ਪਿਆ ਪਰ ਚੱਕਰਵਰਤੀਆਂ ਨੇ ਇਸ ਨੂੰ ੧੯੨੨ ਦੇ ਬਬਰ ਅਕਾਲੀ ਜਥੇ ਦਾ ਬਕਾਇਦਾ ਮੈਂਬਰ ਨਹੀਂ ਸੀ ਬਣਾਇਆ ਤੇ ਨਾ ਕਦੇ ਇਸ ਕੰਮ ਵਿਚ ਸ਼ਾਮਿਲ ਕੀਤਾ ਸੀ, ਜਿਵੇਂ ਕਿ ਇਸ ਦੀ ਗ਼ਵਾਹੀ ਤੋਂ ਜ਼ਾਹਿਰ ਹੈ ਕਿ "ਮੋਟੇ ਗੁਰਮਤੇ ਮੇਂ ਮੁਝੇ ਸ਼ਾਮਿਲ ਹੀ ਨਹੀਂ ਸੀ ਕਰਦੇ।" ਇਸ ਪਾਸੋਂ ਕੇਵਲ ਲਾਗਿਆਂ ਦਾ ਕੰਮ ਲਿਆ ਜਾਂਦਾ ਸੀ, ਜੈਸਾ ਬਬਰ ਅਕਾਲੀ ਦੁਆਬਾ ਅਖ਼ਬਾਰ ਦੇ ਪਰਚੇ ਵੰਡਣੇ ਤੇ ਇਕ ਚੱਕਰਵਰਤੀ ਦਾ ਦੂਜੇ ਕੋਲ ਸੰਦੇਸ਼ਾ ਪੁਚਾ ਦੇਣਾ ਆਦਿ। ਜਿਸ ਵੇਲੇ ਝੋਲੀ-ਚੁੱਕਾਂ ਦਾ ਕਤਲ ਦੁਆਰਾ ਸੁਧਾਰ ਆਰੰਭ ਹੋ ਗਿਆ ਤਦ ਇਹ ਭਾਈ ਕਰਮ ਸਿੰਘ ਜੀ ਬਬਰ ਤੇ ਭਾਈ ਉਦੈ ਸਿੰਘ ਜੀ ਦੀ ਮਰਜ਼ੀ ਤੋਂ ਖ਼ਿਲਾਫ਼ (ਇਸ ਡਰ ਕਰ ਕੇ ਕਿ ਮੈਨੂੰ ਕਤਲ ਦੀ ਜ਼ਿੰਮੇਂਵਾਰੀ ਲੈਣ ਵਾਲਿਆਂ ਵਿਚ ਨਾਮ ਨਾ ਦੇਣਾ ਪਵੇ) ਗ੍ਰਿਫ਼ਤਾਰ ਹੋਣ ਲਈ ਅਨੰਦਪੁਰ ਸਾਹਿਬ ਦੇ ਹੋਲੇ ਉੱਤੇ ਚਲਿਆ ਗਿਆ ਤੇ ਸਰਕਾਰੀ ਮੁਖ਼ਬਰ ਸੰਤ ਕਰਤਾਰ ਸਿੰਘ ਝੋਲੀ-ਚੁੱਕ (ਜੋ ਬਬਰ ਅਕਾਲੀਆਂ ਦੇ ਸ਼ਿਕਾਰ ਹਿਤ ਹੋਲੇ 'ਤੇ ਗਿਆ ਹੋਇਆ ਸੀ) ਨੇ ੨੫੦ ਰੁਪਏ ਦੇ ਲਾਲਚ 'ਤੇ ਨਿਮਕ-ਹਲਾਲੀ ਦਾ ਸਬੂਤ ਦੇਣ ਹਿਤ ਕੀਰਤਪੁਰ ਤੋਂ ਇਸ ਨੂੰ ਗ੍ਰਿਫ਼ਤਾਰ ਕਰਾ ਦਿੱਤਾ।

### *ਬਬਰ ਅਕਾਲੀ ਜਥੇ ਦੇ ਮੈਂਬਰਾਂ ਵਿਚ ਵਾਧਾ*

ਸ਼ੁਰੂ ਮਾਰਚ ੧੯੨੩ ਨੂੰ ਬਾਬੂ ਸੰਤਾ ਸਿੰਘ ਜੀ ਨਿਧੜਕ ਨੇ ਬਾਬੂ ਦਲੀਪ ਸਿੰਘ ਜੀ ਕਲਰਕ ਵਲਦ ਈਸ਼ਰ ਸਿੰਘ, ਭਾਈ ਪਿਆਰ ਸਿੰਘ ਵਲਦ ਪੂਰਨ ਸਿੰਘ, ਭੁਝੰਗੀ ਦਲੀਪ ਸਿੰਘ ਜੀ ਵਲਦ ਲਾਭ ਸਿੰਘ ਜੀ ਧਾਮੀਆਂ ਕਲਾਂ, ਭਾਈ ਰਤਨ ਸਿੰਘ ਜੀ ਵਲਦ ਹਜ਼ਾਰਾ ਸਿੰਘ ਜੀ ਜੜ੍ਹੀਵਾਲ, ਭਾਈ ਹਰਬਖ਼ਸ਼ ਸਿੰਘ ਜੀ ਵਲਦ ਅਰਜਨ ਸਿੰਘ ਜੱਸੋਵਾਲ, ਭਾਈ ਸਾਧਾ ਸਿੰਘ ਵਲਦ ਨਰੈਣ ਸਿੰਘ ਜੀ ਪੰਡੋਰੀ ਨਿੱਝਰਾਂ, ਬਬਰ ਅਕਾਲੀ ਜਥੇ ਵਿਚ ਭਰਤੀ ਕੀਤੇ ਗਏ। ਬਾਬੂ ਦਲੀਪ ਸਿੰਘ ਜੀ ਕਲਰਕ ਵਲਦ ਈਸ਼ਰ ਸਿੰਘ ਜੀ ਧਾਮੀਆਂ ਕਲਾਂ ੫੧ ਨੰ: ਪਲਟਨ ਵਿਚ ਕਲਰਕ ਸਨ। ਅਕਾਲੀ ਲਹਿਰ ਦੇ ਆਰੰਭ ਹੋਣ ਪਰ ਨਾ-ਮਿਲਵਰਤਣ ਨੂੰ ਮੁੱਖ ਰੱਖਦੇ ਹੋਏ ਆਪ ਨੌਕਰੀ ਛੱਡ ਆਏ ਤੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਅਕਾਲੀ ਜਥੇ ਵਿਚ ਭਰਤੀ ਹੋ ਕੇ ਦੇਸ਼

ਔਰ ਕੌਮ ਦੀ ਸੇਵਾ ਵਿਚ ਜੁਟੇ ਰਹੇ। ਕਿਉਂਕਿ ਪੜ੍ਹੇ ਲਿਖੇ ਪੁਰਜੋਸ਼ ਸਨ, ਇਸ ਲਈ ਅੰਗਰੇਜ਼ੀ ਹਕੂਮਤ ਦੀਆਂ ਚਾਲਾਂ ਨੂੰ ਅੱਛੀ ਤਰ੍ਹਾਂ ਸਮਝਾਉਂਦੇ ਸਨ। ਝੋਲੀ-ਚੁੱਕਾਂ ਦੇ ਜ਼ੁਲਮ ਤੋਂ ਡਾਢੇ ਤੰਗ ਪੈ ਕੇ ਸਿਰ ਤਲੀ ਪਰ ਰੱਖ ਲਿਆ ਤੇ ਬਬਰ ਅਕਾਲੀ ਜਥੇ ਦੇ ਮੈਂਬਰ ਬਣ ਗਏ। ਆਪ ਉਰਦੂ, ਅੰਗਰੇਜ਼ੀ, ਹਿੰਦੀ ਤੇ ਗੁਰਮੁਖੀ ਦੇ ਚੰਗੇ ਜਾਣੂ ਸਨ।

ਭਾਈ ਪਿਆਰਾ ਸਿੰਘ ਜੀ ਤੇ ਭਾਈ ਰਤਨ ਸਿੰਘ ਜੀ ਪਹਿਲੇ ਤੋਂ ਹੀ ਗੁਰਮਤਿ ਅਸੂਲਾਂ ਵਿਚ ਪੱਕੇ ਤੇ ਪੂਰਨ ਸਿੱਖ ਸਨ, ਪਰ ਭਾਈ ਕਰਮ ਸਿੰਘ ਜੀ ਬਬਰ ਤੇ ਬਾਬੂ ਸੰਤਾ ਸਿੰਘ ਜੀ ਨਿਧੜਕ ਦੇ ਉਪਦੇਸ਼ ਨੇ ਤਾਂ ਇਨ੍ਹਾਂ ਦੋਹਾਂ ਬਬਰ ਸ਼ੇਰਾਂ 'ਤੇ ਸੋਨੇ ਤੇ ਸੋਹਾਗੇ ਵਾਲੀ ਗੱਲ ਕੀਤੀ, ਦੋਵੇਂ ਕੌਮ ਤੇ ਦੇਸ਼ ਦੀ ਸੇਵਾ ਵਿਚ ਬਬਰ ਅਕਾਲੀ ਜਥੇ ਵਿਚ ਆ ਮਿਲੇ ਤੇ ਨੰਗਲ ਸ਼ਾਮਾਂ ਵਾਲੇ ਬੂਟੇ ਦੇ ਕਤਲ ਵਿਚ ਸ਼ਾਮਿਲ ਹੋ ਗਏ।

***ਭੁਝੰਗੀ ਦਲੀਪ ਸਿੰਘ ਜੀ ਧਾਮੀਆਂ ਕਲਾਂ***

ਆਪ ਜੀ ਨੇ ਸਰਦਾਰ ਲਾਭ ਸਿੰਘ ਜੀ ਦੇ ਜਨਮ ਲਿਆ ਤੇ ੧੫-੧੬ ਸਾਲ ਦੀ ਉਮਰ ਵਿਚ ਅਜੇ ਬਚਪਨ ਦੀਆਂ ਖੇਡਾਂ ਦਾ ਅਨੰਦ ਹੀ ਲੈ ਰਹੇ ਸੀ, ਬਬਰ ਅਕਾਲੀ ਪ੍ਰਚਾਰ ਦਾ ਇਹਦੇ ਉਤੇ ਇਤਨਾ ਅਸਰ ਹੋਇਆ ਕਿ ਨਿਰਮਲ ਹਿਰਦੇ ਵਿੱਚੋਂ ਕੌਮੀ ਸੇਵਾ ਦਾ ਉਤਸ਼ਾਹ ਹੁਲਾਰੇ ਮਾਰਨ ਲੱਗਾ। ਬੱਸ ਫੇਰ ਕੀ ਸੀ, ਘਰ-ਬਾਰ, ਮਾਂ-ਪਿਉ ਤੇ ਸੰਸਾਰੀ ਸੁਖ ਛੱਡ ਕੇ ਖਾਨ-ਪਾਨ ਦੀ ਉਮਰੇ ਹੀ ਸਿਰ ਤਲੀ 'ਤੇ ਧਰ ਕੇ ਚੱਕਰਵਰਤੀ ਭਾਈ ਕਰਮ ਸਿੰਘ ਜੀ ਬਬਰ ਦੇ ਜਥੇ ਵਿਚ ਸ਼ਾਮਿਲ ਹੋ ਗਏ।

***ਭਾਈ ਹਰਬਖ਼ਸ਼ ਸਿੰਘ ਜੀ ਅਕਾਲੀ ਜੱਸੋਵਾਲ***

ਆਪ ਡਾਢੇ ਕੌਮੀ ਦਰਦ ਵਾਲੇ ਤੇ ਜੋਸ਼ੀਲੇ ਸਨ। ਆਪ ਨੇ ਚੱਕਰਵਰਤੀਆਂ ਦੀ ਵੱਧ ਕੇ ਸੇਵਾ ਕੀਤੀ। ਅਕਾਲੀ ਬਾਣਾ ਤਾਂ ਆਪ ਨੇ ਪਹਿਲੋਂ ਹੀ ਧਾਰਿਆ ਹੋਇਆ ਸੀ, ਹੁਣ ਕੌਮੀ ਜੋਸ਼ ਇਸ ਦਾ ਠਾਠਾਂ ਮਾਰਨ ਲੱਗਾ ਤੇ ਨਿਰਭੈ ਸ਼ੇਰ ਵਾਂਗ ਗੱਜਦਾ ਹੋਇਆ ਬਬਰ ਅਕਾਲੀ ਜਥੇ ਦਾ ਮੈਂਬਰ ਬਣ ਗਿਆ। (ਇਹ ਦਸੰਬਰ ੧੯੨੪ ਵਿਚ ਬੂਟਾ ਸਿੰਹੁ ਪੈਨਸ਼ਨਰ ਮੋਰਾਂ ਵਾਲੀ ਦੀ ਬੇਈਮਾਨੀ ਨਾਲ ਗ੍ਰਿਫ਼ਤਾਰ ਹੋਇਆ ਸੀ)।

***ਝੋਲੀ-ਚੁੱਕ ਬੂਟਾ ਨੰਬਰਦਾਰ ਨੰਗਲ ਸ਼ਾਮਾਂ ਤੇ ਉਸ ਦਾ ਪੋਤਰਾ***

੧੦-੧੧ ਮਾਰਚ ੧੯੨੩ ਦੀ ਰਾਤ ਨੂੰ ਬਾਬੂ ਸੰਤਾ ਸਿੰਘ ਨਿਧੜਕ ਹਰਿਓਂ, ਭਾਈ ਬੰਤਾ ਸਿੰਘ ਜੀ ਧਾਮੀਆਂ, ਭਾਈ ਪਿਆਰਾ ਸਿੰਘ ਜੀ, ਬਾਬੂ ਦਲੀਪ ਸਿੰਘ ਜੀ ਕਲਰਕ, ਭੁਝੰਗੀ ਦਲੀਪ ਸਿੰਘ ਧਾਮੀਆਂ, ਭਾਈ ਰਤਨ ਸਿੰਘ ਜੀ ਸੀਗੜ੍ਹੀ ਵਾਲ, ਭਾਈ ਧੰਨਾ ਸਿੰਘ ਜੀ ਬਹਿਬਲਪੁਰ, ਭਾਈ ਹਰਬਖ਼ਸ਼ ਸਿੰਘ ਜੀ ਅਕਾਲੀ ਜਸੋਵਾਲ, ਭਾਈ ਸਾਧਾ ਸਿੰਘ ਜੀ ਅਕਾਲੀ ਪੰਡੋਰੀ ਨਿੱਝਰਾਂ ਨੂੰ ਲੈ ਕੇ ਉਕਤ ਝੋਲੀ ਚੁੱਕ ਦੇ ਧਾਮ (ਘਰ) ਪੁੱਜੇ। ਘਰੋਂ ਭਾਈ ਧੰਨਾ ਸਿੰਘ ਜੀ ਤੇ ਭਾਈ ਬੰਤਾ ਸਿੰਘ ਨੇ ਬੇਈਮਾਨ ਨੂੰ ਜਾ ਉਠਾਲਿਆ ਅਰ ਗਜ-ਵਜ ਕੇ ਆਖਿਆ ਕਿ ਤੈਨੂੰ ਪਹਿਲੇ

ਦੋ ਢੰਗਾਂ ਨਾਲ ਸਮਝਾ ਚੁੱਕੇ ਹਾਂ ਤੇ ਫੇਰ ਤੈਨੂੰ ਇਤਲਾਹ ਭੀ ਕਰ ਦਿੱਤੀ ਸੀ ਕਿ ਹੁਣ ਅਸੀਂ ਤੀਸਰਾ ਢੰਗ ਵਰਤਾਂਗੇ ਪਰ ਤੂੰ ਕੌਮ-ਘਾਤ ਕਰਨੋਂ ਨਹੀਂ ਟਲਿਆ, ਇਸ ਲਈ ਲੋਕਾਂ ਨੂੰ ਤੇਰੇ ਜ਼ੁਲਮ ਤੋਂ ਛੁਡਾਉਣ ਵਾਸਤੇ ਤੇਰਾ ਕਤਲ ਕਰ ਕੇ ਸੁਧਾਰ ਕੀਤਾ ਜਾਂਦਾ ਹੈ। ਖ਼ਬਰਦਾਰ ਹੋ! ਇਹ ਕਹਿ ਕੇ ਭਾਈ ਧੰਨਾ ਸਿੰਘ ਜੀ ਨੇ ਗੋਲੀ ਤੇ ਭਾਈ ਬੰਤਾ ਸਿੰਘ ਜੀ ਨੇ ਤਲਵਾਰ ਦਾ ਵਾਰ ਕਰ ਕੇ ਦੋਜ਼ਖ ਪੁਚਾਇਆ ਤੇ ਇਸ ਦੇ ਪੋਤਰੇ ਸੁਰਜਨ ਸਿੰਘ ਨੂੰ ਭੀ ਕਤਲ ਕਰ ਕੇ ਜਥਾ ਰਾਹ ਪਿਆ। ਇਸ ਸਮੇਂ ਉਨ੍ਹਾਂ ਨੇ ਝੋਲੀ-ਚੁੱਕਾਂ ਦਾ ਪੈਸਾ ਜਾਂ ਕੋਈ ਕੱਪੜਾ ਵੀ ਬਿਲਕੁਲ ਨਹੀਂ ਲਿਆ। ਕਿਉਂਕਿ ਪਹਿਲੋਂ ਆ ਚੁੱਕਾ ਹੈ ਕਿ ਬਬਰ ਅਕਾਲੀ ਜਥਾ ਇਸ ਨੂੰ ਜ਼ਹਿਰ ਸਮਝਦਾ ਸੀ।

***ਝੋਲੀ-ਚੁੱਕ ਲਾਭ ਸਿੰਘ ਤਰਖਾਨ ਗੜ੍ਹਸ਼ੰਕਰ, ਨੰ: 5***

ਇਹ ਸ਼ਖ਼ਸ ਡਾਢਾ ਬਦਚਲਣ ਪੁਲਿਸ ਦਾ ਸੀ. ਆਈ. ਡੀ. ਦਾ ਹੈੱਡ ਕਾਂਸਟੇਬਲ ਸੀ। ਇਹ ਅਕਾਲੀਆਂ ਤੇ ਦੇਸ਼ ਸੇਵਕਾਂ ਦੇ ਬਰਖ਼ਿਲਾਫ਼ ਡਾਇਰੀਆਂ ਤੇ ਜ਼ਬਾਨੀ ਚੁਗਲੀਆਂ ਕਰਦਾ ਤੇ ਹੰਕਾਰ ਵਿਚ ਜ਼ਮੀਨੋਂ ਉੱਚਾ ਹੀ ਰਹਿੰਦਾ ਸੀ। ਸਮਝਾਉਣ ਦੇ ਬਾਵਜੂਦ ਬਾਜ਼ ਨਾ ਆਇਆ, ਸਗੋਂ ਅਕਾਲੀਆਂ ਨੂੰ ਦਬਾਉਣ ਦੀਆਂ ਹੀ ਡੀਂਗਾਂ ਮਾਰਦਾ ਰਿਹਾ।

੧੯ ਮਾਰਚ ੧੯੨੩ ਨੂੰ ਇਹ ਦੁਧਾਰ ਡਾਨਸੀਵਾਲ ਸਦੀ ਛਿੰਝ ਦੇ ਮੇਲੇ ਉਤੇ ਗਿਆ ਹੋਇਆ ਸੀ। ਇਧਰੋਂ ਭਾਈ ਧੰਨਾ ਸਿੰਘ, ਬਾਬੂ ਸੰਤਾ ਸਿੰਘ ਜੀ ਨਿਧੜਕ, ਭੁਝੰਗੀ ਦਲੀਪ ਸਿੰਘ ਧਾਮੀਆਂ ਕਲਾਂ ਸੂਹ ਪਾ ਕੇ ਪੁੱਜੇ ਤੇ ਮੇਲਾ ਵਿਛੜਨ ਸਮੇਂ ਦੁਸ਼ਟ ਨੂੰ ਜਾ ਘੇਰਿਆ। ਉਸ ਦੇ ਇਰਦ-ਗਿਰਦ ਇਸ ਸਮੇਂ ਬੇਅੰਤ ਲੋਕ ਸਨ। ਭਾਈ ਧੰਨਾ ਸਿੰਘ ਜੀ ਨੇ ਸ਼ੇਰ ਦੀ ਗਰਜ ਆਖਿਆ ਕਿ ਲੋਕੋ! ਇਹ (ਲਾਭ ਸਿੰਘ) ਦੇਸ਼ ਘਾਤੀ ਹੈ, ਅਸਾਂ ਇਸ ਨੂੰ ਕਤਲ ਕਰ ਕੇ ਇਸ ਦੇ ਪਾਪਾਂ ਦਾ ਫਲ ਚਖੌਣਾ ਹੈ, ਤੁਸੀਂ ਲਾਂਭੇ ਹੋ ਜਾਓ। ਇਹ ਸੁਣਦੇ ਹੀ ਲੋਕ ਉਡੰਤ ਹੋ ਗਏ ਤੇ ਭਾਈ ਧੰਨਾ ਸਿੰਘ ਨੇ ਕਿਹਾ ਕਿ "ਐ ਜ਼ਾਲਮ। ਹੁਣ ਤਕੜਾ ਹੋ ਲੈ। ਦਸਮੇਸ਼ ਜੀ ਦੇ ਸ਼ੇਰ ਅੱਜ ਤੇਰੇ ਸ਼ਿਕਾਰ ਵਾਸਤੇ ਆ ਪੁੱਜੇ ਹਨ। ਦੋਜ਼ਖ ਨੂੰ ਜਾਣ ਵਾਸਤੇ ਤਿਆਰ ਹੋ ਜਾ ਤੇ ਜਾਂਦਾ ਹੋਇਆ ਇਹ ਮੁਰਬੇ ਲੈ ਜਾ। "ਇੰਝ ਆਖ ਕੇ ਪਿਸਤੌਲ ਦੀ ਗੋਲੀ ਕੱਢ ਮਾਰੀ ਤੇ ਪਿੱਛੋਂ ਆਪ ਛਾਤੀ 'ਤੇ ਹੋ ਬੈਠੇ ਅਰ ਤਰਸਾ-ਤਰਸਾ ਕੇ ਪ੍ਰਾਣ ਕੱਢੇ ਤੇ ਕੰਮ ਕਰ ਕੇ ਦਿਨੇ ਹੀ ਸ਼ੇਰ ਮਰਦ ਰਾਹ ਪਏ।

***ਹਜ਼ਾਰਾ ਸਿੰਘ ਨੰਬਰਦਾਰ ਝੋਲੀ-ਚੁੱਕ ਬਹਿਬਲਪੁਰ, ਨੰ: 6***

ਇਹ ਦੁਸ਼ਟ ਸਰਬਰਾਹ ਨੰਬਰਦਾਰ ਸੀ। ਦੇਸ਼ ਸੇਵਕ ਤੇ ਅਕਾਲੀਆਂ ਦੇ ਬਰਖ਼ਿਲਾਫ਼ ਡਾਇਰੀਆਂ ਤੇ ਗਵਾਹੀਆਂ ਦੇਣ ਤੋਂ ਇਲਾਵਾ ਭਾਈ ਧੰਨਾ ਸਿੰਘ ਜੀ ਨੂੰ ਫੜਾਉਣ ਵਾਸਤੇ ਵੀ ਅਜ਼ਹਦ ਕੋਸ਼ਿਸ਼ ਕਰ ਰਿਹਾ ਸੀ। ਇਸ ਨੂੰ ਪਿੰਡ ਵੱਲੋਂ ਬਾਈਕਾਟ ਦੇ ਇਲਾਵਾ ਮਾਰ-ਕੁੱਟ ਦੀ ਸਜ਼ਾ ਦੇ ਕੇ ਭੀ ਸਮਝਾਇਆ ਸੀ। ਅਖ਼ੀਰ ਭਾਈ ਧੰਨਾ ਸਿੰਘ, ਉਦੇ ਸਿੰਘ ਰਾਮਗੜ੍ਹ ਝੁੰਗੀਆਂ, ਭਾਈ ਕਰਮ ਸਿੰਘ ਜੀ ਬਬਰ

ਜਥੇਦਾਰ ਦੌਲਤਪੁਰੀ, ਐਡੀਟਰ ਬਬਰ ਅਕਾਲੀ ਦੁਆਬਾ ਅਖ਼ਬਾਰ, ੨੭ ਮਾਰਚ ਨੂੰ ਅੰਮ੍ਰਿਤ ਵੇਲੇ ਹੀ ਬਹਿਬਲਪੁਰ ਪੁੱਜ ਗਏ। ਉਹ ਆਪਣੀ ਹਵੇਲੀ ਆਪਣੇ ਭਤੀਜੇ (ਜੋ ਦਸ ਯਾਰ੍ਹਾਂ ਸਾਲ ਦਾ ਹੀ ਸੀ) ਨੂੰ ਨਾਲ ਲੈ ਕੇ ਸੁੱਤਾ ਪਿਆ ਸੀ। ਬਬਰ ਸ਼ੇਰਾਂ ਨੇ ਲੜਕੇ ਨਾਲੋਂ ਜਾ ਉਠਾਲਿਆ ਤੇ ਬਹਾਦਰਾਂ ਨੇ ਆਖਿਆ ਕਿ ਅਸੀਂ ਦੋ ਤਿੰਨ ਵੇਰ ਅੱਗੇ ਭੀ ਤੇਰੇ ਸੁਧਾਰ ਹਿਤ ਆਏ ਸਾਂ ਪਰ ਤੂੰ ਬੱਚੇ ਨੂੰ ਨਾਲ ਲੈ ਕੇ ਸੁੱਤਾ ਰਹਿੰਦਾ ਸੀ। ਸਾਨੂੰ ਇਸ ਲਈ ਮੁੜਨਾ ਪਿਆ ਕਿ ਅਸੀਂ ਬੱਚਿਆਂ ਉੱਤੇਂ ਵਾਰ ਨਹੀਂ ਕਰਦੇ ਕਿਉਂਕਿ ਬੁੱਢੇ, ਬੱਚੇ ਅਤੇ ਔਰਤ ਉੱਤੇ ਬਹਾਦਰ ਕਦੇ ਸ਼ਸਤਰ ਨਹੀਂ ਚੁੱਕਦਾ। ਇੰਞ ਗੱਲਬਾਤ ਕਰਨ ਪਿੱਛੋਂ ਤਿੰਨ ਗੋਲੀਆਂ ਜ਼ਾਲਮ ਦੀ ਭੇਟ ਕਰ ਕੇ ਦੋਜ਼ਖ਼ ਪੁਚਾਇਆ ਤੇ ਗਜ ਵਜ ਕੇ ਪਿੰਡ ਵਿਚ ਸੁਣਾਇਆ ਕਿ ਅਸੀਂ ਇਸ ਦੁਸ਼ਟ ਨੂੰ ਕਤਲ ਕੀਤਾ ਹੈ। ਕਿਸੇ ਹੋਰ ਤੇ ਸ਼ੱਕ ਨਾ ਕਰਨਾ।

### *ਭਾਈ ਨੰਦ ਸਿੰਘ ਜੀ*

ਆਪ ਲੰਬੇ ਅਰਸੇ ਤੋਂ ਨਿਤਨੇਮ ਤੇ ਪੰਜ ਕਕਾਰ ਦੀ ਰਹਿਤ ਅਤੇ ਗੁਰਸਿੱਖੀ ਅਸੂਲਾਂ ਦੇ ਧਾਰਨੀ ਸਨ। ਆਪ ਕਾਰਪੈਂਟਰੀ ਕੰਪਨੀ ਵਿਚ ਕੰਮ ਕਰਦੇ ਸੀ ਤੇ ਜਲਿਆਂ ਵਾਲਾ ਬਾਗ਼ ਤੇ ਨਾਨਕਾਣਾ ਸਾਹਿਬ ਦੇ ਵਾਕਿਆ ਹੋਣ ਤੇ ਅਕਾਲੀ ਸਜ ਗਏ ਸਨ। ਸ: ਸਰਦੂਲ ਸਿੰਘ ਜੀ ਕਵੀਸ਼ਰ ਦੀ ਗ੍ਰਿਫ਼ਤਾਰੀ ਸਮੇਂ ਨਾ-ਮਿਲਵਰਤਣ ਦੇ ਅਨੁਸਾਰ ਨੌਕਰੀ ਛੱਡ ਕੇ ਪੰਥ ਤੇ ਦੇਸ਼ ਦੀ ਸੇਵਾ ਹਿਤ ਆ ਗਏ। ਆਉਂਦਿਆਂ ਆਪ ਨੂੰ ਪਿੰਡ ਦੇ ਅਕਾਲੀ ਜਥੇ ਦਾ ਜਥੇਦਾਰ ਨੀਅਤ ਕੀਤਾ ਗਿਆ। ਫਿਰ ਆਪ ਤਨ, ਮਨ ਨਾਲ ਦੇਸ਼, ਕੌਮ ਦੀ ਸੇਵਾ ਵਿਚ ਜੁਟ ਗਏ। ਗੁਰੂ ਕਾ ਬਾਗ਼ ਦੇ ਮੋਰਚੇ ਸਮੇਂ ਪਹਿਲੋਂ ਆਪ ਮਾਰ ਖਾਣ ਵਾਲੇ ਜਥੇ ਵਿਚ ਸ਼ਾਮਿਲ ਹੋਏ। ਮਾਰ ਖਾਣ ਥੀਂ ਉਪਰੰਤ ਗ੍ਰਿਫ਼ਤਾਰ ਹੋਣ ਵਾਲੇ ਜਥੇ ਵਿਚ ਜਾ ਕੇ ਪੰਜ ਮਹੀਨੇ ਕੈਦ ਹੋ ਗਏ। ਜੇਲ੍ਹ ਯਾਤਰਾ ਕਰ ਕੇ ਆਉਣ 'ਤੇ ਆਪ ਜੀ ਦਾ ਜੋਸ਼ ਮੱਠਾ ਨਾ ਹੋਇਆ, ਸਗੋਂ "ਜਬੈ ਬਾਣ ਲਾਗਜੋ ॥ ਤਬੈ ਰੋਸ ਜਾਗਜੋ" ਦੇ ਗੁਰਵਾਕ ਅਨੁਸਾਰ ਜੋਸ਼ ਵਧ ਗਿਆ। ਬਬਰ ਅਕਾਲੀਆਂ ਦੇ ਪ੍ਰਚਾਰ ਦਾ ਆਪ 'ਤੇ ਅਸਰ ਹੋਇਆ। ਉਸ ਨੇ ਤਾਂ ਸੋਨੇ ਉਤੇ ਸੁਹਾਗੇ ਵਾਲਾ ਕੰਮ ਕੀਤਾ ਤੇ ਆਪ ਬਬਰ ਅਕਾਲੀ ਜਥੇ ਦੇ ਮੈਂਬਰ ਬਣ ਗਏ।

### *ਭਾਈ ਕਰਮ ਸਿੰਘ ਜੀ ਹਰੀਪੁਰ*

ਆਪ ਉਸੇ ਸਮੇਂ ਹੀ ਅਕਾਲੀ ਸਜੇ ਸਨ, ਜਦ ਕਿ ਭਾਈ ਕਰਮ ਸਿੰਘ ਬਬਰ, ਭਾਈ ਕਿਸਨ ਸਿੰਘ ਜੀ ਗੜਗੱਜ ਤੇ ਬਬਰ ਸੰਤਾ ਸਿੰਘ ਜੀ ਨਿਧੜਕ, ਚੱਕਰਵਰਤੀਆਂ ਦਾ ਲੈਕਚਰ ਫਰਵਰੀ ੧੯੨੨ ਵਿਚ ਘੜਿਆਲ ਦੀਵਾਨ ਵਿਚ ਹੋਇਆ ਸੀ ਤੇ ਬਿਅੰਤ ਅਕਾਲੀ ਸਜੇ ਸਨ। ਆਪ ਉਸ ਦਿਨ ਤੋਂ ਕੌਮੀ ਸੇਵਾ ਵਿਚ ਜੁਟ ਗਏ ਤੇ ਧਰਮ ਤੇ ਦੇਸ਼ ਦੀ ਆਜ਼ਾਦੀ ਹਿਤ ਤਨ, ਮਨ ਨਾਲ ਸੇਵਾ ਕਰਦੇ ਰਹੇ ਤੇ ਹੁਣ ਬਬਰ ਅਕਾਲੀ ਜਥੇ ਵਿਚ, ਝੋਲੀ-ਚੁੱਕਾਂ ਦੇ ਸੁਧਾਰ ਵਾਸਤੇ ਸ਼ਾਮਿਲ ਹੋ ਗਏ।

### ਝੋਲੀ-ਚੁੱਕ ਸੂਬੇਦਾਰ ਗੇਂਦਾ ਸਿੰਘ, ਨੰ: ੭

ਇਹ ਕੌਮੀ ਗ਼ਦਾਰ ਪਹਿਲੋਂ ੧੨੪ ਬਲੋਚੀ ਵਿਚ ਮੁਲਾਜ਼ਮ ਸੀ। ਕੋਈ ਖ਼ੁਨਾਮੀ ਕਰਨ ਦੇ ਜੁਰਮ ਵਿਚ ਬਾਰਾਂ ਪੱਥਰੋਂ ਕੱਢਿਆ ਗਿਆ ਸੀ। ਫਿਰ ਇਕ ਕੁਲੀ ਕੋਰ ਵਿਚ ਨੌਕਰ ਹੋ ਕੇ ਅੰਤ ਬਾਰਾਂ ਰੁਪਏ ਪੈਨਸ਼ਨ ਲਈ। ਆਉਣ ਸਾਰ ਹੀ ਸਰਕਾਰ ਦੀ ਝੋਲੀ-ਚੁੱਕ ਲਈ। ਘੁੜਿਆਲ ਵਿਚ ਬੜੇ ਅਕਾਲੀ ਸਨ। ਇਸ ਨੇ ਗ਼ੁਲਾਮ ਸਭਾ (ਅਮਨ) ਚੁੱਕ ਬਣਾਈ ਤੇ ਡਾਇਰੀਆਂ ਅਤੇ ਗਵਾਹੀਆਂ ਦੇ ਕੇ ਵਫ਼ਾਦਾਰੀ ਦਾ ਸਬੂਤ ਦੇਣ ਲੱਗਾ। ਇਹ ਚੁਗ਼ਲਾਂ ਵਿੱਚੋਂ ਵੀ ਸਭ ਤੋਂ ਅੱਗੇ ਲੰਘ ਗਿਆ, ਪਰ 'ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ', ਦੇ ਗੁਰਵਾਕ ਅਨੁਸਾਰ ਇਸ ਦਾ ਖਾਕ ਵਿਚ ਮਿਲਣ ਦਾ ਸਮਾਂ ਭੀ ਆ ਗਿਆ। ੧੨ ਅਪ੍ਰੈਲ ੧੯੨੩ ਨੂੰ ਦਿਨ ਛੁਪਣ ਤੋਂ ਕੁਝ ਚਿਰ ਪਹਿਲੋਂ, ਭਾਈ ਕਰਮ ਸਿੰਘ ਬਬਰ, ਦੌਲਤਪੁਰ, ਭਾਈ ਧੰਨਾ ਸਿੰਘ ਬਹਿਬਲਪੁਰ, ਭਾਈ ਉਦੈ ਸਿੰਘ ਰਾਮਗੜ੍ਹ ਝੁੰਗੀਆਂ, ਬਾਬੂ ਸੰਤਾ ਸਿੰਘ ਨਿਧੜਕ ਹਰਿਉਂ, ਭਾਈ ਨੰਦ ਸਿੰਘ ਜਥੇਦਾਰ ਘੁੜਿਆਲ, ਭਾਈ ਕਰਮ ਸਿੰਘ ਅਕਾਲੀ ਹਰੀਪੁਰ (ਮਾਣਕ), ਸੂਬੇਦਾਰ ਗੇਂਦਾ ਸਿੰਘ ਕੋਲ ਉਸ ਵੇਲੇ ਆ ਪੁੱਜੇ, ਜਿਸ ਵੇਲੇ ਉਹ ੧੦-੧੫ ਆਦਮੀਆਂ ਵਿਚ ਬੈਠਾ ਗੱਪਾਂ ਮਾਰ ਰਿਹਾ ਸੀ। ਭਾਈ ਕਰਮ ਸਿੰਘ ਜੀ 'ਬਬਰ' ਨੇ (ਗੀਦੀ ਨੂੰ) ਬਾਹੋਂ ਫੜ ਕੇ ਸਾਥ ਵਿੱਚੋਂ ਉਠਾ ਲਿਆ ਤੇ ਲੋਕਾਂ ਨੂੰ ਆਖ ਦਿੱਤਾ ਕਿ ਇਸ ਝੋਲੀ-ਚੁੱਕ ਨੂੰ ਪਿੰਡ ਬਾਈਕਾਟ ਦੁਆਰਾ ਸਮਝਾ ਕੇ, ਕਤਲ ਦੀ ਧਮਕੀ ਵਾਲਾ ਇਸ਼ਤਿਹਾਰ ਇਸ ਦੇ ਬੂਹੇ ਉੱਤੇ ਲਾ ਚੁੱਕੇ ਹਾਂ, ਪਰ ਇਹ ਕੌਮ ਘਾਤ ਕਰਨੋਂ ਨਹੀਂ ਰੁਕਿਆ। ਹੁਣ ਅਸੀਂ ਆਪਣਾ ਮੁਲਜ਼ਮ ਸਮਝ ਕੇ, ਗ੍ਰਿਫ਼ਤਾਰ (ਕਤਲ) ਕਰ ਕੇ ਇਸ ਦੇ ਜ਼ੁਲਮਾਂ ਪਾਸੋਂ ਮਜ਼ਲੂਮਾਂ ਨੂੰ ਤੇ ਇਸ ਦੇ ਪਾਪ ਪਾਸੋਂ ਇਸ ਨੂੰ ਛੁਟਕਾਰਾ ਦਿੰਦੇ ਹਾਂ। ਜੋ ਸੱਜਣ ਇਸ ਦੀ ਹਿਮਾਇਤ ਕਰੇਗਾ, ਉਸ ਦਾ ਭੀ ਇਸ ਵਾਲਾ ਹੀ ਹਾਲ ਹੋਵੇਗਾ। ਕਤਲ ਕਰਨ ਵਾਲੇ ਅਸੀਂ ਦੇਸ਼ ਸੇਵਕ ਬਬਰ ਅਕਾਲੀ ਹਾਂ। ਪੁਲਿਸ ਨੂੰ ਆਖ ਦੇਣਾ ਕਿ ਕਿਸੇ ਹੋਰ ਨੂੰ ਨਾ ਪਕੜੇ, ਸਾਨੂੰ ਹੀ ਫੜ ਕੇ ਸਜ਼ਾ ਦੇਵੇ। ਇਸ ਪਿੱਛੋਂ ਦੁਸ਼ਟ ਨੂੰ ਗੋਲੀ ਤੇ ਤਲਵਾਰ ਦੀ ਭੇਂਟ ਕਰ ਕੇ ਸਹਿਜ ਨਾਲ ਬਬਰ ਸ਼ੇਰ ਪਿੰਡੋਂ ਗਏ।

### ਨੌਕਰਸ਼ਾਹੀ ਦਾ ਕਾਇਰਾਨਾ ਵਾਰ

੧੮ ਅਪ੍ਰੈਲ ਨੂੰ ਥਾਨਾ ਆਦਮਪੁਰ ਦੀ ਪੁਲਿਸ ਘੁੜਿਆਲ ਪੁੱਜੀ ਤੇ ੧੯ ਨੂੰ ਡਿਪਟੀ ਕਮਿਸ਼ਨਰ, ਸੁਪਰਡੈਂਟ ਤੇ ਹੋਰ ਪੁਲਿਸ ਅਫ਼ਸਰ ਐਡੀਸ਼ਨਲ ਪੁਲਿਸ ਨਾਲ ਪੁੱਜੇ ਤੇ ਸਾਰੇ ਪਿੰਡ ਦੇ ਆਦਮੀਆਂ ਨੂੰ ਚੋਰਾਂ ਵਾਂਗ ਬਿਠਾਇਆ ਤੇ ਔਰਤਾਂ ਨੂੰ ਹੁਕਮ ਸੁਣਾਇਆ ਗਿਆ, ਕਿ ਕੋਈ ਪਿੰਡੋਂ ਬਾਹਰ ਨਾ ਨਿਕਲੇ। ਇਸ ਸਮੇਂ ਜਿਤਨੇ ਅਕਾਲੀ ਸਿੰਘ ਸਨ, ਉਨ੍ਹਾਂ ਨੂੰ ਧੁੱਪੇ ਬਿਠਾਇਆ ਜਾਂਦਾ ਤੇ ਕਈ ਬਦ ਲਫ਼ਜ਼ ਬੋਲੇ ਜਾਂਦੇ ਸੀ। ਕੰਮੀਆਂ ਨੂੰ ਘਾਹ ਪੱਠਾ ਲਿਆਉਣ ਖ਼ਾਤਰ ਮਾਰ-ਕੁੱਟ ਕੀਤੀ ਕਿਉਂਕਿ ਮਿਲਵਰਤਣ ਦਾ ਇਨ੍ਹਾਂ ਲੋਕਾਂ ਉੱਤੇ ਭੀ ਕਾਫ਼ੀ ਅਸਰ ਹੋ ਚੁੱਕਾ ਸੀ। ੨੧ ਅਪ੍ਰੈਲ ਨੂੰ ਅਬਦੁਲ ਅਜੀਜ਼ ਸੁਪਰਡੈਂਟ ਸੀ. ਆਈ. ਡੀ. ਤੇ ਡਿਪਟੀ ਕਮਿਸ਼ਨਰ ਜੈਕਬ

ਵੀ ਫ਼ੌਜ ਲੈ ਕੇ ਪੁੱਜ ਗਏ। ਪੁਲਿਸ ਅਫ਼ਸਰਾਂ ਵੱਲੋਂ ਇਸ ਵੇਲੇ ਅਕਾਲੀਆਂ ਨੂੰ ਆਖਿਆ ਗਿਆ ਕਿ ਖੜ੍ਹੇ ਹੋ ਕੇ ਸਲਾਮ ਕਰੋ, ਲੋਕਾਂ ਨੇ ਇਸ ਹੁਕਮ ਨੂੰ ਨਾ ਮੰਨਿਆ ਤੇ ਨਾ ਹੀ ਫ਼ੌਜ ਦੀ ਰੋਟੀ ਪਾਣੀ ਦੀ ਕੋਈ ਖ਼ਾਤਿਰ ਕੀਤੀ। ਫ਼ੌਜ ਤੇ ਪੁਲਿਸ ਨੇ ਖ਼ੂਬ ਲੁੱਟ ਮਚਾਈ। ਲੋਕਾਂ ਨੂੰ ਬਹੁਤ ਤੰਗ ਕੀਤਾ ਤੇ ਪੱਕੀ ਹੋਈ ਸਾਰੀ ਫ਼ਸਲ ਉਜਾੜ ਦਿੱਤੀ। ਤਾਜੀਰੀ ਪੁਲਿਸ ਦਾ ਟੈਕਸ ਜ਼ਬਰਦਸਤੀ ਵਸੂਲਿਆ। ਘੁੜਿਆਲ ਮਾਣਕੋ, ਚੁਖਿਆਰਾ ਆਦਿ ਪਿੰਡ ਦੀਆਂ ਤਲਾਸ਼ੀਆਂ ਲੀਤੀਆਂ ਗਈਆਂ। ੨੧ ਅਪ੍ਰੈਲ ਨੂੰ ਘੁੜਿਆਲ ਦੇ ਅਕਾਲੀਆਂ ਵੱਲੋਂ ਇਕ ਕਮੇਟੀ ਬਣਾਈ ਗਈ, ਜੋ ਨੌਕਰਸ਼ਾਹੀ ਦੇ ਜ਼ੁਲਮਾਂ ਦੀ ਪੜਤਾਲ ਕਰ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਖ਼ਬਰ ਹੁੰਦੀ ਰਹੀ। ੨੪ ਅਪ੍ਰੈਲ ਨੂੰ ਫ਼ੌਜ ਵਾਪਿਸ ਚਲੀ ਗਈ ਤੇ ਐਡੀਸ਼ਨਲ ਪੁਲਿਸ ਬੈਠੀ ਰਹੀ। ਇਸ ਦਿਨ ਭਾਈ ਨੰਦ ਸਿੰਘ ਜੀ ਜਥੇਦਾਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਤੇ ਤਲਾਸ਼ੀ ਕੀਤੀ ਗਈ। ੨੨ ਅਪ੍ਰੈਲ ੧੯੨੩ ਨੂੰ ਦੁਆਬੇ ਵਿਚ ਆਮ ਪਿੰਡਾਂ ਦੀਆਂ ਤਲਾਸ਼ੀਆਂ ਲਈਆਂ ਤੇ ਸੈਂਕੜੇ ਬੇਗੁਨਾਹ ਅਕਾਲੀਆਂ ਨੂੰ ਪੁਲਿਸ ਨੇ ਬਬਰ ਅਕਾਲੀਆਂ ਦੇ ਬਹਾਨੇ ਗ੍ਰਿਫ਼ਤਾਰ ਕਰ ਕੇ ਕਾਇਰਪੁਣੇ ਦਾ ਸਬੂਤ ਦਿੱਤਾ।

### *ਬਬਰ ਅਕਾਲੀ ਤੇ ਨੌਕਰਸ਼ਾਹੀ*

ਬਬਰ ਅਕਾਲੀ ਆਪਣਾ ਕੰਮ ਸਰਗਰਮੀ ਨਾਲ ਕਰੀ ਗਏ। ੨੨ ਮਾਰਚ ਦੇ ਬਬਰ ਅਕਾਲੀ ਦੁਆਬਾ ਅਖ਼ਬਾਰ ਵਿਚ ਭਾਈ ਉਦੈ ਸਿੰਘ ਰਾਮਗੜ੍ਹ ਝੁੰਗੀਆਂ ਵੱਲੋਂ ਐਲਾਨ ਕੀਤਾ ਗਿਆ ਕਿ ਜ਼ੈਲਦਾਰ ਬਿਸ਼ਨ ਸਿੰਘ ਰਾਣੀ ਥੂਹਾ, ਬੂਟਾ ਨੰਗਲ ਸਾਮਾਂ ਪੋਤਰੇ ਸਣੇ, ਡਾਇਰੀ ਵਾਲਾ ਤਰਖ਼ਾਨ (ਗੜ੍ਹਸ਼ੰਕਰ) ਨੂੰ ਅਸੀਂ ਕਤਲ ਕੀਤਾ ਹੈ ਅਤੇ ਇਕ ਸਾਡੀ ਜੇਲ੍ਹ ਵਿਚ ਉਮਰ ਕੈਦ ਹੈ। ਇਸ ਲਈ ਸਰਕਾਰ ਸਾਨੂੰ ਹੀ ਪਕੜੇ ਕਿਸੇ ਹੋਰ ਨਿਰਦੋਸ਼ ਅਕਾਲੀ ਨੂੰ ਨਾ ਫੜੇ। ੧੪ ਅਪ੍ਰੈਲ ਦੇ ਬਬਰ ਅਕਾਲੀ ਦੁਆਬਾ ਅਖ਼ਬਾਰ ਵਿਚ ਹਜ਼ਾਰਾ ਸਿੰਘ ਬਹਿਬਲਪੁਰ ਦਾ ਕਤਲ ਭੀ ਜ਼ਾਹਿਰ ਕੀਤਾ ਗਿਆ ਪਰ ਨੌਕਰਸ਼ਾਹੀ ਨੇ ਬਬਰ ਸ਼ੇਰਾਂ ਨੂੰ ਫੜਨ ਤੋਂ ਕਾਸਰ ਰਹਿ ਕੇ, ਜਿਵੇਂ ਦਸਮੇਸ਼ ਜੀ ਨੇ ਫ਼ੁਰਮਾਇਆ ਹੈ, "ਸਾਲਿਨ ਰਸ ਜਿਸ ਬਾਨੀਯੋ ਰੋਰਨ ਖਾਤ ਬਨਾਇ" (ਬਚਿੱਤਰ ਨਾਟਕ) ਭਾਵ ਕਿ ਕਰਾੜ ਮਾਸ ਦਾ ਸਵਾਦ ਭਾਲਦਾ ਹੈ। ਇੰਵ ਹੀ ਨੌਕਰਸ਼ਾਹੀ ਨੇ ਸ਼ਾਂਤਮਈ ਅਕਾਲੀਆਂ ਨੂੰ ਫੜ ਕੇ ਕੀਤਾ।

### *ਬਬਰ ਅਕਾਲੀਆਂ ਦਾ ਬੋਲਬਾਲਾ*

ਇਸ ਸਮੇਂ ਕੌਮੀ ਗ਼ਦਾਰ ਜਾਨ ਦਾ ਖ਼ਤਰਾ ਹੋਣ ਕਰ ਕੇ ਡਾਢੇ ਡਰੇ ਹੋਏ ਸੀ। ਕਈ ਤਾਂ ਘਰ-ਬਾਰ ਛੱਡ ਕੇ ਰਿਸ਼ਤੇਦਾਰਾਂ ਦੇ ਜਾ ਰਹੇ। ਕਈ ਪੁਲਿਸ ਥਾਣਿਆਂ ਵਿਚ ਰਹਿਣ ਲੱਗ ਪਏ। ਕਈਆਂ ਨੇ ਪੁਲਿਸ ਗਾਰਦਾਂ ਘਰਾਂ ਵਿਚ ਰੱਖ ਲਈਆਂ। ਬਬਰ ਅਕਾਲੀ ਦੁਆਬਾ ਅਖ਼ਬਾਰ ਵਿਚ ਇਹ ਵੀ ਐਲਾਨ ਕੀਤਾ ਗਿਆ ਸੀ ਕਿ ਜੋ ਝੋਲੀ-ਚੁੱਕ ਦੇਸ਼ ਸੇਵਕਾਂ ਦੇ ਖ਼ਿਲਾਫ਼ ਗਵਾਹੀ ਦੇਵੇਗਾ, ਉਸ ਦਾ ਉਧਾਰ (ਕਤਲ) ਪਹਿਲੇ ਕੀਤਾ ਜਾਏਗਾ, ਇਸ ਕਰ ਕੇ ਅਗਸਤ ਤਕ ਮੁਕੱਦਮਾ ਨਾ ਚੱਲ ਸਕਿਆ।

### ਝੋਲੀ-ਚੁੱਕ ਰਲਾ ਤੇ ਦਿਤੂ ਕੌਲਪੁਰ, ਨੰ: ੮-੯

ਇਹ ਝੋਲੀ-ਚੁੱਕ ਸਕੇ ਭਰਾ ਸਨ। ਰਲਾ ਸਫ਼ੈਦਪੋਸ਼ ਸੀ ਤੇ ਦਿਤੂ ਉਸ ਦਾ ਪਿੱਠੂ ਸੀ। ਇਨ੍ਹਾਂ ਨੇ ਜਥੇਦਾਰ ਬਾਬਾ ਦਲੀਪ ਸਿੰਘ ਜੀ ਅਕਾਲੀ ਸਾਧੜੇ ਨੂੰ ਡਾਇਰੀ ਤੇ ਗਵਾਹੀ ਦੇ ਕੇ ਕੈਦ ਕਰਵਾਇਆ ਸੀ। ਦਾਸ ਨੂੰ ਭੀ ਇਨ੍ਹਾਂ ਨੇ ੨੨ ਅਪ੍ਰੈਲ ੧੯੨੩ ਨੂੰ ਗ੍ਰਿਫ਼ਤਾਰ ਕਰਵਾਇਆ ਸੀ ਅਤੇ ਹੋਰ ਸੇਵਕਾਂ ਦੇ ਖ਼ਿਲਾਫ਼ ਵੀ ਡਾਇਰੀਆਂ ਤੇ ਗਵਾਹੀਆਂ ਦੇਂਦੇ ਸਨ। ਕਈ ਢੰਗਾਂ ਨਾਲ ਇਨ੍ਹਾਂ ਨੂੰ ਸਮਝਾਣ ਦੇ ਯਤਨ ਕੀਤੇ ਪਰ ਪਾਪੀ ਨਾ ਸਮਝੇ। ਆਖ਼ਿਰ ਇਨ੍ਹਾਂ ਦਾ ਸਮਾਂ ਨੇੜੇ ਆ ਗਿਆ ਕਿਉਂਕਿ "ਪਾਪੀ ਕਾ ਘਰੁ ਅਗਨੇ ਮਾਹਿ" ਦੇ ਗੁਰਵਾਕ ਅਨੁਸਾਰ ਪਾਪ ਰੂਪੀ ਅੱਗ ਲੱਗਣ ਨੂੰ ਤਿਆਰ ਹੋ ਗਈ ਤੇ ਬਬਰ ਅਕਾਲੀ ਜਥੇ ਵੱਲੋਂ ਇਨ੍ਹਾਂ ਦੁਸ਼ਟਾਂ ਦੇ ਦਰਵਾਜ਼ੇ ਉੱਤੇ ਉਹ ਇਸ਼ਤਿਹਾਰ ਵੀ ਲਾਇਆ ਗਿਆ ਜੋ ਇਨ੍ਹਾਂ ਦੇ ਕਤਲ ਦੇ ਸਬੰਧ ਵਿਚ ਸੀ ਪਰ ਇਹ ਉਸ ਨੂੰ ਵੀ ਵੇਖ ਕੇ ਪਾਪ ਕਰਨ ਤੋਂ ਨਾ ਹਟੇ। ਆਖ਼ਿਰ ੨੦ ਮਈ ੧੯੨੩ ਨੂੰ ਘੰਟਾ ਕੁ ਦਿਨ ਰਹਿੰਦੇ ਤੋਂ ਭਾਈ ਕਰਮ ਸਿੰਘ ਜੀ ਬਬਰ ਐਡੀਟਰ, ਭਾਈ ਉਦੇ ਸਿੰਘ ਜੀ ਰਾਮਗੜ੍ਹ ਝੁੰਗੀਆਂ, ਭਾਈ ਧੰਨਾ ਸਿੰਘ ਜੀ ਬਹਿਬਲਪੁਰ, ਭੁਝੰਗੀ ਦਲੀਪ ਸਿੰਘ ਜੀ ਧਾਮੀਆਂ ਕਲਾਂ, ਭਾਈ ਬੰਤਾ ਸਿੰਘ ਧਾਮੀਆਂ ਕਲਾਂ, ਬਾਬੂ ਸਿੰਘ ਨਿਧੜਕ, ਅਨੂਪ ਸਿੰਘ ਮਾਣਕੋ, ਭਾਈ ਬਿਸ਼ਨ ਸਿੰਘ ਜੀ ਮਾਂਗਟ (ਜੋ ਵੱਡੇ ਸੂਰਬੀਰ ਤੇ ਧਰਮੀ ਯੋਧਾ ਸਨ) ਨੇ ਦੋਹਾਂ ਦੁਸ਼ਟਾਂ (ਰਲਾ ਤੇ ਦਿਤੂ) ਨੂੰ '(ਸੋ ਸੁਨ ਹਿਤ ਕੋਲ ਪੁਰ ਸ਼ਹਿਰ ਨਗੀਨਾ, ਆਏ ਘੜੀ ਦੀ ਖ਼ਾਤਰ ਰਹੇ ਮਹੀਨਾ)' ਪੁੱਜ ਪਏ। ਇਸ ਵੇਲੇ ਇਹ ਦੋਵੇਂ ਭਾਈ ਆਪਣੀ ਬੈਠਕ ਵਿਚ ਅੱਠ-ਦੱਸ ਆਦਮੀਆਂ ਸਹਿਤ ਹੁੱਕਾ ਪੀ ਰਹੇ ਸਨ। ਬਬਰ ਅਕਾਲੀ ਸ਼ੇਰਾਂ ਨੇ ਲਲਕਾਰ ਕੇ ਆਖਿਆ ਕਿ ਰਲਾ ਤੇ ਦਿਤੂ ਦੋਵੇਂ ਖੜ੍ਹੇ ਹੋ ਜਾਓ, ਉਹ ਸਾਡੇ ਮੁਲਜ਼ਮ ਹਨ। ਚੁਨਾਂਚਿ ਬਬਰਾਂ ਨੇ ਬਾਹੋਂ ਫੜ ਕੇ ਉਠਾਲ ਲਏ ਤੇ ਬੈਠਕੋਂ ਬਾਹਰ ਲੈ ਆਏ। ਸਾਰੇ ਪਿੰਡ ਨੂੰ ਇਕੱਠਾ ਕਰ ਕੇ ਭਾਈ ਕਰਮ ਸਿੰਘ ਜੀ ਬਬਰ ਨੇ ਸੁਣਾ ਦਿੱਤਾ ਕਿ ਇਨ੍ਹਾਂ ਦੁਸ਼ਟਾਂ ਨੂੰ ਕੌਮ ਤੇ ਦੇਸ਼-ਘਾਤ ਕਰਨੋਂ ਹਟਾਉਣ ਦੇ ਕਈ ਯਤਨ ਕੀਤੇ, ਧਮਕੀਆਂ ਦਿੱਤੀਆਂ, ਕਤਲ ਕਰਨ ਸਬੰਧੀ ਇਸ਼ਤਿਹਾਰ ਇਨ੍ਹਾਂ ਦੇ ਬੂਹੇ ਲਾਇਆ, ਪਰ ਇਹ ਬਦਮਾਸ਼ ਕੌਮੀ ਪ੍ਰਵਾਨਿਆਂ ਦੇ ਲਹੂ ਵਿਚ ਨਹਾਉਣੋਂ ਨਾ ਹਟੇ। ਹੁਣ ਅਸੀਂ ਇਨ੍ਹਾਂ ਨੂੰ ਨਰਕ ਪਹੁੰਚਾਉਣ ਵਾਸਤੇ ਮਜ਼ਬੂਰ ਹਾਂ।

'ਬਬਰ ਜੀ ਨੇ ਜੋ ਉਸ ਵੇਲੇ ਕਵਿਤਾ ਪੜ੍ਹੀ ਸੀ, ਉਹ ਹੇਠ ਦਿੱਤੀ ਹੈ—

ਝੋਲੀ ਚੁਕ ਹਰਾਮਿਓ ਦੋ ਗੱਲਾਂ,
ਜਰਾਂ ਤੁਸਾਂ ਨੂੰ ਅੱਜ ਸੁਣਾ ਦੇਸਾਂ।
ਤੁਸੀਂ ਨਿਤ ਇਨਾਮ ਨੂੰ ਫੇਰ ਭੱਜੇ,
ਪੱਲੇ ਤੁਸਾਂ ਇਨਾਮ ਹੁਣ ਪਾ ਦੇਸਾਂ।
ਗਿਆ ਵਕਤ ਹੁਣ ਤੁਸਾਂ ਸਮਝਾਵਣੇ ਦਾ,
ਮਾਰ ਮਾਰ ਕੇ ਧਰਤ ਲਟਾ ਦੇਸਾਂ।

ਨੰਬਰ ਵਾਰ ਇਨਾਮ ਵਰਤਾ ਕਰ ਕੇ,
ਘਰ ਘਰ ਮੁਆਤੜੇ ਲਾ ਦੇਸਾਂ।
ਬੀਜ ਬੀਜਿਆ ਹੈ ਜਿਹੜਾ ਤੁਸਾਂ ਪਿੱਛੋਂ,
ਓਸੇ ਬੀਜ ਦੇ ਮੇਵੇ ਖੁਵਾ ਦੇਸਾਂ।
ਘਰੀ ਰੋਣ ਸੁਆਣੀਆਂ ਵੈਣ ਪਾ ਪਾ,
ਪੁਤਰ ਕਈਆਂ ਦੇ ਮਾਰ ਮੁਕਾ ਦੇਸਾਂ।
ਭੋਗ ਪਾ ਦਿੱਤਾ ਸ਼ਾਂਤਮਈ ਵਾਲਾ,
ਹਵਾ ਗਰਮ ਹੁਣ ਜਲਦ ਵਗਾ ਦੇਸਾਂ।
'ਬਬਰ', ਵਾਂਗ ਬਟੇਰਿਆਂ ਤੁਸਾਂ ਤਾਈਂ,
ਤੁੰਬ ਤੁੰਬ ਕੇ ਝੰਬ ਵਿਖਾ ਦੇਸਾਂ।

ਇੰਜ ਕਹਿ ਕੇ ਸਾਰੇ ਲੋਕਾਂ ਦੇ ਸਾਹਮਣੇ ਰਲੇ ਨੂੰ ਖੜਾ ਕਰ ਕੇ ਬਬਰ ਜੀ ਨੇ ਉਸ ਦੀ ਛਾਤੀ ਵਿਚ ਗੋਲੀ ਮਾਰੀ ਤੇ ਭਾਈ ਬੰਤਾ ਸਿੰਘ ਜੀ ਨੇ ਤਲਵਾਰ ਦਾ ਵਾਰ ਕੀਤਾ ਤੇ ਜ਼ਾਲਮ ਨੂੰ ਨਰਕ ਟੋਰ ਦਿੱਤਾ। ਇਸ ਉਪਰੰਤ ਦਿਤੂ ਨੂੰ ਉਸੇ ਥਾਂ ਲਿਆ ਕੇ ਭਾਈ ਉਦੈ ਸਿੰਘ ਜੀ ਨੇ ਦੁਸ਼ਟ ਦੀ ਛਾਤੀ ਵਿਚ ਗੋਲੀ ਮਾਰੀ ਤੇ ਭਾਈ ਧੰਨਾ ਸਿੰਘ ਜੀ ਬਹਿਬਲਪੁਰ ਨੇ ਇਕੋ ਤੇਗ਼ ਨਾਲ ਜ਼ਾਲਮ ਦਾ ਕੰਮ ਕਰ ਕੇ ਅਧਰਮੀਆਂ ਨੂੰ ਉਸ ਦੇ ਜ਼ੁਲਮ ਤੋਂ ਛੁਟਕਾਰਾ ਬਖ਼ਸ਼ਿਆ ਤੇ ਬੀਰ-ਮੰਡਲੀ 'ਜਿਸ ਕਾ ਕਾਰਜੁ ਤਿਨ ਹੀ ਕੀਆ ਮਾਣਸੁ ਕਿਆ ਵੇਚਾਰਾ ਰਾਮ' ਆਦਿ ਸ਼ਬਦ ਗਾਉਂਦੀ ਹੋਈ ਜਿਧਰ ਚਿਤ ਚਾਹਿਆ ਪਧਾਰ ਗਈ।

### *ਇਕ ਖ਼ੂਬੀ*

ਉਕਤ ਬਬਰ ਸ਼ੇਰਾਂ ਨੇ ਆਪਣੇ ਨਾਮ ਕਾਗਜ਼ 'ਪਰ ਲਿਖ ਕੇ ਮਰ ਚੁੱਕੇ ਝੋਲੀ-ਚੁੱਕਾਂ ਦੇ ਬੂਹੇ ਲਾ ਦਿੱਤੇ ਲੋਕਾਂ ਨੂੰ ਗੱਜ-ਵੱਜ ਕੇ ਸੁਣਾ ਦਿੱਤਾ ਕਿ ਅਸੀਂ ਫਲਾਣੇ ਫਲਾਣੇ ਨੇ ਇਨ੍ਹਾਂ ਝੋਲੀ-ਚੁੱਕ ਦੇਸ਼ ਦੇ ਕੌਮ ਧਰੋਹੀਆਂ ਨੂੰ ਕਤਲ ਕੀਤਾ ਹੈ। ਕਿਸੇ ਨਿਰਦੋਸ਼ ਦਾ ਨਾਮ ਨਾ ਲੈਣਾ, ਇਸ ਸਮੇਂ ਝੋਲੀ-ਚੁੱਕਾਂ ਦਾ ਮਾਲ ਬਿਲਕੁਲ ਨਹੀਂ ਲੁੱਟਿਆ। ਇਸ ਪ੍ਰਕਾਰ ਮੋਰਚਾ ਫਤਹਿ ਕਰ ਕੇ ਗੁਰੂ ਦੇ ਸ਼ੇਰ ਜਿੱਤ ਦਾ ਡੰਕਾ ਵਜਾਉਂਦੇ ਹੋਏ ਚਲਦੇ ਗਏ। ਅਗਲੇ ਦਿਨ ੨੧ ਮਈ ਨੂੰ ਬਬਰ ਅਕਾਲੀ ਦੁਆਬਾ ਅਖ਼ਬਾਰ ਵਿਚ ਭਾਈ ਬੰਤਾ ਸਿੰਘ ਜੀ ਧਾਮੀਆਂ ਤੋਂ ਬਿਨਾਂ ਸੇਵਕਾਂ ਨੇ ਆਪਣੇ ਨਾਮ ਪ੍ਰਕਾਸ਼ਤ ਕਰ ਕੇ ਐਲਾਨ ਕਰ ਦਿੱਤਾ ਕਿ ਸੂਬੇਦਾਰ ਗੇਂਦਾ ਸਿੰਘ ਘੁੜਿਆਲ ਅਤੇ ਰਲਾ ਤੇ ਦਿਤੂ ਕੌਲਪੁਰ ਨੂੰ ਅਸਾਂ ਕਤਲ ਕੀਤਾ ਹੈ। ਬਬਰ ਅਕਾਲੀ ਜਥੇ ਦੇ (ਪੈਦਾਨ) ਮੈਂਬਰ ਤਿੰਨ ਤੋਂ ਸੱਤ ਹੋ ਗਏ।

### *ਝੋਲੀ-ਚੁੱਕ ਪਟਵਾਰੀ ਅਤਾ ਮੁਹੰਮਦ, ਨੰਦਾ ਚੌਰ, ਨੰ: ੧੦*

ਇਹ ਦੁਸ਼ਟ ਡਾਇਰੀਆਂ ਤੇ ਗਵਾਹੀਆਂ ਦੇਸ਼ ਸੇਵਕਾਂ ਦੇ ਖ਼ਿਲਾਫ਼ ਜ਼ੋਰ-ਸ਼ੋਰ ਨਾਲ ਦੇਂਦਾ ਰਿਹਾ ਸੀ। ਇਸ ਨੂੰ ਭੀ ਬੜੇ ਢੰਗ ਨਾਲ ਸਮਝਾਇਆ ਜਾ ਚੁੱਕਾ ਸੀ, ਪਰ ਜ਼ਾਲਮ ਨਾ ਟਲਿਆ। ਆਖ਼ਰ "ਸੋ ਦਿਨੁ ਆਵਨ ਲਾਗਾ" 'ਮਾਤ ਪਿਤਾ

ਭਾਈ ਸੁਤ ਬਨਿਤਾ ਕਹੁ ਕੋਊ ਹੈ ਕਾ ਕਾ' 'ਤੇ ਗੁਰਵਾਕ ਅਨੁਸਾਰ ਤਿੰਨ ਬਬਰ ਅਕਾਲੀ ਸ਼ੇਰ ੬ ਜੂਨ ੧੯੨੩ ਨੂੰ ਇਸ ਨੂੰ ਉਜਾੜ ਵਿਚ ਟੱਕਰ ਪਏ ਅਤੇ ਗਰਜ ਕੇ ਆਖਿਆ ਕਿ ਐ ਜ਼ਾਲਮ! ਤੇਰਾ ਦੋਜ਼ਖ਼ ਪੁੱਜਣੇ ਦਾ ਸਮਾਂ ਆਣ ਪਹੁੰਚਾ ਹੈ। ਇੰਝ ਆਖ ਕੇ ਭਾਈ ਬੰਤਾ ਸਿੰਘ ਜੀ ਧਾਮੀਆਂ ਨੇ ਤਲਵਾਰ ਦੇ ਫਟ ਨਾਲ ਦੁਸ਼ਟ ਨੂੰ ਘਾਇਲ ਕਰ ਦਿੱਤਾ ਅਤੇ ਭੁਝੰਗੀ ਧਾਮੀਆਂ ਨੇ ਤੇ ਭਾਈ ਵਰਿਆਮ ਸਿੰਘ ਜੀ ਧੁਗੇ ਨੇ ਤੇਗ਼ਾਂ ਦੇ ਵਾਰ ਕਰ ਕੇ ਪਾਪੀ ਨੂੰ ਦੋਜ਼ਖ਼ ਦੀ ਅੱਗ ਵਿਚ ਸਾੜਨ ਲਈ ਘੱਲ ਦਿੱਤਾ ਅਤੇ ਇਸ ਜ਼ਾਲਮ ਦਾ ਮੋਰਚਾ ਫਤਹਿ ਕਰ ਕੇ ਬਬਰ ਸ਼ੇਰ ਮਰਦ ਚਲੇ ਗਏ । ਇਹ ਵਕਤ ਚਾਰ ਵਜੇ ਦਿਨ ਦਾ ਸੀ ।

***ਬਾਬੂ ਸੰਤਾ ਸਿੰਘ ਜੀ 'ਨਿਧੜਕ' ਦੀ ਗ੍ਰਿਫ਼ਤਾਰੀ***

ਸੂਬੇਦਾਰ ਗੇਂਦਾ ਸਿੰਘ ਘੁੜਿਆਲ ਦੇ ਕਤਲ ਪਿੱਛੋਂ ਨੌਕਰਸ਼ਾਹੀ ਨੇ ਸਾਰਾ ਜ਼ੋਰ ਦੁਆਬੇ ਉੱਤੇ ਪਾ ਦਿੱਤਾ। ਬਬਰ ਅਕਾਲੀਆਂ ਦੀ ਗ੍ਰਿਫ਼ਤਾਰੀ ਹਿਤ ਫ਼ੌਜੀ ਰਲਾ ਕੇ ਐਡੀਸ਼ਨਲ ਪੁਲਿਸ ਤੋਂ ਇਲਾਵਾ ਦੋ ਤਿੰਨ ਕਿਸਮ ਦੀ ਨਵੀਂ ਪੁਲਿਸ ਭਰਤੀ ਕੀਤੀ, ਜਿਸ ਵਿਚ ਕਈ ਕਮੀਨੇ, ਬੇਗ਼ੈਰਤ-ਦਿਮਾਗ ਤੇ ਇਖ਼ਲਾਕ ਤੋਂ ਗਿਰੇ ਹੋਏ ਲੋਕ ਕੌਮ ਨੂੰ ਛਿੱਕੇ ਉੱਤੇ ਟੰਗ ਕੇ ਇਸ ਬੇਸ਼ਰਮੀ ਦੀ ਟੋਕਰੀ ਨੂੰ ਚੁੱਕਣ ਲਈ ਤਿਆਰ ਹੋ ਗਏ। ਇਸ ਵੇਲੇ ਦਿਨ ਰਾਤ ਨੌਕਰਸ਼ਾਹੀ ਦੀਆਂ ਧਾੜਾਂ ਮਸ਼ੀਨਗੰਨਾਂ, ਲੁਜ਼ਰਗੰਨਾਂ ਲੈ ਕੇ ਦੁਆਬੇ ਵਿਚ ਪਿੰਡ-ਪਿੰਡ ਵਿਚ ਫਿਰਨ ਲੱਗ ਗਈਆਂ। ਦਿਨ ਕਿਤੇ, ਰਾਤ ਕਿਤੇ, ਗਰੀਬਾਂ ਦੇ ਘਰਾਂ ਉੱਤੇ ਡਾਕੇ ਮਾਰਨੇ ਆਰੰਭ ਹੋ ਗਏ। ਗ਼ਰੀਬਾਂ ਦੇ ਘਰੀਂ ਲੁੱਟ ਮਚਾਈ, ਕਈ ਥਾਵੀਂ ਰਾਤ ਨੂੰ ਤਲਾਸ਼ੀਆਂ ਕਰ ਕੇ ਅਨੇਕਾਂ ਸਿੰਘਣੀਆਂ ਬੇ-ਪਰਦ ਕੀਤੀਆਂ। ਹੋਰ ਅਨੇਕ ਭਾਵ ਦੀਆਂ ਤੰਗੀਆਂ ਦਿੱਤੀਆਂ ਗਈਆਂ, ਜਿਸ ਪਿੰਡ ਨੂੰ ਚਾਹਿਆ ਰੋਕ ਕੇ ਸਾਰਾ-ਸਾਰਾ ਦਿਨ ਬਿਠਾ ਰੱਖਿਆ, ਜਿਸ ਨੂੰ ਰਸਾਲੇ ਨੇ ਚਾਹਿਆ ਚਾਰ-ਚਾਰ ਪੰਜ-ਪੰਜ ਪਿੰਡ ਲਈ ਫਿਰਨਾ ਤੇ ਕਈਆਂ ਨੂੰ ਚਾਬਕ ਮਾਰ ਕੇ ਹਲਾਕ ਕਰ ਸੁੱਟਿਆ। ਇਸ ਸਮੇਂ ਦੁਆਬੇ ਦਾ ਇਲਾਕਾ ਇਕ ਕਿਸਮ ਦਾ ਜੰਗੀ ਮੈਦਾਨ ਬਣਾ ਗਿਆ। ਇਸ ਮੌਕੇ ਜੂਨ ਮਹੀਨੇ ਵਿਚ ਬਾਬੂ ਸਿੰਘ ਜੀ ਨਿਧੜਕ ਦੋ ਸਾਥੀਆਂ ਸਹਿਤ ਇਲਾਕਾ ਮਾਲਵੇ ਨੂੰ ਕਿਸੇ ਜ਼ਰੂਰੀ ਕੰਮ ਲਈ ਚਲੇ ਗਏ ਪਰ ਸੰਤ ਕਰਤਾਰ ਸਿੰਘ (ਤੇਲੀ) ਜਿਸ ਦਾ ਥੋੜ੍ਹਾ ਜ਼ਿਕਰ ਕਿਸੇ ਹੋਰ ਥਾਂ ਕਰ ਆਇਆ ਹਾਂ ਸਰਕਾਰੀ ਮੁਖ਼ਬਰ ਕੌਮ ਤੇ ਇਮਾਨ ਨੂੰ ਤਿਲਾਂਜਲੀ ਦੇ ਕੇ ਪਿੱਛੇ ਲੱਗਾ ਹੋਇਆ ਸੀ ਅਤੇ ਪੁਲਿਸ ਪੰਜਾਬੀ ਚਿੱਟੇ ਕੱਪੜਿਆਂ ਨਾਲ ਸੀ । ਜਦ ਬਾਬੂ ਜ਼ੀ ਬਰਨਾਲੇ ਤੋਂ ਗੱਡੀ 'ਪਰ ਸਵਾਰ ਹੋ ਕੇ ਤਪੋ ਸਟੇਸ਼ਨ ਪੁੱਜੇ ਤੇ ਆਪ ਬੇਫ਼ਿਕਰ ਹੋ ਕੇ ਸੌਂ ਰਹੇ ਸਨ । ਤਦ 'ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ' ਦੇ ਗੁਰਵਾਕ ਅਨੁਸਾਰ ਆਪ ਸੁੱਤੇ ਪਏ ਹੀ ਕਰਤਾਰ ਸਿੰਘ ਦੀ ਬੇਈਮਾਨੀ ਨਾਲ ੨੦ ਜੂਨ ੧੯੨੩ ਨੂੰ ਗ੍ਰਿਫ਼ਤਾਰ ਹੋ ਕੇ ਜ਼ਾਲਮ ਦੇ ਪਿੰਜਰੇ ਪੈ ਗਏ ।

***ਝੋਲੀ-ਚੁੱਕ ਵਿਸ਼ਨ ਸਿੰਹੁ ਸਾਂਧੜਾ, ਨੰ: 11***

ਇਹ ਆਦਮੀ ਬੜੀ ਦੇਰ ਤੋਂ ਸਰਕਾਰ ਦੀ ਝੋਲੀ ਚੁੱਕਦਾ ਹੋਇਆ ਦੇਸ਼-ਘਾਤ

ਕਰ ਰਿਹਾ ਸੀ। ਅਕਾਲੀਆਂ ਖ਼ਿਲਾਫ਼ ਰੱਜ-ਰੱਜ ਕੇ ਡਾਇਰੀਆਂ ਤੇ ਗਵਾਹੀਆਂ ਦਿੰਦਾ ਸੀ ਅਤੇ ਬਬਰ ਅਕਾਲੀਆਂ ਦੀ ਗ੍ਰਿਫ਼ਤਾਰੀ ਕਰਾਉਣ ਹਿਤ ਸਪੈਸ਼ਲ ਕਾਂਸਟੇਬਲਾਂ ਵਿਚ ਭਰਤੀ ਭੀ ਹੋ ਗਿਆ ਸੀ। ਦਿਨ ਰਾਤ ਇਸ ਦਾ ਪੇਸ਼ਾ ਹੀ ਦੇਸ਼-ਕੌਮ ਦਾ ਘਾਤ ਕਰਨਾ ਸੀ ਪਰ ਇਸ ਦੇ ਪਾਪ ਦਾ ਫਲ ਚਖਾਉਣ ਵਾਲੇ ਭੀ ਦਸਮੇਸ਼ ਜੀ ਨੇ ਭੇਜ ਦਿੱਤੇ। ੧੯ ਜੁਲਾਈ ੧੯੨੩ ਨੂੰ ਇਸ ਦੇ ਘਰ ਰਾਤ ਵੇਲੇ ਭਾਈ ਬੰਤਾ ਸਿੰਘ ਜੀ ਧਾਮੀਆਂ ਕਲਾਂ, ਭੁਝੰਗੀ ਦਲੀਪ ਸਿੰਘ ਜੀ ਧਾਮੀਆਂ ਕਲਾ, ਭਾਈ ਵਰਿਆਮ ਸਿੰਘ ਧੁਗਾ ਪੁੱਜ ਪਏ ਅਤੇ ਤਲਵਾਰ ਦੇ ਕਰਾਰੇ ਵਾਰ ਇਸ ਉੱਤੇ ਕੀਤੇ ਗਏ ਲੇਕਿਨ ਅਜੇ ਰੱਬ ਨੂੰ ਮਨਜ਼ੂਰ ਨਹੀਂ ਸੀ ਕਿ ਇਹ ਪਾਪਾਂ ਤੋਂ, ਧਰਮੀ ਬੰਦੇ ਇਸ ਦੇ ਜ਼ੁਲਮ ਤੋਂ ਬਚ ਜਾਣ। ਇਸ ਲਈ ਇਸ ਪਾਪੀ ਦਾ ਭੌਰ ਫਹਾਰ ਨਾ ਹੋਇਆ। ਬਬਰ ਅਕਾਲੀ ਤਾਂ ਆਪਣੇ ਵੱਲੋਂ ਇਸ ਦਾ ਤਮਾਮ ਕੰਮ ਕਰ ਚੁੱਕੇ ਸਨ ਪਰ ਡਾਕਟਰ ਸੰਤ ਰਾਮ (ਸਾਦਰਾ) ਦੇ ਵੇਲੇ ਸਿਰ ਪੁੱਜ ਕੇ ਜ਼ਖ਼ਮ ਸੀਂ ਦੇਣ ਦੇ ਕਾਰਨ ਇਸ ਦੀ ਪਾਪਣ ਜਿੰਦੜੀ ਬਚ ਗਈ ਤੇ ਫੇਰ ਭੀ ਉਹ ਬਚ ਬਚ ਕੇ ਝੋਲੀ ਚੁੱਕਦਾ ਰਿਹਾ।

### ਝੋਲੀ-ਚੁੱਕ ਜਵਾਲਾ ਸਿੰਹੁ ਕੋਟਲੀ ਬਾਵਾ ਦਾਸ

ਇਹ ਇਕ ਚੋਣਵਾਂ ਝੋਲੀ-ਚੁੱਕ ਸੀ, ਦਿਨੋਂ ਇਸ ਪਾਸੇ ਤਰੱਕੀ ਹੀ ਕਰੀ ਗਿਆ। ਬਬਰ ਅਕਾਲੀਆਂ ਨੂੰ ਫੜਾਉਣ ਹਿਤ ਤੇ ਬਾਕੀ ਦੇਸ਼ ਭਗਤਾਂ ਖ਼ਿਲਾਫ਼ ਡਾਇਰੀਆਂ ਤੇ ਗਵਾਹੀਆਂ ਦੇਣ ਵੱਲ ਰਜੂਮ ਹੋਇਆ ਰਿਹਾ। ਯੋਗ ਢੰਗ ਦੁਆਰਾ ਨਾ ਸਮਝਿਆ ਤੇ ੨੯-੭-੧੯੨੩ ਨੂੰ ਭਾਈ ਬੰਤਾ ਸਿੰਘ ਜੀ ਧਾਮੀਆਂ ਕਲਾਂ, ਭਾਈ ਵਰਿਆਮ ਸਿੰਘ ਜੀ ਧੁਗਾ, ਭਾਈ ਜਵਾਲਾ ਸਿੰਘ ਜੀ ਫਤਹਿਪੁਰ ਕੋਠੀ ਪਹੁੰਚ ਪਏ ਤੇ ਚੁਬਾਰੇ ਵਿੱਚੋਂ ਜਾ ਉਠਾਲਿਆ। ਸਮਾਂ ਵਿਚਾਰ ਕੇ ਬਬਰ ਅਕਾਲੀ ਸ਼ੇਰ-ਮਰਦ ਨਾਲ ਹੀ ਲੈ ਗਏ। ਪਿੰਡੋਂ ਬਾਹਰ ਜਾ ਕੇ ਇਸ ਪਾਪੀ ਦਾ ਕਤਲ ਦੁਆਰਾ ਸੁਧਾਰ ਕਰ ਕੇ ਪਾਪਾਂ ਤੋਂ ਛੁਡਾਇਆ।

### ਚਾਰ ਬਬਰ ਅਕਾਲੀਆਂ ਦੀ ਸ਼ਹੀਦੀ

**ਦੋਹਰਾ:** ਦੀਨ ਦਿਆਲ ਕਿਰਪਾਲ ਪ੍ਰਭ ਪੂਰਨ ਪੁਰਖ ਅਕਾਲ।
ਆਦਿ ਜੁਗਾਦੀ ਜਲ ਥਲੀ ਰਿਹਾ ਸ੍ਰਿਸਟ ਕੋ ਪਾਲ।

**ਦੋਹਰਾ:** ਸਤਿਗੁਰ ਨਾਨਕ ਸਾਹਿਬ ਦੇ ਧਰੋਂ ਚਰਨ ਪਰ ਮਾਥੇ।
ਦਾਨ ਮੰਗੋਂ ਕਲਿਆਨ ਹਿਤ ਧਰੋ ਸੀਸ ਪਰ ਹਾਥ।

**ਦੋਹਰਾ:** ਕਰਮ ਸਿੰਘ ਦੌਲਤ ਪੁਰੀ ਬਬਰਾਂ ਦਾ ਸਰਦਾਰ
ਕਥਾ ਕਹੂੰ ਤਬ ਉਸ ਦੀ ਬਖ਼ਸ਼ੋ ਬੁਧ ਮੁਰਾਰ।

**ਕਬਿੱਤ:** ਬਬਰ ਅਕਾਲੀ ਵਾਲੀ ਲਹਿਰ ਸੀ ਨਰਾਲੀ,
ਚਾਲੀ ਪਾਈ ਸੀ ਭੁਚਾਲੀ, ਕੇਹਰ ਵਾਂਗ ਭਬਕਾਰ ਕੇ।
ਕਰਮ ਸਿੰਘ ਸ਼ੇਰ, ਹੈਸੀ ਵਡਾ ਏਹ ਦਲੇਰ,
ਕੀਤੇ ਦੁਸ਼ਮਣ ਜ਼ੇਰ, ਵਡੇ ਹੌਸਲੇ ਨੂੰ ਧਾਰ ਕੇ।

ਦੋਸ਼ ਘਾਤਕਾਂ ਖਪਾਇਆ, ਬਿਨਾਂ ਦੋਸ਼ ਨਾ ਸਤਾਇਆ,
ਮਾਰੇ ਅਸੀਂ ਹੈ ਅਲਾਇਆ, ਇੰਝ ਕਹਿੰਦੇ ਸੀ ਵੰਗਾਰ ਕੇ।
ਦਸੀਂ ਹੋਇਆ ਜਿਉਂ ਸ਼ਹੀਦ, ਪਾਇਆ ਗੁਰਾਂ ਵਾਲਾ ਦੀਦ,
ਅੰਤ ਲਈ ਹੈ ਰਸੀਦ, ਗੁਰ ਪੁਰੀ ਨੂੰ ਸੁਧਾਰ ਕੇ।

**ਕਬਿੱਤ:** ਸਿਰ ਰੱਖ ਕੇ ਹਥੇਲੀ, ਪਿੰਡ ਗਏ ਸੀ ਬਬੇਲੀ,
ਬੜੇ ਇਕ ਜਾ ਹਵੇਲੀ, ਚੌਹਾਂ ਸਾਥੀਆਂ ਦੇ ਨਾਲ ਜੀ।
ਨਾਮ ਜਿਸ ਦਾ ਅਨੂਪਾ, ਵਿੱਚੋਂ ਹੋਇਆ ਉਹ ਕਸੂਤਾ,
ਹੈਸੀ ਬੋਘੇ ਦਾ ਭਤੀਜਾ, ਲਾਂਭ ਹੋਇਆ ਭੇਤ ਭਾਲ ਜੀ।
ਚੋਰੀਂ ਭੰਨ ਹਥਿਆਰ, ਦਸ ਸਿੰਘਣੀ ਬੀਮਾਰ,
ਵਿਚ ਗਿਆ ਸਰਕਾਰ, ਬੇਈਮਾਨ ਖੇਡ ਚਾਲ ਸੀ।
ਜਾ ਸੁਮਿਥ ਨੂੰ ਲਿਆ, ਘੇਰਾ ਪਿੰਡ ਨੂੰ ਪਵਾਇਆ,
ਸੁਤੇ ਸ਼ੇਰਾਂ ਨੂੰ ਜਗਾਇਆ, ਚਾਰ ਬਜੇ ਸੁਬ੍ਹਾ ਨਾਲ ਜੀ।

**ਪਿੰਡ ਨੂੰ ਘੇਰਾ ਪਿਆ ਵੇਖ ਬਬਰ ਜੀ ਨੇ ਸਾਥੀਆਂ ਨੂੰ ਆਖਣਾ**

ਜਦੋਂ ਪੁਲਿਸ ਨੇ ਘਤਿਆ ਆਣ ਘੇਰਾ,
ਜਥੇਦਾਰ ਨੇ ਹੁਕਮ ਸੁਣਾ ਦਿੱਤਾ।
ਜਦੋਂ ਪਿੰਡ ਤੋਂ ਨਿਕਲ ਕੇ ਬਾਹਰ ਬਾਹਰ,
ਕਰੋ ਆਪਣਾ ਵਾਰ ਜਤਾ ਦਿੱਤਾ।
ਜਿਸ ਵਕਤ ਨੂੰ ਅਸੀਂ ਉਡੀਕਦੇ ਸਾਂ,
ਓਹੀ ਰੱਬ ਨੇ ਅੱਜ ਲਿਆ ਦਿੱਤਾ।
ਲੁਕਣਾ ਭਜਣਾ ਕੰਮ ਹੈ ਗੀਦੀਆਂ ਦਾ,
ਮਰਨਾ ਸਾਹਮਣੇ ਸ਼ੇਰ ਅਲਾ ਦਿੱਤਾ।
ਮਰੋ ਆਪ ਜਾਂ ਮਾਰ ਲੌ ਵੈਰੀਆਂ ਨੂੰ,
ਸਿੰਘ ਹੌਂਸਲਾ ਆਖ ਬਨਾ ਦਿੱਤਾ।
ਭਾਵੇਂ ਘੋੜ ਸਵਾਰ ਤੇ ਪਲਟਨਾ ਸੀ,
ਨਾਹੀਂ ਸ਼ੇਰਾਂ ਨੇ ਹੌਂਸਲਾ ਡਾਹ ਦਿੱਤਾ।
ਅੱਖੀਂ ਲਾਲ ਹੋਈਆਂ ਭੁਜਾਂ ਫਰਕ ਪਈਆਂ,
ਰੰਗ ਚੇਹਰਿਆਂ ਹੋਰ ਵਟਾ ਦਿੱਤਾ।
ਸਾਹਵੇਂ ਮੌਤ ਨੂੰ ਵੇਖ 'ਗੁਰਬਚਨ ਸਿੰਘਾ',
ਕਦਮ ਪੁਲਿਸ ਦੇ ਵੱਲ ਉਠਾ ਦਿੱਤਾ।

***ਭਾਈ ਉਦੈ ਸਿੰਘ ਜੀ ਨੇ ਬਬਰ ਜੀ ਨੂੰ ਆਖਣਾ ਕਿ ਤੁਸੀਂ ਜਾਨ ਬਚਾ ਕੇ ਨਿਕਲ ਜਾਵੋ।***

ਉਦੈ ਸਿੰਘ ਨੇ ਆਖਿਆ ਬਬਰ ਤਾਈਂ,
ਅੱਗੇ ਤੁਸਾਂ ਮੈਂ ਅਰਜ਼ ਗੁਜ਼ਾਰਦਾ ਹਾਂ।

ਅੱਗੇ ਪੁਲਿਸ ਨੇ ਵਾਰ ਜ਼ਰੂਰ ਕਰਨਾ,
ਦਿਲ ਆਪਣੇ ਵਿਚ ਵਿਚਾਰਦਾ ਹਾਂ।
ਤੁਸੀਂ ਜਾਨ ਬਚਾ ਕੇ ਨਿਕਲ ਜਾਵੋ,
ਜਾ ਕੇ ਪੁਲਿਸ ਨੂੰ ਮੈਂ ਵੰਗਾਰਦਾ ਹਾਂ।
ਜੇਕਰ ਤੁਸੀਂ ਭੀ ਨਾਲ ਸ਼ਹੀਦ ਹੋ ਗਏ,
ਕੰਮ ਜਾਊ ਖਲੋ, ਉਚਾਰਦਾ ਹਾਂ।

**ਬਬਰ ਜੀ ਦਾ ਜਵਾਬ, ਭਾਈ ਉਦੈ ਸਿੰਘ ਨੂੰ**

ਜੇ ਮੈਂ ਜਾਨ ਬਚਾ ਕੇ ਨਿਕਲ ਜਾਵਾਂ,
ਮੇਰੀ ਗਲ ਦਾ ਆਪ ਧਿਆਨ ਕਰਨਾ।
ਸਾਥੀ ਨਾਲ ਦੇ ਅੱਜ ਮਰਵਾ ਜਾਵਾਂ,
ਮੇਰਾ ਫੇਰ ਨ ਕਿਸੇ ਇਤਬਾਰ ਕਰਨਾ।
ਦਾਗ ਬਬਰ ਦੇ ਨਾਮ ਨੂੰ ਲੱਗ ਜਾਊ,
ਵੇਲੇ ਅੰਤ ਦੇ ਫੇਰ ਜ਼ਰੂਰ ਮਰਨਾ।
ਤਾਨ੍ਹਾ ਮਾਰ ਕੇ ਲੋਕ ਬਦਨਾਮ ਕਰਸਨ,
ਲੁਕ ਜਾਣ ਦਾ ਮੈਂ ਨਹੀਂ ਨਾਮ ਧਰਨਾ।
ਲੋਕੀ ਕਹਿਣਗੇ ਜਾਨ ਬਚਾ ਨੱਸਾ,
ਮੇਰੇ ਪਾਸੋਂ ਏਹ ਬੋਲੀ ਨਹੀਂ ਮੂਲ ਜਰਨਾ।
ਜ਼ਿਨਾਂ ਹੁਕਮ ਸੀ ਉਨਾਂ ਕਰਵਾ ਲਿਆ ਏ,
ਅੱਜ ਹੋਣਾ ਸ਼ਹੀਦ ਨਹੀਂ ਮੂਲ ਡਰਨਾ।
ਪਰਚਾ ਪਿਆ ਹੈ ਅਜ ਪਰਖਣੇ ਦਾ,
ਬਾਜੀ ਜਿੱਤ ਜਾਵਾਂ ਨਾ ਮੈਂ ਮੂਲ ਹਰਨਾ।
ਅਸਾਂ ਦੇਸ਼ ਤੋਂ ਜਾਨ ਕੁਰਬਾਨ ਕਰਨੀ,
ਇਨ੍ਹਾਂ ਪਾਜੀਆਂ ਤੋਂ ਨਹੀਂ ਅਸਾਂ ਡਰਨਾ।
ਪ੍ਰਣ ਅਸਾਂ ਦਾ ਤੋੜ ਨਿਭਾ ਦੇਵੇ,
ਮੈਂ ਏਹ ਬੇਨਤੀ ਗੁਰਾਂ ਦੇ ਪਾਸ ਕਰਨਾ।
ਚੰਦ ਰੋਜ਼ ਦੀ ਜ਼ਿੰਦਗੀ ਵਾਂਗ ਸੁਪਣੇ,
ਓੜਕ ਅੱਜ ਯਾ ਕਲ੍ਹ ਜ਼ਰੂਰ ਮਰਨਾ।
ਸੀਸ ਰੱਖਿਆ ਜਿਨ੍ਹਾਂ ਹਥੇਲੀਆਂ 'ਤੇ,
ਉਨ੍ਹਾਂ ਮੌਤ ਕੋਲੋਂ ਫੇਰ ਕਿਉਂ ਡਰਨਾ।
ਹੁਣ ਹੋ ਤਿਆਰ 'ਗੁਰਬਚਨ ਸਿੰਘਾ',
ਸੀਸ ਰਖ ਕੇ ਗੁਰਾਂ ਦੇ ਵਿਚ ਚਰਨਾਂ।
ਮਰਨਾ ਮਾਰਨਾ ਕੰਮ ਬਹਾਦਰਾਂ ਦਾ,
ਅਤੇ ਭਜਣਾ ਕੰਮ ਹੈ ਗੀਦੀਆਂ ਦਾ।

ਅਸਾਂ ਦੁਸ਼ਮਣਾਂ ਨਾਲ ਦੋ ਹੱਥ ਕਰਨੇ,
ਵਕਤ ਆ ਗਿਆ ਅੱਜ ਸ਼ਹੀਦੀਆਂ ਦਾ।

### 'ਬਬਰ' ਜੀ ਦਾ ਹੁਕਮ ਸੁਣ ਕੇ ਤਿਆਰ ਹੋਣਾ

ਪਹਿਲੇ ਸੋਧ ਅਰਦਾਸ ਅਕਾਲ ਅੱਗੇ,
ਅੱਗੇ ਸਤਿਗੁਰਾਂ ਸੀਸ ਨਿਵਾਇਆ ਜੇ।
ਸ਼ਸਤਰ ਪਹਿਨ ਕੇ ਤਿਆਰ ਬਰ ਤਿਆਰ ਹੋਏ,
ਹੋਰ ਸਭ ਸਾਮਾਨ ਤਜਾਇਆ ਜੇ।
ਸਤਿ ਸ੍ਰੀ ਅਕਾਲ ਅਕਾਲ ਕਹਿ ਕੇ,
ਕਦਮ ਪਿੰਡ ਤੋਂ ਬਾਹਰ ਟਿਕਾਇਆ ਜੇ।
ਨਜ਼ਰ ਮਾਰ ਕੇ ਤਕਦੇ ਚੌਹ ਪਾਸੀਂ,
ਅੰਤ ਪਲਟਨਾ ਨਹੀਂ ਅਲਾਇਆ ਜੇ।
ਇਧਰ ਚਾਰ ਤੇ ਕਈ ਹਜ਼ਾਰ ਓਧਰ,
ਮੱਥਾ ਹੌਂਸਲੇ ਨਾਲ ਜਾ ਡਾਹਿਆ ਜੇ।
ਸਿੰਘਾਂ, ਸਿੰਘ ਵਾਲੀ ਭਬਕਾਰ ਮਾਰੀ,
ਮਿਰਗ ਡਾਰ ਪੁਲਿਸ ਭਜਾਇਆ ਜੇ।
ਚਿੜੀ ਬਾਜ਼ ਨੂੰ ਵੇਖ ਜਿਉਂ ਗੁੰਮ ਹੁੰਦੀ,
ਇੰਝ ਵੇਖ ਸੁਮਿਥ ਘਬਰਾਇਆ ਜੇ।
ਉੱਡੇ ਹੋਸ਼ ਤੇ ਹੋ ਗਿਆ ਜ਼ਰਦ ਚਿਹਰਾ,
ਮਾਰੇ ਡਰ ਦੇ ਥਰ ਥਰਾਇਆ ਜੇ।
ਝਟ ਪੁਲਿਸ ਪਰ ਪਿਛਾਂ ਹਟਾ ਦਿੱਤੀ,
ਦਿਉ ਰਸਤਾ ਸਾਹਿਬ ਸੁਣਾਇਆ ਜੇ।
ਖੜਾ ਕੋਸਦਾ ਸਾਹਬ 'ਗੁਰਬਚਨ ਸਿੰਘਾ',
ਰੱਬ ਕਹਿਰ ਦਾ ਦਿਨ ਚੜ੍ਹਾਇਆ ਜੇ।

### ਸਮਿਥ ਸਾਹਬ ਨੇ 'ਬਬਰ' ਜੀ ਨੂੰ ਹਥਿਆਰ ਸਿਟਣ ਵਾਸਤੇ ਆਖਣਾ

ਦੂਰੋਂ ਸਾਹਿਬ ਨੇ ਆਖਿਆ ਕਰਮ ਸਿੰਘਾਂ,
ਤੁਸੀਂ ਛੱਡ ਦੇਵੋਂ ਤਕਰਾਰ ਬਾਬਾ।
ਹੁਣ ਤੁਸਾਂ ਦਾ ਜ਼ੋਰ ਕੀ ਨਾਲ ਸਾਡੇ,
ਤੁਮ ਚਾਰ ਹਮ ਬੇਸ਼ੁਮਾਰ ਬਾਬਾ।
ਨਾਲ ਡਾਢਿਆਂ ਜ਼ੋਰ ਕੀ ਤੁਸਾਂ ਦਾ ਏ,
ਘੜੇ ਵੱਟੇ ਦਾ ਵੈਰ ਵਿਚਾਰ ਬਾਬਾ।
ਐਵੇਂ ਆਪਣੀ ਜਾਨ ਗਵਾਉ ਨਾਹੀਂ,
ਤੁਸੀਂ ਹੋ ਜਾਵੋ ਗ੍ਰਿਫ਼ਤਾਰ ਬਾਬਾ।

ਫਾਇਰ ਤੁਸਾਂ 'ਤੇ ਅਸੀਂ ਨਹੀਂ ਮੂਲ ਕਰਦੇ,
ਸਿਟ ਦਿਉ ਜੇ ਤੁਸੀਂ ਹਥਿਆਰ ਬਾਬਾ।
ਲਓ ਜਾਨ ਬਚਾ 'ਗੁਰਬਚਨ ਸਿੰਘਾ',
ਮੇਰੀ ਗੱਲ ਤੇ ਕਰੋ ਇਤਬਾਰ ਬਾਬਾ।

***ਬਬਰ ਜੀ ਦਾ ਸਮਿਥ ਨੂੰ ਜਵਾਬ***

ਸਾਡੇ ਗੁਰਾਂ ਨੇ ਦੇਸ਼ ਤੇ ਕੌਮ ਬਦਲੇ,
ਸੀਸ ਵਾਰਨਾ ਹੈ ਸਿਖਾ ਦਿੱਤਾ।
ਅੰਮ੍ਰਿਤ ਉਸ ਹੀ ਗੁਰੂ ਦਾ ਅਸੀਂ ਛਕਿਆ,
ਡਰ ਮੌਤ ਦਾ ਦਿਲੋਂ ਚੁਕਾ ਦਿੱਤਾ।
ਭਾਈ ਬੰਦ ਤੇ ਸਾਕ ਸਬੰਧੀਆਂ ਦਾ,
ਕੂੜਾ ਜਾਣ ਕੇ ਮੋਹ ਤਜਾ ਦਿੱਤਾ।
ਅਸੀਂ ਸਿੱਖ ਹਾਂ ਗੁਰੂ ਦਸਮੇਸ਼ ਜੀ ਦੇ,
ਜਿੰਨ੍ਹਾਂ ਕਰ ਉਪਕਾਰ ਵਿਖਾ ਦਿੱਤਾ।
ਸਵਾ ਲਖ ਦੇ ਨਾਲ ਲੜਾ 'ਕੱਲਾ,
ਵਿਚ ਕਿਲ੍ਹੇ ਚਮਕੌਰ ਵਿਖਾ ਦਿੱਤਾ।
ਜਦੋਂ ਤੀਕ ਪ੍ਰਾਣ, ਹਥਿਆਰ ਨਾਹੀਂ,
ਅਸਾਂ ਸੁਟਣੇ ਸਾਫ਼ ਸੁਣਾ ਦਿੱਤਾ।
ਅਸੀਂ ਜੀਉਣ ਦੀ ਆਸ ਚੁਕਾ ਬੈਠੇ
ਗੁਰੂ ਚਰਨ ਮੈਂ ਚਿਤ ਲਗਾ ਦਿੱਤਾ।
ਉਹ ਨਹੀਂ ਜੰਗ ਤੋਂ ਡਰਨ 'ਗੁਰਬਚਨ ਸਿੰਘਾ',
ਜਿਨ੍ਹਾਂ ਤਲੀ 'ਤੇ ਸੀਸ ਟਿਕਾ ਦਿੱਤਾ।

***ਬਬਰ ਜੀ ਨੇ ਫ਼ਾਇਰ ਦਾ ਇਸ਼ਾਰਾ ਕਰਨਾ***

ਜਥੇਦਾਰ ਜੀ ਆਪਣੇ ਸਾਥੀਆਂ ਨੂੰ,
ਫੇਰ ਵਾਸਤੇ ਹੱਥ ਹਲਾਵੰਦੇ ਨੇ।
ਦੋਹਾਂ ਸ਼ਿਸਤ ਲੈ ਘੋੜੇ ਦਬਾ ਦਿੱਤੇ,
ਬਬਰ ਆਪਣਾ ਹੱਥ ਵਖਾਵੰਦੇ ਨੇ।
ਧਾੜ ਪੁਲਿਸ ਸੀ ਸਾਹਬ ਦੇ ਨਾਲ ਜੇਹੜੀ,
ਹਰਨ ਹੋਇ ਕੇ ਜਾਨ ਬਚਾਵੰਦੇ ਨੇ।
ਇਕ ਵਾਰ ਤਾਂ ਘੋੜ ਸਵਾਰ ਪਲਟਨ,
ਹਾਏ ਪਿਠ ਵਿਖਾ ਜਤਾਵੰਦੇ ਨੇ।
ਉਧਰ ਬਬਰ ਭੀ ਬਬਰ ਦੇ ਵਾਂਗ ਗੱਜੇ,
ਨਾਲੇ ਸ਼ਸਤਰਾਂ ਨੂੰ ਹੱਥ ਪਾਵੰਦੇ ਨੇ।
ਧੋਖਾ ਦਿੱਤਾ ਅਨੂਪਿਆ ਪਾਜੀਆ ਓਏ,

ਬੇਈਮਾਨ ਨੂੰ ਲਾਣਤਾਂ ਪਾਵੰਦੇ ਨੇ।
ਰੱਖ ਹੌਂਸਲਾ ਜਿੱਤ ਦਾ ਚਿਤ ਅੰਦਰ,
ਕਦਮ ਨਦੀ ਦੇ ਵੱਲ ਉਠਾਵੰਦੇ ਨੇ.।
ਚੋਹਾਂ ਮਾਰੀਆਂ ਛਾਲਾਂ 'ਗੁਰਬਚਨ ਸਿੰਘਾ',
ਪਾਰ ਜਾਣਦੀ ਬਣਤ ਬਣਾਵੰਦੇ ਨੇ।
ਬੇਈਮਾਨ ਅਨੂਪੇ ਦਾ ਪਤਾ ਹੁੰਦਾ,
ਪਹਿਲੋਂ ਉਸ ਦੀ ਅਲਖ ਮੁਕਾ ਦਿੰਦੇ।
ਆਏ ਹੌਂਸਲੇ ਨਾਲ ਜੋ ਪਕੜਨੇ ਨੂੰ,
ਉਨ੍ਹਾਂ ਤਾਈਂ ਇਨਾਮ ਦੁਆ ਦਿੰਦੇ।
ਹੁੰਦੇ ਕੈਮ ਜੇ ਅਜ ਹਥਿਆਰ ਸਾਡੇ,
ਮਾਰ ਮਾਰ ਕੇ ਧਰਤ ਲਿਟਾ ਦਿੰਦੇ।
ਰਹਿ ਗਈ ਦਿਲ ਦੀ ਦਿਲ 'ਗੁਰਬਚਨ ਸਿੰਘਾ',
ਨਹੀਂ ਤੇ ਸਾਹਬ ਨੂੰ ਹੱਥ ਵਿਖਾ ਦਿੰਦੇ।

***ਨਦੀ ਵਿਚ ਤਰਿਆਂ ਜਾਂਦਿਆਂ***
***ਬਬਰ ਅਕਾਲੀਆਂ ਦੇ ਬਾਲੀ ਮਾਰੀ***

ਇਕ ਰਖ ਕੇ ਓਟ ਅਕਾਲ ਅੱਗੇ,
ਨਦੀ ਵਿਚ ਚਾਰੇ ਤਰੇ ਜਾਵੰਦੇ ਨੇ।
ਪਰਣ ਆਪਣਾ ਤੋੜ ਨਿਭੌਣ ਖਾਤਰ,
ਚਿਤ ਗੁਰਾਂ ਦੇ ਚਰਨ ਵੱਲ ਲਾਵੰਦੇ ਨੇ।
ਵੇਖ ਤਰਦਿਆਂ ਸ਼ੇਰਾਂ ਨੂੰ ਫਤਹਿ ਹੋਗੀ,
ਮੁੜ ਫੇਰ ਪਿਛਾਂਹ ਨੂੰ ਆਵੰਦੇ ਨੇ।
ਉਧਰ ਸਾਹਬ ਨੇ ਗੋਲੀ ਦਾ ਹੁਕਮ ਦਿੱਤਾ,
ਜਦੋਂ ਵੇਖਿਆ ਹੱਥ 'ਚੋਂ ਜਾਵੰਦੇ ਨੇ।
ਝਟ ਸ਼ਿਸਤ ਲੈ ਪੁਲਿਸ ਨੇ ਮਾਰੀ ਬਾਲੀ,
ਇਕ ਮਿੰਟ ਭੀ ਦੇਰ ਨਾ ਲਾਵੰਦੇ ਨੇ।
ਦੋ ਖਾਇ ਕੇ ਜ਼ਖ਼ਮ ਭੀ ਪਾਰ ਹੋਏ,
ਦੋ ਨਦੀ ਦੀ ਗੋਦ ਸਮਾਵੰਦੇ ਨੇ।
ਉਡੇ ਭੌਰ ਤੇ ਹੋਏ ਸ਼ਹੀਦ ਦੋਵੇਂ,
ਜਸ ਅੱਜ ਸੰਸਾਰ ਵਿਚ ਪਾਵੰਦੇ ਨੇ।
ਦਸੀਂ ਉਨ੍ਹਾਂ ਦਾ ਹਾਲ 'ਗੁਰਬਚਨ ਸਿੰਘਾ',
ਜੇਹੜੇ ਨਦੀ ਤੋਂ ਪਾਰ ਹੋ ਜਾਵੰਦੇ ਨੇ।

***ਜਵਾਬ***

ਸੂਰਬੀਰ ਬਬਰ ਬਿਸ਼ਨ ਸਿੰਘ ਦੋਵੇਂ,

ਘਾਇਲ ਹੋ ਭੀ ਨਦੀ ਤੋਂ ਪਾਰ ਹੋਏ ।
ਪਰ ਰੋਕ ਲਏ ਅੱਗੋਂ ਦੁਸ਼ਮਣਾਂ ਨੇ,
ਖੜੇ ਪਹਿਲੇ ਜੋ ਘੋੜ ਸਵਾਰ ਹੋਏ ।
ਫ਼ੌਜਦਾਰ ਨੇ ਆਖਿਆ ਕਰਮ ਸਿੰਘਾ,
ਆਜਾ ਅਜੇ ਭੀ ਬੇ-ਹਥਿਆਰ ਹੋਏ ।
ਐਵੇਂ ਮਰੋ ਨਾ ਤੁਸੀਂ 'ਗੁਰਬਚਨ ਸਿੰਘਾ',
ਜਾਨ ਬਚ ਦੂਜੇ ਗ੍ਰਿਫ਼ਤਾਰ ਹੋਏ ।

***ਸਵਾਲ***

ਜਥੇਦਾਰ ਨੇ ਅਗੋਂ ਜਵਾਬ ਦਿੱਤਾ,
ਅਸੀਂ ਦੋ ਹਾਂ, ਤੁਸੀਂ ਹਜ਼ਾਰ ਪਾਜੀ ।
ਸਾਡੀ ਰੂਹ ਆਜ਼ਾਦ ਤੇ ਭੈ ਕਾਹਦਾ,
ਤੁਸੀਂ ਹੋ ਗੁਲਾਮ ਗਦਾਰ ਪਾਜੀ ।
ਪੱਲੇ ਤੁਸਾਂ ਦੇ ਏਹ ਇਨਾਮ ਪੈਣਾ,
ਕਾੜ ਕਾੜ ਗੋਲੀ ਬੇਸ਼ਮਾਰ ਪਾਜੀ ।
ਅਸੀਂ ਆਪਣੀ ਭੁਜਾਂ ਦਾ ਤਾਣ ਲੈਣਾ,
ਤੁਸੀਂ ਆਪਣੇ ਲਓ ਕਰ ਵਾਰ ਪਾਜੀ ।
ਬਬਰ ਲੜ ਕੇ ਹੋ ਸ਼ਹੀਦ ਗਿਆ,
ਗੋਲੀ ਕੰਡ ਤੋਂ ਦਿੱਤੀ ਕਿਸੇ ਮਾਰ ਪਾਜੀ ।
ਮਾਰੀ ਉਸ ਨੇ ਕੱਢ ਮਿਆਨ ਵਿੱਚੋਂ,
ਡਿਗਾ ਖਾ ਕਟਾਰ ਗਦਾਰ ਪਾਜੀ ।
ਹੋਏ ਸਿੰਘ ਸ਼ਹੀਦ 'ਗੁਰਬਚਨ ਸਿੰਘਾ',
ਕੀਤੀ ਜ਼ਾਲਮਾਂ ਆਪਣੀ ਕਾਰ ਪਾਜੀ ।

***ਚਾਰ ਬਬਰ ਅਕਾਲੀ ਸ਼ਹੀਦ***

ਭਾਈ ਕਰਮ ਸਿੰਘ ਜੀ ਬਬਰ ਦੌਲਤਪੁਰ, ਭਾਈ ਉਦੈ ਸਿੰਘ ਜੀ ਰਾਮਗੜ੍ਹ ਝੁੰਗੀਆਂ, ਭਾਈ ਬਿਸ਼ਨ ਸਿੰਘ ਜੀ ਮਾਂਗਟ, ਭਾਈ ਮਹਿੰਦਰ ਸਿੰਘ ਜੀ ਪੰਡੋਰੀ ਗੰਗਾ ਸਿੰਘ ਜੀ, ਹੁਸ਼ਿਆਰਪੁਰ ਦੀ ਸ਼ਹੀਦੀ ਦਾ ਸੰਖੇਪ ਹਾਲ ਹੇਠ ਲਿਖੇ ਅਨੁਸਾਰ ਹੈ :

ਅਨੂਪ ਸਿੰਘ ਮਾਣਕੋ (ਜਲੰਧਰ), ਜੋ ਮਈ ੧੯੨੩ ਵਿਚ ਬਬਰ ਅਕਾਲੀਆਂ ਨਾਲ ਸਰਕਾਰੀ ਚਾਟੜਾ ਬਣ ਕੇ ਰਲਿਆ ਸੀ, ਉਹ ਆਪਣੇ ਪੁਲਿਸ ਦੇ ਬਿਆਨ ਵਿਚ ਪ੍ਰਗਟ ਕਰਦਾ ਹੈ, ਕਿ ੨੬ ਜੂਨ ੧੯੨੩ ਦੇ ਵਿਚ ਜਦੋਂ ਉਹ ਬਬਰ ਅਕਾਲੀਆਂ ਤੋਂ ਛੁੱਟੀ ਲੈ ਕੇ ਆਪਣੇ ਪਿੰਡ ਮਾਣਕੋ ਗਿਆ, ਉਸ ਵੇਲੇ ਓਸ ਦੇ ਇੰਦਰ ਸਿੰਹੁ ਨੂੰ ਬੋਘ ਸਿੰਹੁ ਨੇ ਕਿਹਾ ਕਿ ਤੂੰ ਭਾਈ ਕਰਮ ਸਿੰਘ ਬਬਰ, ਭਾਈ ਧੰਨਾ ਸਿੰਘ ਤੇ ਭਾਈ ਉਦੈ ਸਿੰਘ ਆਦਿ ਬਬਰਾਂ ਨੂੰ ਗ੍ਰਿਫ਼ਤਾਰ ਕਰਾ ਦੇ, ਫੇਰ ਤੈਨੂੰ ਵਾਇਦਾ ਮੁਆਫ਼ੀ ਤੇ ਉਨ੍ਹਾਂ ਦਾ ਇਨਾਮ ਮਿਲ ਜਾਵੇਗਾ ਪਰ ਅਨੂਪ ਸਿੰਹੁ ਨੇ ਕਿਹਾ ਕਿ ਪਹਿਲਾਂ

ਤੁਸੀਂ ਕਿਸੇ ਪੁਲਿਸ ਦੇ ਵੱਡੇ ਅਫ਼ਸਰ ਤੋਂ ਇਹ ਦੋਵੇਂ ਗੱਲਾਂ ਲਿਖਾ ਲਿਆਵੋ, ਕਿਤੇ ਧੋਖਾ ਨਾ ਹੋਵੇ ਤੇ ਆਪ ਬਬਰ ਦੇ ਨਾਲ ਇਕਰਾਰ ਮੂਜਬ ਨੀਯਤ ਥਾਂ ਜਾ ਰਲਿਆ। ਬੋਘਾ (ਜੋ ਘਰਾਂ ਵਿੱਚੋਂ ਇਸ ਦਾ ਤਾਇਆ ਲਗਦਾ ਸੀ ਤੇ ਸਪੈਸ਼ਲ ਕਾਂਸਟੇਬਲ ਸੀ) ਅਤੇ ਇੰਦਰ ਸਿੰਹੁ (ਅਨੂਪ ਸਿੰਹੁ ਦਾ ਪਿਉ), ਅਬਦੁਲ ਅਜ਼ੀਜ਼ ਸੁਪਰਡੈਂਟ ਸੀ. ਆਈ. ਡੀ. ਤੇ ਰਾਟਨੀ ਸੁਪਰਡੈਂਟ ਪੁਲਿਸ ਹੁਸ਼ਿਆਰਪੁਰ ਤੋਂ ਲਿਖਾ ਲਿਆਏ। ਜਦ ਦੂਜੀ ਵੇਰ ਅਨੂਪ ਸਿੰਹੁ ਮਾਣਕੋ ਪੁੱਜਿਆ ਤਾਂ ਉਕਤ ਦੋਹਾਂ ਦੇਸ਼ ਘਾਤੀਆਂ ਤੇ ਬੋਘੇ ਦੇ ਪੁੱਤਰ ਜਸਵੰਤ ਸਿੰਹੁ ਮਾਨੇ ਆਖਿਆ ਕਿ ਕੰਮ ਪੱਕਾ ਹੋ ਚੁੱਕਾ ਹੈ। ਹੁਣ ਤੂੰ ਬਬਰਾਂ ਨੂੰ ਫੜਾ ਕੇ ਇਨਾਮ ਤੇ ਮੁਆਫ਼ੀ ਪ੍ਰਾਪਤ ਕਰ ਲੈ। ਪੁਲਿਸ ਅਫ਼ਸਰ ਨੇ ਇਹ ਭੀ ਆਖਿਆ ਹੈ ਕਿ ਉਮਰ ਭਰ ਚਾਰ ਪੁਲਿਸ ਦੇ ਸਿਪਾਹੀ ਵੀ ਤੁਹਾਡੀ ਹਿਫ਼ਾਜ਼ਤ ਲਈ ਮਿਲਣਗੇ। ਇਹ ਫ਼ੈਸਲਾ ਕਰ ਕੇ ਅਨੂਪ ਸਿੰਹੁ ਨਰੂੜ ਪਿੰਡ ਬਬਰ ਅਕਾਲੀ ਜਥੇ ਨੂੰ ਜਾ ਮਿਲਿਆ ਤੇ ੩੧ ਅਗਸਤ ਨੂੰ ਅਨੂਪ ਸਿੰਹੁ ਭਾਈ ਕਰਮ ਸਿੰਘ ਜੀ ਦੌਲਤਪੁਰ ਤੋਂ ਛੁੱਟੀ ਲੈ ਕੇ ਡੁਮੇਲੀ ਪਿੰਡ ਆਪਣੀ ਭੂਆ ਨੂੰ ਮਿਲਣ ਦੇ ਬਹਾਨੇ ਗਿਆ ਤੇ ਉਥੇ ਆਪਣੀ ਭੂਆ ਦੇ ਪੁੱਤਰ ਨਿਰੰਜਣ ਸਿੰਹੁ ਵਿਦਿਆਰਥੀ ਵਲਦ ਦਲੀਪ ਸਿੰਹੁ ਦੇ ਰਾਹੀਂ ਬੋਘ ਸਿੰਹੁ ਦੇ ਛੋਟੇ ਲੜਕੇ ਕੇਵਲ ਸਿੰਘ ਨੂੰ ਮਾਣਕੋ ਤੋਂ ਬੁਲਾ ਕੇ ਸਾਰੀ ਗੱਲ ਦੱਸੀ ਕਿ ਭਲਕੇ ਅਸੀਂ ਪੰਜ ਬਬਰ ਅਕਾਲੀ ਮੇਹਰ ਸਿੰਘ ਬਬੇਲੀ ਵਾਲੇ ਦੇ ਘਰ ਰਹਾਂਗੇ। ਬੋਘ ਸਿੰਹੁ ਨੂੰ ਖ਼ਬਰ ਕਰ ਕੇ ਕਿ ਉੱਥੇ ਭਲਕੇ ਰਸਾਲਾ ਲਿਆ ਕੇ ਸਾਨੂੰ ਗ੍ਰਿਫ਼ਤਾਰ ਕਰ ਲਓ। ਕੇਵਲ ਸਿੰਹੁ ਨੇ ਮਾਣਕੋ ਪਤਾ ਦਿੱਤਾ। ਬੋਘ ਤੇ ਉਸ ਦਾ ਪੁੱਤਰ ਜਸਵੰਤ ਸਿੰਹੁ ਮਿਸਟਰ ਸਮਿਥ ਸੁਪਰਡੈਂਟ ਕੋਲ ਪੁੱਜਾ ਤੇ ਰਸਾਲੇ ਅਤੇ ਫ਼ੌਜ ਦੀ ਧਾੜ ਉਹ ਬਬੇਲੀ ਲੈ ਆਏ। ਰਾਤੋ-ਰਾਤ ਪਿੰਡ ਦੇ ਗਿਰਦ ਘੇਰਾ ਪਾ ਲਿਆ। ਇਸ ਪਿੰਡ ਦੇ ਘਰ ਭੀ ੨੦-੨੫ ਹੀ ਹਨ। ਇਧਰ ਤਾਂ ਇਹ ਪ੍ਰਬੰਧ ਹੋ ਗਿਆ ਉਧਰ ਅਨੂਪ ਸਿੰਹੁ ਭਾਈ ਕਰਮ ਸਿੰਘ ਜੀ ਬਬਰ, ਭਾਈ ਉਦੈ ਸਿੰਘ ਜੀ ਰਾਮਗੜ੍ਹ ਨੂੰ ਗਿਆ। ਭਾਈ ਬਿਸ਼ਨ ਸਿੰਘ ਜੀ ਮਾਂਗਟ ਨਾਲ ਭਾਈ ਮਹਿੰਦਰ ਸਿੰਘ ਜੀ ਪੰਡੋਰੀ ਗੰਗਾ ਸਿੰਘ ਨੂੰ ਨਾਲ ਲੈ ਕੇ ੩੧ ਅਗਸਤ ਨੂੰ ਤ੍ਰਿਕਾਲਾਂ ਵੇਲੇ ਆਪਣੇ ਇਕ ਰਿਸ਼ਤੇਦਾਰ ਸ਼ਿਵ ਸਿੰਘ ਦੇ ਘਰ ਲੈ ਗਿਆ। ਆਪ ਪਖ਼ਾਨੇ ਦੇ ਬਹਾਨੇ ਉੱਥੋਂ ਜਾ ਕੇ ਮੇਹਰ ਸਿੰਘ ਦੇ ਖੂਹ ਉਤੇ ਰਿਹਾ। ਜਦ ਦਿਨ ਚੜ੍ਹੇ ਬਬਰ ਅਕਾਲੀਆਂ ਨੂੰ ਪਤਾ ਲੱਗਾ ਕਿ ਰਸਾਲੇ ਫ਼ੌਜਾਂ ਦਾ ਘੇਰਾ ਪੈ ਚੁੱਕਾ ਹੈ, ਤਦੋਂ ਬਬਰ ਸ਼ੇਰਾਂ ਵਾਂਗ ਪਿੰਡ ਨਿਕਲਣ ਤੋਂ ਪਹਿਲਾਂ ਅਰਦਾਸਾ ਸੋਧਿਆ ਤੇ ਸਤਿ ਸ੍ਰੀ ਅਕਾਲ ਦਾ ਗੋਲੀ ਰੂਪੀ ਜੈਕਾਰਾ ਦੁਸ਼ਮਣਾਂ ਦੀ ਛਾਤੀ ਵਿੱਚ ਮਾਰਿਆ। ਦੁਸ਼ਮਣ ਦੇ ਨੇੜੇ ਪੁੱਜਣ 'ਤੇ ਸਮਿਥ ਨੇ ਬਬਰ ਅਕਾਲੀਆਂ ਨੂੰ ਆਖਿਆ "ਅਬ ਤੁਮਾਰਾ ਗ੍ਰਿਫ਼ਤਾਰੀ ਤੋਂ ਬਚਣਾ ਨਾਮੁਮਕਿਨ ਹੈ। ਬਾਬਾ ਕਰਮ ਸਿੰਘ ਹਥਿਆਰ ਜ਼ਮੀਨ 'ਪਰ ਸੁੱਟ ਦਿਉ। ਆਪ ਜੈਸੇ ਬਹਾਦਰਾਂ ਨੂੰ ਆਪਣੀ ਜਾਨ ਅਜਾਈਂ ਨਹੀਂ ਖੋਹਣੀ ਚਾਹੀਏ ਕਿਉਂਕਿ ਹੁਣ ਆਪ ਦਾ ਗ੍ਰਿਫ਼ਤਾਰੀ ਤੋਂ ਬਚਣਾ ਅਨਹੋਣੀ ਗੱਲ ਹੈ।" ਅੱਗੋਂ ਆਪ ਜੀ ਨੇ ਫ਼ੁਰਮਾਇਆ ਕਿ ਉਹ ਕਦੇ ਭੀ ਬਹਾਦਰ ਅਖਵਾਉਣ ਦਾ ਹੱਕਦਾਰ ਨਹੀਂ ਜਿਹੜਾ

ਕੋਲ ਹਥਿਆਰ ਹੁੰਦਿਆਂ-ਸੁੰਦਿਆਂ ਭੁੰਞੇ ਸੁੱਟ ਕੇ ਦੁਸ਼ਮਣ ਦੀ ਸ਼ਰਨ ਲਵੇ। ਅਸੀਂ ਉਸ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਸਿੰਘ ਹਾਂ, ਜਿਨ੍ਹਾਂ ਨੇ ਚਮਕੌਰ ਦੀ ਗੜ੍ਹੀ ਵਿਚ ਚਾਲੀ ਹੀ ਸਿੰਘ ਕੋਲ ਹੁੰਦਿਆਂ ਹਥਿਆਰ ਨਹੀਂ ਸਨ ਸੁੱਟੇ, ਬਲਕਿ ਫ਼ੁਰਮਾਇਆ ਸੀ ਕਿ ਜੰਗ ਮੈਦਾਨ ਵਿਚ ਟੋਟੇ ਤਾਂ ਹੋ ਜਾਊਂਗਾ ਪਰ ਹਥਿਆਰ ਸੁੱਟ ਕੇ ਤੁਹਾਡਾ ਕੈਦੀ ਕਦੇ ਨਹੀਂ ਅਖਵਾਵਾਂਗਾ। ਇੰਞ ਆਖ ਕੇ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਦੁਸ਼ਮਣ ਉੱਤੇ ਗੋਲੀਆਂ ਛੱਡੀਆਂ ਤੇ ਲਲਕਾਰਾ ਮਾਰਿਆ। ਫੇਰ ਕੀ ਸੀ, ਮੰਗਵੀ ਧਾੜ ਘੇਰਾ ਛੱਡ ਕੇ ਹਰਨ ਹੋ ਗਈ ਤੇ ਬਬਰ ਅਕਾਲੀ ਜਿੱਤ ਦਾ ਡੰਕਾ ਵਜਾ ਬਬੇਲੀ ਤੋਂ ਪੱਛੋਂ ਦੇ ਰੁਖ ਨੂੰ ਤੁਰ ਗਏ। ਕਰੀਬ ਅੱਧ ਮੀਲ ਉੱਤੇ ਇਕ ਨਦੀ ਜਿਸ ਨੂੰ ਬੇਈਂ ਕਹਿੰਦੇ ਹਨ ਆਉਂਦੀ ਹੈ, ਜੋ ਬਾਰਸ਼ ਦੇ ਕਾਰਨ ਉਹ ਜ਼ਿਆਦਾ ਚੜ੍ਹੀ ਹੋਈ ਸੀ। ਬਬਰ ਅਕਾਲੀ ਸ਼ੇਰ, ਪਾਰ ਲੰਘਣ ਦੇ ਖ਼ਿਆਲ ਨਾਲ, ਉਸ ਵਿਚ ਕੁਦ ਪਏ ਕਿਉਂਕਿ ਪੁਲਿਸ ਨੇੜੇ ਕੋਈ ਨਹੀਂ ਸੀ। ਇਸ ਸਮੇਂ ਜਦ ਕਿ ਬਬਰ ਅਕਾਲੀ ਤਰ ਰਹੇ ਸੀ, ਤਦ ਉਹ ਰਸਾਲਾਂ ਜੋ ਪਹਿਲੇ ਘੇਰਾ ਛੱਡ ਕੇ ਭੱਜ ਗਿਆ, ਸਮਿਥ ਦੇ ਰੋਕਣ 'ਤੇ ਫੌਰਨ ਉੱਥੇ ਪੁੱਜ ਗਿਆ ਤੇ ਤਰਦਿਆਂ ਬਬਰ ਅਕਾਲੀਆਂ 'ਤੇ ਗੋਲੀਆਂ ਦੀ ਵਰਖਾ ਕੀਤੀ। ਭਾਈ ਉਦੈ ਸਿੰਘ ਜੀ ਤੇ ਭਾਈ ਮਹਿੰਦਰ ਸਿੰਘ ਜੀ ਤਾਂ ਨਦੀ ਦੀ ਗੋਦ ਵਿਚ ਹੀ ਸ਼ਹੀਦ ਹੋ ਗਏ ਤੇ ਦੂਜੇ ਦੋਵੇਂ ਪਾਰ ਦੇ ਕਿਨਾਰੇ ਪਹੁੰਚੇ ਪਰ ਉਨ੍ਹਾਂ ਵਿਚ ਵੀ ਭਾਈ ਕਰਮ ਸਿੰਘ ਜੀ ਬਬਰ ਜ਼ਖ਼ਮੀ ਹੋ ਚੁੱਕੇ ਸਨ। ਆਪ ਅਗਲੇ ਕੰਢੇ 'ਤੇ ਮੋਰਚਾ ਲਾ ਕੇ ਦੁਸ਼ਮਣਾਂ ਉਤੇ ਗੋਲੀਆਂ ਚਲਾਈ ਗਏ ਤੇ ਸਤਿ ਸ੍ਰੀ ਅਕਾਲ ਗਜਾਈ ਗਏ। ਇਸ ਸਮੇਂ ਰਸਾਲੇ ਦੇ ਰਸਾਲਦਾਰ ਫ਼ਤਹ ਖਾਂ ਨੇ ਭਾਈ ਕਰਮ ਸਿੰਘ ਨੂੰ ਦੂਜੇ ਕੰਢਿਓਂ ਫੇਰ ਕਿਹਾ ਕਿ ਤੁਸੀਂ ਹਥਿਆਰ ਸੁੱਟ ਦਿਉ। ਗ੍ਰਿਫ਼ਤਾਰ ਹੋ ਜਾਉ ਪਰ ਦਸਮੇਸ਼ ਜੀ ਦੇ ਸ਼ੇਰ ਨੇ ਗੱਜ ਕੇ ਆਖਿਆ ਕਿ ਐ ਗੁਲਾਮੋਂ ਇਹ ਗੱਲ ਮੇਰੇ ਕੰਨ ਵੀ ਨਾ ਪਾਉ। ਮੇਰੇ ਕਲਗੀਧਰ ਪਿਤਾ ਦਾ ਹੁਕਮ ਹੈ, 'ਜਬ ਆਵ ਕੀ ਅਉਧ ਨਿਦਾਨ ਬਨੈ ਅਤ ਹੀ ਰਨ ਮੈ ਤਬ ਜੂਝ ਮਰੋਂ'। ਇੰਜ ਮਰਦਾਂ ਵਾਂਗ ਜੰਗ ਕਰਦੇ ਕਰਦੇ ਹੀ ਉਹ ਦਸਮੇਸ਼ ਜੀ ਦੀ ਗੋਦ ਵਿਚ ਹਮੇਸ਼ਾ ਲਈ ਸੌਂ ਗਏ ਤੇ ਸ਼ਹੀਦੀ ਬਾਟਾ ਛਕ ਕੇ ਘਾਲਣਾ ਘਾਲ ਗਏ। ਭਾਈ ਬਿਸ਼ਨ ਸਿੰਘ ਜੀ ਸਖ਼ਤ ਜ਼ਖ਼ਮੀ ਸਨ। ਆਪ ਨੂੰ ਫੜਨ ਵਾਸਤੇ ਦੁਸ਼ਮਣ ਪਾਰ ਪੁੱਜੇ। ਅੱਗੇ ਦਸਮੇਸ਼ ਜੀ ਦਾ ਲਾਲ ਬਬਰ ਸ਼ੇਰ ਵਾਂਗ ਹੌਸਲਾ ਧਾਰ ਕੇ ਉੱਠਿਆ ਤੇ ਭਗੌਤੀ ਧੂ ਕੇ ਦੁਸ਼ਮਣਾਂ ਉੱਤੇ ਜਾ ਪਿਆ ਅਤੇ ਇਕ ਜ਼ਾਲਮ ਨੂੰ ਘਾਇਲ ਕਰ ਕੇ ਸ਼ਹੀਦੀ ਫ਼ੌਜ ਵਿਚ ਜਾ ਸ਼ਾਮਿਲ ਹੋਇਆ।

### *ਭਾਈ ਬਿਸ਼ਨ ਸਿੰਘ ਮਾਂਗਟ*

ਇਸ ਬਹਾਦਰ ਨੇ ਸਰਦਾਰ ਈਸ਼ਰ ਸਿੰਘ ਜੀ ਦੇ ਘਰ ਪਿੰਡ ਮਾਂਗਟ, ਜ਼ਿਲ੍ਹਾ ਜਲੰਧਰ ਵਿਖੇ ਜਨਮ ਲਿਆ ਸੀ। ਇਹ ਸ਼ਖ਼ਸ ਵੱਡਾ ਦਲੇਰ ਸੀ। ਜ਼ਿਮੀਦਾਰੇ ਦਾ ਕੰਮ ਕਰ ਕੇ ਧਰਮ ਕਿਰਤ ਕਰਦਾ ਸੀ। ਇਸ ਨੂੰ ੨੯ ਸਤੰਬਰ ੧੯੨੨ ਨੂੰ 'ਬਬਰ' ਜੀ ਨੇ ਆਪਣੇ ਜਥੇ ਦਾ ਮੈਂਬਰ ਬਣਾਇਆ ਸੀ। ਪਿੰਡ ਦੇ ਅਕਾਲੀ ਜਥੇ ਦਾ ਜਥੇਦਾਰ ਸੀ। ਧਰਮ, ਦੇਸ਼ ਤੇ ਪੰਥ ਨਾਲ ਪੂਰਾ-ਪੂਰਾ ਪਿਆਰ ਸੀ। ਸੋਹਣਾ, ਸੁਡੌਲ ਜਵਾਨ

ਸੀ। ਹੰਸਾਂ ਮੋਤੀਆਂ ਦੀ ਚੋਗ ਚੁਗਾ ਕੇ ਚਲਦਾ ਲੱਗਾ।

***ਭਾਈ ਮਹਿੰਦਰ ਸਿੰਘ ਜੀ ਪੰਡੋਰੀ***

ਇਸ ਗੁਰਮੁਖ ਨੇ ਭਾਈ ਲਾਭ ਸਿੰਘ ਜੀ ਦੇ ਘਰ ਪੰਡੋਰੀ ਗੰਗਾ ਸਿੰਘ, ਜ਼ਿਲ੍ਹਾ ਹੁਸ਼ਿਆਰਪੁਰ, ਵਿਖੇ ਜਨਮ ਲੀਤਾ। ਫਿਰ ੧੬-੧੭ ਸਾਲਾਂ ਦੀ ਉਮਰ ਵਿਚ ੪੭ ਸਿੱਖ ਪਲਟਨ ਵਿਚ ਨੌਕਰ ਹੋਇਆ। ੪-੫ ਸਾਲਾਂ ਪਿੱਛੋਂ ਸਾਕਾ ਨਾਨਕਾਣਾ ਸਾਹਿਬ ਹੋਣ 'ਤੇ ਇਹ ਸੱਜਣ ਪਲਟਨ ਵਿਚ ਹੀ ਅਕਾਲੀ ਸਜਿਆ ਸੀ ਤੇ ਹੋਰ ਫ਼ੌਜੀਆਂ ਨੂੰ ਪ੍ਰਚਾਰ ਕਰਦਾ ਰਿਹਾ। ਇਸ ਜੁਰਮ ਹੇਠ ਸ਼ੁਰੂ ੧੯੨੨ ਨੂੰ ਇਸ ਉੱਤੇ ਫ਼ੌਜ ਵਿਚ ਮੁਕੱਦਮਾ ਚਲਾਇਆ ਗਿਆ। ਆਖ਼ਰ ਫ਼ੌਜੀ ਅਫ਼ਸਰਾਂ ਨੇ ਇਸ ਨੂੰ ਆਖਿਆ ਕਿ ਤੂੰ ਖੁਸ਼ੀ ਨਾਲ ਨਾਮ ਕਟਵਾ ਲੈ। ਬੱਸ ਫੇਰ ਕੀ ਸੀ ਆਪ ਤਾਂ ਪਹਿਲੇ ਹੀ ਤਿਆਰ ਬੈਠੇ ਸਨ। ਝਟਪਟ ਅਪ੍ਰੈਲ ੧੯੨੨ ਵਿਚ ਨੌਕਰੀ ਛੱਡ ਕੇ ਆਪਣੇ ਪਿੰਡ ਆ ਗਏ। ਆਪ ਨੇ ਆਉਂਦਿਆਂ ਹੀ ਪਿੰਡ ਵਿਚ ਪੰਚਾਇਤ ਤੇ ਕਾਂਗਰਸ ਕਮੇਟੀ ਕਾਇਮ ਕਰ ਦਿੱਤੀ। ਆਪ ਜੀ ਨੂੰ ਹੀ ਕਾਂਗਰਸ ਕਮੇਟੀ ਦਾ ਸਕੱਤਰ ਤੇ ਅਕਾਲੀ ਜਥੇ ਦਾ ਜਥੇਦਾਰ ਥਾਪ ਦਿੱਤਾ ਗਿਆ। ਆਪ ਧਰਮ ਦੇਸ਼ ਤੋਂ ਵਿਕੇ ਹੋਏ ਸਚਮੁਚ ਦੇ ਪੂਰਨ ਸੇਵਕ ਸਨ। ਗੁਰਮੁਖੀ ਚੰਗੀ ਜਾਣਦੇ ਸਨ ਤੇ ਗੁਰਬਾਣੀ ਦਾ ਨਿਤਨੇਮ ਅਤੇ ਪੰਜ ਕਕਾਰ ਦੀ ਰਹਿਤ ਆਦਿ ਤੇ ਗੁਰਸਿੱਖੀ ਅਸੂਲਾਂ ਦੇ ਪਾਬੰਦ ਸਨ। ਬਬਰ ਅਕਾਲੀ ਦਲ ਅਖ਼ਬਾਰ ਵੰਡਣ ਵਿਚ ਤੇ ਜਥੇ ਦੀ ਸੇਵਾ ਵਿਚ ਪਹਿਲੇ ਨੰਬਰ 'ਤੇ ਰਹਿੰਦੇ ਸਨ ਪਰ ਭਾਈ ਕਰਮ ਸਿੰਘ ਜੀ ਬਬਰ ਦੇ ਚਰਨ ਇਸ ਦੇ ਘਰ ਪੈਣ ਕਰ ਕੇ ਇਸ ਨੂੰ ਬੀਰਤਾ ਦਾ ਰੰਗ ਭੀ ਚੜ੍ਹ ਗਿਆ ਤੇ ਬਬਰ ਅਕਾਲੀ ਜਥੇ ਦੇ ਮੈਂਬਰ ਬਣ ਕੇ ਚੰਦ ਮਾਹ ਬਾਅਦ ਸ਼ਹੀਦੀ ਬਾਟਾ ਛਕ ਕੇ ਦਸਮੇਸ਼ ਜੀ ਦੇ ਚਰਨਾਂ ਵਿਚ ਪੁੱਜ ਗਏ।

***ਭਾਈ ਧੰਨਾ ਸਿੰਘ ਬਹਿਬਲਪੁਰ***

ਧੰਨਾ ਸਿੰਘ ਸ਼ਹੀਦ ਸੀ ਪਿੰਡ ਬਹਿਬਲਪੁਰ ਦਾ,
ਸ਼ੀਲ ਸੁਭਾਉ, ਸਤਿ ਵਾਦੀਆ, ਕਿਸੇ ਵੇਖ ਨਾ ਝੁਰਦਾ।
ਨੇਮੀ ਪਰੇਮੀ ਨਾਮ ਦਾ, ਸਿੰਘ ਸਿਦਕੀ ਗੁਰ ਦਾ,
ਜੰਗ ਮਚਾਵਣ ਖ਼ਾਤਰੇ ਦਿਲ ਰਹਿੰਦਾ ਫੁਰਦਾ।
ਗੋਲੀ ਸਨਮੁਖ ਖਾਨ ਨੂੰ, ਹੋ ਮੋਹਰੇ ਤੁਰਦਾ,
ਗੁਰ ਬਖ਼ਸ਼ੇ ਬਲ ਜਿਸ ਨੂੰ ਕਿਉਂ ਪਿਛਾਂਹ ਮੁੜਦਾ।
ਆਇਆ ਜਥੇ ਬਬਰ ਮੇਂ, ਰਖ ਵੱਡਾ ਗੁਰਦਾ,
ਸੂਰਾ ਪੂਰਾ ਹੋ ਗਿਆ ਲਿਖ ਮਸਤਕ ਧੁਰਦਾ।

***ਪਉੜੀ***

ਇਕ ਦਿਨ ਐਸਾ ਆਇਆ ਰਬ ਤਾਪ ਝੜਾਇਆ,
ਹੋਸ਼ ਨ ਉਠਣ ਬਹਿਣ ਦੀ ਨਹਿੰ ਤੁਰਿਆ ਜਾਇਆ।
ਇਕ ਭਾਈ ਬੰਦ ਏਸ ਦਾ ਜਿਨ ਕੋਲ ਬੁਲਾਇਆ,
ਨੀਯਤ ਵਿਗੜੀ ਉਸ ਦੀ, ਮਾਇਆ ਭਰਮਾਇਆ।

ਰਾਤ ਸੁਲਾ ਕੇ ਪਾਸ ਹਥਿਆਰ ਲੁਕਾਇਆ,
ਖ਼ਬਰ ਪੁਜਾਈ ਪੁਲਿਸ ਨੂੰ ਕਪਤਾਨ ਬੁਲਾਇਆ।
ਸਣੇ ਘੋੜਿਆਂ ਪਿਆਦੇ ਪਲਟਨ ਲੈ ਆਇਆ,
ਪਾਪੀ ਪਾਪ ਕਮਾਇਆ ਸੀ ਨਾ ਸ਼ਰਮਾਇਆ।
ਵੇਖੋ ਬਣ ਕੇ ਭਾਈ ਬੰਦ ਕਿੰਨਾ ਜ਼ੁਲਮ ਕਮਾਇਆ।

**ਬੈਂਤ**

ਘਰ ਸਦ ਬਣਾ ਕੇ ਭਾਈ ਪਹਿਲਾਂ,
ਦਗਾ ਉਸ ਦੇ ਨਾਲ ਕਮਾਇਆ ਜੇ।
ਬੇਈਮਾਨ ਨੇ ਚੱਕ ਹਥਿਆਰ ਲਏ,
ਨਿਹੱਥਾ ਸ਼ੇਰ ਨੂੰ ਕਰ ਬਹਾਇਆ ਜੇ।
ਇਕ ਬਿਨਾ ਹਥਿਆਰ, 'ਬੀਮਾਰ ਦੂਜਾ,
ਪਿਆ ਮੰਜੇ 'ਤੇ ਆਣ ਦਬਾਇਆ ਜੇ।
ਹਥਕੜੀ ਲਗਾ ਲਈ ਪੁਲਸੀਆਂ ਨੇ,
ਪਹਿਰਾ ਚਾਰ ਚੁਫੇਰ ਲਗਾਇਆ ਜੇ।
ਤਾਹਨਾ ਮਾਰਿਆ ਪੁਲਿਸ ਕਪਤਾਨ ਉਹਨੂੰ,
ਕਿਉਂ ਨਹੀਂ ਗੁਰਾਂ ਦਾ ਜ਼ੋਰ ਵਖਾਇਆ ਜੇ।
ਨਾਲੇ ਖਿਚਦੇ ਧੂਕਦੇ ਸਿੰਘ ਤਾਈਂ,
ਤਨ ਤਾਨਿਆਂ ਨਾਲ ਸੁਕਾਇਆ ਜੇ।
ਕਰੀ ਬੇਨਤੀ ਸਿੰਘ ਨੇ ਗੁਰਾਂ ਅੱਗੇ,
ਕਰੋ ਦਾਸ ਦੀ ਆਣ ਸਹਾਇਆ ਜੇ।
ਸਤਿਨਾਮ ਕਹਿ ਮਾਰਿਆ ਇਕ ਹੁਜਕਾ,
ਤੋੜ ਸੰਗਲਾਂ ਤਾਈਂ ਵਖਾਇਆ ਜੇ।
ਇਕ ਬੰਬ ਸੀ ਬਗਲ ਦੇ ਵਿਚ ਉਹ ਦੇ,
ਝਟਪਟ ਹੀ ਕੱਢ ਚਲਾਇਆ ਜੇ।
ਲਾਜ ਰੱਖ ਲਈ ਗੁਰਾਂ ਗੁਰਬਚਨ ਸਿੰਘਾ,
ਐਸਾ ਰਬ ਸਬਬ ਬਣਾਇਆ ਜੇ।

**ਕੋਰੜਾ ਛੰਦ**

ਇਕ ਬੰਨੇ ਕੰਧ ਇਕ ਬੰਨੇ ਆਪ ਸੀ,
ਇਕ ਬੰਨੇ ਪੁਲਿਸ ਰਹੀ ਅਲਾਪ ਸੀ।
ਕਿੱਥੇ ਗੁਰੂ ਤੇਜਾ ਜੇਹਨੇ ਤੈਨੂੰ ਪਾਲਿਆ,
ਸਿੰਘ ਸੂਰਮੇ ਦਾ ਅੰਗ ਗੁਰਾਂ ਪਾਲਿਆ।
ਰੱਖੋ ਲਾਜ ਗੁਰੂ ਨਾ ਮੈਂ ਮੌਤੋਂ ਡਰਦਾ,
ਹੱਥ ਜੋੜ ਬਿਨੈ ਧੰਨਾ ਸਿੰਘ ਕਰਦਾ।

ਹੋਰ ਆਸ ਛੱਡ ਤੈਨੂੰ ਹੀ ਧਿਆ ਲਿਆ,
ਸਿੰਘ ਸੂਰਮੇ ਦਾ ਅੰਗ ਗੁਰਾਂ ਪਾਲਿਆ।
ਸਤਿਨਾਮ ਸਿੰਘ ਨੇ ਮੁਖੋਂ ਉਚਾਰਿਆ,
ਹਥ-ਕੜੀ ਤੋੜ ਗੋਝੇ ਹੱਥ ਮਾਰਿਆ।
ਖਿੱਚ ਸਪਰਿੰਗ ਬੰਬ ਬੀ ਚਲਾ ਲਿਆ,
ਸਿੰਘ ਸੂਰਮੇ ਦਾ ਅੰਗ ਗੁਰਾਂ ਪਾਲਿਆ।
ਛੱਡਿਆ ਜਾਂ ਬੰਬ ਸੀ ਪਟਾਕਾ ਪੈ ਗਿਆ,
ਪੁਲਿਸ ਕਪਤਾਨ ਮੂੰਹ ਦੇ ਭਾਰ ਢੈ ਗਿਆ।
ਜਿਸ ਨੇ ਤਾਨੇ ਨਾਲ ਸਿੰਘ ਨੂੰ ਸੀ ਜਾਲਿਆ,
ਸਿੰਘ ਸੂਰਮੇ ਦਾ ਅੰਗ ਗੁਰਾਂ ਪਾਲਿਆ।
ਦੋਏ ਅੰਗਰੇਜ਼ ਇਕ ਥਾਣੇਦਾਰ ਸੀ,
ਸੱਤ ਸੀ ਸਿਪਾਹੀ ਦਿੱਤੇ ਉਹਨੇ ਮਾਰ ਜੀ।
ਬਾਕੀ ਭੱਜੇ ਕਿਸੇ ਹੋਸ਼ ਨਾ ਸੰਭਾਲਿਆ,
ਸਿੰਘ ਸੂਰਮੇ ਦਾ ਅੰਗ ਗੁਰਾਂ ਪਾਲਿਆ।
ਹੋਏ ਕਈ ਫਟੜ ਦੁਖੀ ਹੋ ਰੋਵੰਦੇ,
ਮਲ੍ਹਮਾਂ ਲਗਾਉਂਦੇ ਜ਼ਖ਼ਮਾਂ ਨੂੰ ਧੋਵੰਦੇ।
ਅਸਾਂ ਜਾਣ ਬੁਝ ਮੌਤ ਨੂੰ ਬੁਲਾ ਲਿਆ,
ਸਿੰਘ ਸੂਰਮੇ ਦਾ ਅੰਗ ਗੁਰਾਂ ਪਾਲਿਆ।
ਛੱਡ ਦਿੰਦੇ ਨੌਕਰੀ ਤਾਂ ਕਾਹਨੂੰ ਮਰਦੇ,
ਘਰ ਬੈਠੇ ਰਹਿੰਦੇ ਨਾ ਏਹ ਦੁਖ ਜਰਦੇ।
ਐਵੇਂ ਛੇੜ ਸਿੰਘ ਨੂੰ ਸਿਆਪਾ ਪਾ ਲਿਆ,
ਸਿੰਘ ਸੂਰਮੇ ਦਾ ਅੰਗ ਗੁਰਾਂ ਪਾਲਿਆ।
ਆਪ ਭੀ ਸ਼ਹੀਦ ਧੰਨਾ ਸਿੰਘ ਹੋ ਗਿਆ,
ਜਨਮ ਮਰਨ ਦੋਹਾਂ ਤਾਈਂ ਹੋ ਗਿਆ।
ਕੀਤਾ ਜੋ ਪ੍ਰਣ ਸਿੰਘ ਨੇ ਨਿਭਾ ਲਿਆ,
ਸਿੰਘ ਸੂਰਮੇ ਦਾ ਅੰਗ ਗੁਰਾਂ ਪਾਲਿਆ।
ਧੰਨ ਸਿੱਖ ਧੰਨ ਗੁਰੂ ਦਸਮੇਸ਼ ਜੀ,
ਖਾਲਸੇ ਦੇ ਸੰਗ ਜੋ ਰਹੇ ਹਮੇਸ਼ ਜੀ।
ਹੋਵੰਦਾ ਮੁਕਤ ਗੁਰੂ ਜਿਨ੍ਹਾਂ ਧਿਆ ਲਿਆ,
ਸਿੰਘ ਸੂਰਮੇ ਦਾ ਅੰਗ ਗੁਰਾਂ ਪਾਲਿਆ।

ਇਸ ਸੂਰਬੀਰ ਨੇ ਸਰਦਾਰ ਇੰਦਰ ਸਿੰਘ ਜੀ ਦੇ ਘਰ ਪਿੰਡ ਬਹਿਬਲਪੁਰ, ਜ਼ਿਲ੍ਹਾ ਹੁਸ਼ਿਆਰਪੁਰ, ਜਨਮ ਧਾਰਿਆ। ਇਸ ਨੇ ਗੁਰਮੁਖੀ ਤੇ ਉਰਦੂ ਵਿੱਦਿਆ ਕਾਫ਼ੀ ਪੜ੍ਹੀ। ਵਿੱਦਿਆ ਦਾ ਚੰਗਾ ਜਾਣੂ ਹੋ ਕੇ ਜ਼ਿੰਮੀਦਾਰ ਦਾ ਕੰਮ ਕਰਨ ਵਿਚ ਲੱਗ

ਗਿਆ। ਜਲ੍ਹਿਆ ਵਾਲੇ ਸਾਕੇ ਤੋਂ ਬਾਅਦ ਸਿਵਲ ਨਾ-ਫ਼ੁਰਮਾਨੀ ਸ਼ੁਰੂ ਸਮੇਂ ਦੇਸ਼ ਤੇ ਕੌਮ ਦੀ ਸੇਵਾ ਵਿਚ ਜੁੱਟ ਗਿਆ। ਨਨਕਾਣਾ ਸਾਹਿਬ ਜੀ ਦਾ ਸਾਕਾ ਹੋਣ 'ਤੇ ਇਹ ਅਕਾਲੀ ਸੱਜ ਗਿਆ ਤੇ ਪ੍ਰਚਾਰ ਕਰ ਕੇ ਇਸ ਨੇ ਬਹੁਤ ਸਾਰੇ ਅਕਾਲੀ ਸਜਾਏ। ਪਿੰਡ ਦੇ ਅਕਾਲੀ ਜਥੇ ਦਾ ਜਥੇਦਾਰ ਇਨ੍ਹਾਂ ਨੂੰ ਨੀਯਤ ਕੀਤਾ ਗਿਆ। ਪ੍ਰਚਾਰਕ ਤੇ ਜਥੇਦਾਰ ਹੋਣ ਕਰ ਕੇ ਜਦ ਮਾਰਚ ੧੯੨੨ ਪਿੱਛੋਂ ਅਕਾਲੀਆਂ ਦੇ ਅਨ੍ਹੇ-ਵਾਹ ਵਾਰੰਟ ਹਕੂਮਤ ਨੇ ਕੱਢੇ ਸਨ, ਤਦ ਆਪ ਜੀ ਦਾ ਵਾਰੰਟ ਭੀ ਜਾਰੀ ਹੋ ਗਿਆ ਪਰ ਆਪ ਨੇ ਜ਼ਾਲਮ ਦੇ ਪਿੰਜਰੇ ਪੈਣਾ ਮੁਨਾਸਿਬ ਖ਼ਿਆਲ ਨਾ ਕੀਤਾ ਅਤੇ ਨਾ ਹੀ ਪਿੰਡੋਂ ਲਾਂਭੇ ਗਏ। ਸਾਰਾ ਸਾਲ ੧੯੨੨ ਪਿੰਡ ਹੀ ਰਹੇ। ਆਖ਼ਿਰ ੧-੨ ਜਨਵਰੀ ੧੯੨੩ ਨੂੰ ਆਪ ਬਬਰ ਅਕਾਲੀ ਜਥੇ ਦੇ ਮੈਂਬਰ ਜਾ ਹੋਏ ਅਤੇ ਝੋਲੀ ਚੁੱਕਾਂ ਦੇ ਸੁਧਾਰ ਹਿਤ ਜੁੱਟ ਗਏ। ਆਪ ਪੁਰਜੋਸ਼ ਬਹਾਦਰ ਸਿੰਘ ਸਨ। ਦੇਸ਼ ਕੌਮ ਦੀ ਸੇਵਾ ਕਰਦੇ ਰਹੇ। ਆਪ ਜੀ ਦੀ ਸ਼ਹੀਦੀ ਹੇਠ ਲਿਖੀ ਸਾਜ਼ਿਸ਼ ਨਾਲ ਹੋਈ :

ਬੇਲਾ ਸਿੰਹੁ ਪਿੰਡ ਜਿਆਣ (ਜਿਸ ਨੂੰ ੨੪ ਮੱਘਰ ਸੰਨ ੧੯੩੩ ਦੇ ਦਿਨ ਕਿਸੇ ਦੇਸ਼ ਸੇਵਕ ਨੇ ਕਤਲ ਕੀਤਾ ਤੇ ਪਹਿਲੇ ਇਸ ਨੇ ਵੈਨਕੂਵਰ ਦੇ ਗੁਰਦੁਆਰੇ ਵਿਚ ਹਾਪਕਿਨਸਨ ਦਾ ਚੇਲਾ ਬਣ ਕੇ ਭਰੇ ਦੀਵਾਨ ਵਿਚ ਗੋਲੀ ਚਲਾਈ ਸੀ, ਜਿਸ ਨਾਲ ਭਾਈ ਭਾਗ ਸਿੰਘ ਤੇ ਭਾਈ ਬਤਨ ਸਿੰਘ ਜੀ ਉਸ ਵੇਲੇ ਸ਼ਹੀਦ ਤੇ ਕਈ ਸਿੰਘ ਜ਼ਖ਼ਮੀ ਹੋਏ ਸਨ। ਉਸ ਦੀ ਇਵਜ਼ ਵਿਚ ਸਰਕਾਰ ਨੇ ਪੰਜ ਮੁਰਬੇ ਜ਼ਮੀਨ ਦਿੱਤੀ ਹੋਈ ਸੀ) ਜ਼ਿਲ੍ਹਾ ਹੁਸ਼ਿਆਰਪੁਰ ਤੇ ਉਸ ਦਾ ਸਕਾ ਭਾਈ ਜਵਾਲਾ ਸਿੰਹੁ ਇਨ੍ਹਾਂ ਦੀ ਭੂਆ ਦਾ ਪੁੱਤ ਬਸੰਤ ਸਿੰਹੁ ਬੂੜੋ ਬਾੜੀ ਹੁਸ਼ਿਆਰਪੁਰ ਅਤੇ ਕਰਤਾਰ ਸਿੰਹੁ ਵਲਦ ਜਵਾਲਾ ਸਿੰਹੁ, ਬੂੜੋ ਬਾੜੀ (ਜੋ ਬਬਰ ਅਕਾਲੀ ਮੁਕੱਦਮੇ 'ਚ ਵਾਅਦਾ ਮਾਫ਼ ਸੀ ਤੇ ਇਸ ਨੂੰ ਭੀ ਮਗਰੋਂ ਕਿਸੇ ਦੇਸ਼ ਸੇਵਕ ਨੇ ਕਤਲ ਕੀਤਾ), ਈਸ਼ਰ ਸਿੰਹੁ ਲੁਹਾਰ ਵਲਦ ਸੁੰਦਰ ਸਿੰਹੁ ਵਲਦ ਬਿਹਬਲਪੁਰ, ਲਾਖਾ ਸਿੰਹੁ ਵਲਦ ਬੁਧੂ ਬਹਿਬਲਪੁਰ (ਹੁਸ਼ਿਆਰਪੁਰ ਦੇ ਹਨ) ਜਿਨ੍ਹਾਂ ਨੇ ਭਾਈ ਧੰਨਾ ਸਿੰਘ ਦੀ ਗ੍ਰਿਫ਼ਤਾਰੀ ਦੀ ਸਾਜਿਸ਼ ਕੀਤੀ ਸੀ। ਏਹ ਸਾਰੇ ਪਾਪੀ ਭਾਈ ਧੰਨਾ ਸਿੰਘ ਜੀ ਦੇ ਉਪਰੋਂ ਮਦਦਗਾਰ ਬਣ ਕੇ ਦਿਖਾਂਦੇ ਰਹੇ। ਪਹਿਲਾਂ ਬੇਲਾ ਸਿੰਹੁ ਜਿਆਣ (ਸਫ਼ੈਦਪੋਸ਼) ਤੇ ਉਸੇ ਦੇ ਭਾਈ ਜਵਾਲਾ ਸਿੰਹੁ ਦੇ ਮਕਾਨ 'ਤੇ ਭਾਈ ਸਾਹਿਬ ਜੀ ਨੂੰ ਫੜਾਉਣ ਦੀ ਗੋਂਦ ਗੁੰਦੀ ਪਰ ਬੇਲਾ ਸਿੰਹੁ ਨੇ ਆਖਿਆ ਕਿ ਸਾਡੇ ਮਕਾਨ 'ਤੇ ਅਜਿਹਾ ਕਰਨਾ ਠੀਕ ਨਹੀਂ। ਉੱਥੋਂ ਮੰਨਣਹਾਣ ਕਰਮ ਸਿੰਘ (ਜੋ ਬੂੜੋ ਬਾੜੀ ਕਰਤਾਰ ਸਿੰਘ ਭਣਵਈਆ ਸੀ) ਦੇ ਮਕਾਨ 'ਤੇ ਲੈ ਗਏ ਤੇ ਬਾਕੀ ਦੀ ਚੰਡਾਲ ਪਾਰਟੀ ਜਾਨਸਨ ਹਾਟਨ ਪੁਲਿਸ ਅਫ਼ਸਰ ਨੂੰ ਤੇ ਫ਼ੌਜ ਰਸਾਲੇ ਤੇ ਪੁਲਿਸ ਸਹਿਤ ਲੈ ਆਏ। ਭਾਈ ਸਾਹਿਬ ਜੀ ਰਾਤ ਸਮੇਂ ਬੁਖ਼ਾਰ ਨਾਲ ਬੇਹੋਸ਼ ਹੋਏ ਘੂਕ ਸੁੱਤੇ ਪਏ ਸਨ ਕਿ ਅਚਾਨਕ ਘੇਰਾ ਪੈ ਗਿਆ। ਬਿੜਕ ਪਾ ਕੇ ਭਾਈ ਸਾਹਿਬ ਜੀ ਬਬਰ ਸ਼ੇਰ ਵਾਂਗ ਉੱਠੇ ਪਰ ਇਸ ਦੁਸ਼ਟ ਪਾਰਟੀ ਨੇ ਆਪ ਨੂੰ ਪਵਿੱਤਰ ਕੇਸਾਂ ਤੋਂ ਕਿਸੇ ਨੇ ਕਿਤਿਉਂ ਹੱਥੋਂ-ਹੱਥੀਂ ਫੜ ਲਿਆ ਤੇ ਪੁਲਿਸ

ਅਫ਼ਸਰਾਂ ਨੇ ਦੋਹੀਂ-ਹੱਥੀਂ ਕੜੀਆਂ ਮਾਰ ਲਈਆਂ ਤੇ ਦੋ-ਦੋ ਆਦਮੀ ਹੱਥਕੜੀਆਂ ਉਪਰਲੇ ਪਾਸੇ ਨੂੰ ਫੜ ਕੇ ਕੂਹਣੀਆਂ 'ਤੇ ਖੜੇ ਹੋ ਗਏ। ਜਦੋਂ ਉਨ੍ਹਾਂ ਗੁਰੂ ਸਾਹਿਬ ਜੀ ਦੀ ਸ਼ਾਨ ਖ਼ਿਲਾਫ਼ ਚੰਦ ਲਫ਼ਜ਼ ਬੋਲੇ ਤਾਂ ਇਹ ਬੋਲ ਭਾਈ ਸਾਹਿਬ ਜੀ ਦੇ ਸੀਨੇ ਵਿਚ ਗੋਲੀ ਵਾਂਗ ਲੱਗੇ। ਭਾਈ ਸਾਹਿਬ ਜੀ ਨੇ ਦਸਮੇਸ਼ ਜੀ ਦਾ ਧਿਆਨ ਧਰ ਚਰਨਾਂ ਨਾਲ ਪ੍ਰੀਤ ਲਾ ਸਤਿਨਾਮ ਆਖ ਕੇ ਅਜਿਹਾ ਹੁਝਕਾ ਮਾਰਿਆ ਕਿ ਦੋਵੇਂ ਹੱਥਕੜੀਆਂ ਦੇ ਸੰਗਲ (ਜੰਜ਼ੀਰ) ਟੁੱਟ ਗਏ ਤੇ ਆਪ ਜੀ ਨੇ ਇਕ ਫ਼ੌਜੀ ਬੰਬ ਚਲਾਇਆ ਜੋ ਥਾਂ ਦੀ ਤੰਗੀ ਕਰ ਕੇ ਦੂਰ ਨਾ ਜਾ ਸਕਿਆ ਪਰ ਤਾਂ ਭੀ ਦੋ ਅੰਗਰੇਜ਼, ਇਕ ਥਾਣੇਦਾਰ (ਗੁਲਜ਼ਾਰਾ ਸਿੰਹੁ) ਤੇ ਅੱਠ ਸਿਪਾਹੀਆਂ ਦਾ ਕੰਮ ਕਰ ਹੀ ਦਿੱਤਾ। ਇਨ੍ਹਾਂ ਵਿੱਚੋਂ ਬਾਕੀ ਦੁਸ਼ਟ ਚੌਂਕੜੀ ਨਰਕ ਪੁੱਜੀ, ਪਰ ਭਾਈ ਸਾਹਿਬ ਭੀ ਸ਼ਹੀਦੀ ਬਾਟਾ ਛਕ ਕੇ ਦੁਸ਼ਟ ਜ਼ਾਲਮਾਂ ਨੂੰ ਜੁੱਤੀਆਂ ਨਾਲ ਹਕ ਕੇ ਦੋਜ਼ਖ਼ ਪਹੁੰਚਾਉਂਦੇ ਹੋਏ ਬੈਕੁੰਠ ਵਿਚ ਜਾ ਦਾਖ਼ਿਲ ਹੋਏ। ਇਹ ਹਾਦਸਾ ੨੫ ਅਕਤੂਬਰ ੧੯੨੩ ਦਾ ਹੈ।

### *ਭੁਝੰਗੀ ਦਲੀਪ ਸਿੰਘ ਜੀ ਦੀ ਗ੍ਰਿਫ਼ਤਾਰੀ*

ਇਹ ਸੱਜਣ ਜੀ ਬਬਰ ਅਕਾਲੀ ਜਥੇ ਦੇ ਮੈਂਬਰ ਬਣਨ ਦੇ ਦਿਨ ਤੋਂ ਜਥੇ ਦੀ ਚੱਕਰਵਰਤੀ ਪਾਰਟੀ ਵਿਚ ਹੀ ਰਹੇ ਸਨ, ਘਰ ਨਹੀਂ ਗਏ। ਭਾਈ ਕਰਮ ਸਿੰਘ ਜੀ ਬਬਰ ਆਦਿ ਚਾਰ ਬਬਰਾਂ ਦੀ ਸ਼ਹੀਦੀ ਪਿੱਛੋਂ ਕੁਝ ਬੀਮਾਰ ਹੋ ਗਏ ਅਤੇ ਜਵਾਲਾ ਸਿੰਘ ਜਿਆਣ, ਜੋ ਜ਼ਾਹਰਾ ਤੌਰ 'ਤੇ ਬਬਰਾਂ ਦਾ ਹਮਦਰਦ ਸੀ, ਇਸ ਨੂੰ ਆਪਣੇ ਮੁਰਬਿਆਂ ਬਾਰ ਵਿਚ ਲੈ ਗਿਆ। ਚੰਦ ਦਿਨ ਬਾਅਦ ਪੁਲਿਸ ਨੂੰ ਖ਼ਬਰ ਕਰ ਕੇ ਆਪਣੇ ਭਰਾ ਬੇਲਾ ਸਿੰਹੁ ਸਫ਼ੈਦਪੋਸ਼ ਤੇ ਆਪਣੀ ਭੂਆ ਦੇ ਪੁੱਤ ਬਸੰਤ ਸਿੰਹੁ ਬੂੜੋ ਬਾੜੀਆਂ ਦੀ ਗੋਂਦ ਨਾਲ, ਥਾਣੇਦਾਰ ਗੁਲਜ਼ਾਰ ਸਿੰਘ ਨੂੰ ਮਾਹਿਲਪੁਰੋਂ (ਹੁਸ਼ਿਆਰਪੁਰੋਂ) ਤੇ ਹੋਰ ਪੁਲਿਸ ਨੂੰ ਉਸ ਵੇਲੇ ਬੁਲਾਇਆ ਜਦ ਆਪ ਭੁਝੰਗੀ ਦਲੀਪ ਸਿੰਘ ਜੀ ਨੂੰ ਲੈ ਕੇ ਮੀਆਂ ਨਾਲ ਇਕ ਤੰਦੂਰ 'ਤੇ ਰੋਟੀ ਖਾ ਰਿਹਾ ਸੀ। ਦੁਸਹਿਰੇ ਤੋਂ ੧੦ ਦਿਨ ਪਹਿਲਾਂ ਇਸ ਤਰ੍ਹਾਂ ਧੋਖੇ ਨਾਲ ਭੁਝੰਗੀ ਦਲੀਪ ਸਿੰਘ ਨੂੰ ਗ੍ਰਿਫ਼ਤਾਰ ਕਰਵਾ ਕੇ ਗ਼ਦਾਰੀ ਦਾ ਸਬੂਤ ਦਿੱਤਾ।

### *ਦੋ ਬਬਰ ਅਕਾਲੀਆਂ ਦੀ ਸ਼ਹੀਦੀ*

ਝੋਲੀ ਚੁੱਕ ਜਗਤ ਸਿੰਹੁ ਵਲਦ ਹਾਕੋ, ਪਿੰਡ ਮੰਡੇਰ ਕਲਾਂ, ਜ਼ਿਲ੍ਹਾ ਜਲੰਧਰ। ਇਹ ਸ਼ਖ਼ਸ ੧੦ ਨੰਬਰ ਦਾ ਬਦਮਾਸ਼ ਅਤੇ ਇਖ਼ਲਾਕ ਤੋਂ ਗਿਰਿਆ ਹੋਇਆ ਡਾਕੂ ਸੀ। ਆਪਣੀ ਬਦਮੁਆਸ਼ੀ ਤੁੜਵਾਉਣ ਨੂੰ ਕਈ ਪ੍ਰਕਾਰ ਦੀ ਸਰਕਾਰੀ ਖ਼ੁਸ਼ਾਮਦ ਕਰਦਾ ਸੀ। ਪਹਿਲੇ ਇਸ ਨੇ ਜਥੇਦਾਰ ਭਾਈ ਕਰਮ ਸਿੰਘ ਜੀ ਬਬਰ ਆਦਿ ਬਬਰ ਅਕਾਲੀਆਂ ਦੀ ਗ੍ਰਿਫ਼ਤਾਰੀ ਵਾਸਤੇ ਕੋਸ਼ਿਸ਼ ਕੀਤੀ ਪਰ ਕਾਮਯਾਬ ਨਾ ਹੋ ਸਕਿਆ। ਆਖ਼ਿਰ ੧੯੨੩ ਵਿਚ ਇਹ ਗ਼ਦਾਰ ਸ਼ੇਖ਼ ਅਬਦੁਲ ਅਜ਼ੀਜ਼ ਸੀ. ਆਈ. ਡੀ. ਨੂੰ ਮਿਲਿਆ। ਇਸ ਨੂੰ ਚੰਦ ਇਕ ਪੁਲਿਸ ਦੇ ਬੰਦੇ ਮਦਦ ਲਈ ਦੇ ਕੇ ਭਾਈ ਬੰਤਾ ਸਿੰਘ ਗ੍ਰਿਫ਼ਤਾਰੀ ਹਿਤ ਲਾਇਆ। ੧੨ ਦਸੰਬਰ ੧੯੨੩ ਭਾਈ ਬੰਤਾ ਸਿੰਘ ਧਾਮੀਆਂ, ਭਾਈ ਵਰਿਆਮ ਸਿੰਘ ਜੀ ਧੁੱਗਾ, ਭਾਈ ਜਵਾਲਾ ਸਿੰਘ ਜੀ ਅਕਾਲੀ

ਜਥੇਦਾਰ ਫ਼ਤਹਪੁਰ ਕੋਠੀ, ਆਪਣੇ ਇਕ ਸੱਜਣ ਪਾਸ ਮੰਡੇਰ ਆਏ ਅਤੇ ਜਗਤ ਸਿੰਘ ਝੋਲੀ ਚੁੱਕ ਨੇ ਖ਼ਬਰ ਪਾ ਕੇ ਝਟਪਟ ਅਬਦੁਲ ਅਜ਼ੀਜ਼ ਅਫ਼ਸਰ ਸੀ. ਆਈ. ਡੀ. ਨੂੰ ਜਲੰਧਰ ਪਤਾ ਦਿੱਤਾ। ਦੁਪਹਿਰ ਬਾਅਦ ਜੈਕਬ ਡਿਪਟੀ ਸੁਪਰਡੈਂਟ ਸੀ. ਆਈ. ਡੀ. ਰਸਾਲਾ, ਫ਼ੌਜ ਤੇ ਪੁਲਿਸ ਨੂੰ ਲੈ ਕੇ ਮੰਡੇਰ ਪੁੱਜੇ ਤੇ ਘੇਰਾ ਪਾ ਲਿਆ। ਮਸ਼ੀਨ ਹੈਚਕੈਸ ਤੇ ਲੂਸ ਗੰਨ ਉਸ ਚੁਬਾਰੇ ਨੂੰ ਸਿੱਧੀਆਂ ਕਰ ਕੇ ਬੀੜ ਦਿੱਤੀਆਂ। ਜਿਸ ਚੁਬਾਰੇ ਵਿਚ ਉਪਰ ਲਿਖੇ ਬਬਰ ਸ਼ੇਰ ਬਿਰਾਜਮਾਨ ਸਨ। ਬਬਰ ਅਕਾਲੀਆਂ ਨੇ ਖ਼ਬਰ ਪਾ ਕੇ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਹੀ ਦੁਸ਼ਮਣਾਂ ਵੱਲ ਨੂੰ ਗੋਲੀਆਂ ਛੱਡਣੀਆਂ ਸ਼ੁਰੂ ਕਰ ਦਿੱਤੀਆਂ। ਇਸ ਤਰ੍ਹਾਂ ਗੁਰੂ ਦੇ ਸ਼ੇਰ ਸ਼ਤਰੂਆਂ ਦੇ ਦਲ ਨੂੰ ਜੈਕਾਰਿਆਂ ਤੇ ਗੋਲੀਆਂ ਦੁਆਰਾ ਪੰਜ ਛੇ ਘੰਟੇ ਤਕ ਸ਼ੇਰ ਮਰਦ ਹੋ ਕੇ ਨੇੜੇ ਜਵਾਬ ਦਿੰਦੇ ਰਹੇ ਕਿਉਂਕਿ ਦੁਸ਼ਮਣ ਦਾ ਘੇਰਾ ਪਿੰਡ ਛੋਟਾ ਹੋਣ ਕਰ ਕੇ ਨੇੜੇ ਹੀ ਸੀ। ਆਪ ਜੀ ਨੂੰ ਅਫ਼ਸਰਾਂ ਵੱਲੋਂ ਆਖਿਆ ਗਿਆ ਕਿ ਹਥਿਆਰ ਸੁੱਟ ਕੇ ਗ੍ਰਿਫ਼ਤਾਰ ਹੋ ਜਾਓ। ਭਾਵੇਂ ਇਸ ਵੇਲੇ ਭਾਈ ਬੰਤਾ ਸਿੰਘ ਜੀ ਤੇ ਭਾਈ ਜਵਾਲਾ ਸਿੰਘ ਜੀ ਗੋਲੀ ਨਾਲ ਸਖ਼ਤ ਜ਼ਖ਼ਮੀ ਹੋ ਚੁੱਕੇ ਸੀ, ਪਰ ਤਾਂ ਭੀ ਉਕਤ ਵੀਰਾਂ ਨੇ ਸ਼ੇਰਾਂ ਵਾਂਗ ਗੱਜ ਕੇ ਆਖਿਆ ਕਿ ਅਸੀਂ ਉਸ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਲਾਸਾਨੀ ਬਹਾਦਰ ਸਿੱਖ ਹਾਂ, ਜਿਸ ਨੇ ਦੇਸ਼ ਧਰਮ ਉਤੋਂ ਆਪਣੇ ਬੱਚੇ ਜੰਗ ਮੈਦਾਨ ਅੰਦਰ ਟੋਟੇ-ਟੋਟੇ ਤਾਂ ਕਰਵਾ ਲਏ, ਰਾਜ ਭਾਗ ਛੱਡੇ ਪਰ ਸ਼ਾਹੀ ਫ਼ੌਜ ਅੱਗੇ ਆਪਣੇ ਪਾਸੇ ਮੁੱਠੀ ਭਰ ਹੁੰਦਿਆਂ ਹੋਇਆ ਸ਼ਸਤਰ ਨਹੀਂ ਸਨ ਸੁੱਟੇ। ਅਸਾਂ ਨੇ ਵੀ ਉਸੇ ਦਸਮੇਸ਼ ਜੀ ਦਾ ਅੰਮ੍ਰਿਤ ਛਕਿਆ ਹੈ, ਫਿਰ ਕਿਉਂ ਕਾਇਰਾਂ ਵਾਂਗ ਹਥਿਆਰ ਸੁੱਟ ਕੇ ਤੁਹਾਡੇ ਜ਼ਾਲਮਾਂ ਦੇ ਹਵਾਲੇ ਹੋਈਏ। ਅਸੀਂ ਮਰਦ ਹਾਂ ਮਰਦਾਂ ਵਾਂਗੂ ਅੰਤਮ ਦਮ ਤੀਕਰ ਲੜ ਕੇ ਧਰਮ ਅਰ ਦੇਸ਼ ਦੀ ਆਜ਼ਾਦੀ ਲਈ ਪੁਰਜ਼ਾ-ਪੁਰਜ਼ਾ ਹੋ ਕੇ

'ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥'

ਮਹਾਂ ਵਾਕ ਉੱਤੇ ਫੁਲ ਚੜ੍ਹਾਵਾਂਗੇ। ਇੰਨੇ ਨੂੰ ਸ਼ਾਮ ਪੈ ਗਈ। ਸੂਰਜ ਲਹਿੰਦੇ ਵੱਲ ਨੂੰ ਟੁਰ ਗਿਆ। ਕਿਸੇ ਦੁਸ਼ਮਣ ਨੇ ਹੇਠਲੇ ਮਕਾਨ ਨੂੰ ਅੱਗ ਲਾ ਦਿੱਤੀ। ਜਦ ਅੱਗ ਨੇ ਲਾਟਾਂ ਕੱਢੀਆਂ, ਤੇ ਉਹ ਛੱਤ ਗਿਰਨ ਉੱਤੇ ਆਈ ਜਿਸ ਉੱਤੇ ਬਬਰ ਸ਼ੇਰ ਬੈਠੇ ਸਨ ਤਦ ਬਬਰ ਸ਼ੇਰ ਨੇ ਗੁਰਮਤਾ ਕਰ ਕੇ ਕਿਹਾ ਕਿ ਭਾਈ ਵਰਿਆਮ ਸਿੰਘ ਜੀ ਜੋ ਅਜੇ ਜ਼ਖ਼ਮੀ ਨਹੀਂ ਸਨ, ਹਰਣ ਹੋ ਜਾਣ। ਇਸ ਫ਼ੈਸਲੇ ਮੁਤਾਬਿਕ ਭਾਈ ਵਰਿਆਮ ਸਿੰਘ ਜੀ ਨੇ ਪਿਆਰੇ ਸਾਥੀਆਂ ਨੂੰ ਅੰਤਿਮ ਫ਼ਤਹਿ ਬੁਲਾ ਕੇ ਛੁਟੀ ਲੀਤੀ। ਦੁਸ਼ਮਣਾਂ ਦਾ ਘੇਰਾ ਇਸ ਸੜ ਰਹੇ ਮਕਾਨ ਦੇ ਇਰਦ-ਗਿਰਦ ਕੀੜੀਆਂ ਵਾਂਗ ਪੈ ਚੁੱਕਾ ਸੀ। ਧੁੱਗਾ ਬਹਾਦਰ ਨੇ ਦੁਸ਼ਮਣਾਂ ਵਿਚ ਛਾਲ ਮਾਰ ਦਿੱਤੀ ਆਪ ਉਤੇ ਵੈਰੀ ਪਏ, ਪਰ ਆਪ ਨੇ ਹੌਂਸਲਾ ਨਹੀਂ ਛੱਡਿਆ ਦੋ ਚਾਰ ਗੋਲੀਆਂ ਛੱਡ ਕੇ ਇਕ ਨੂੰ ਮਾਰ ਕੇ, ਦੋ ਤਿੰਨਾਂ ਨੂੰ ਜ਼ਖ਼ਮੀ ਕੀਤਾ ਅਰ ਮਾਰ-ਮਾਰ ਕੇ ਸ਼ੇਰ ਵਾਂਗ ਦੁਸ਼ਮਣਾਂ ਵਿੱਚੋਂ ਨਿਕਲੇ। ਘੋੜ ਚੜ੍ਹੇ ਸਵਾਰ ਆਪ ਜੀ ਦੇ ਮਗਰ ਪਏ ਪਰ

ਘੋੜੇ ਆਪ ਤਕ ਨਹੀਂ ਅਪੜ ਸਕੇ। ਆਪ ਇੰਞ ਨਿਕਲ ਗਏ, ਜਿਵੇਂ ਮੱਖਣ ਵਿੱਚੋਂ ਵਾਲ। ਜਿਸ ਵੇਲੇ ਅੱਗ ਜ਼ਿਆਦਾ ਜ਼ੋਰ ਫੜ ਗਈ, ਉਸ ਵੇਲੇ ਛੱਤ (ਜਿਸ ਉੱਤੇ ਬਬਰ ਮੋਰਚਾ ਲਾਈ ਬੈਠੇ ਸਨ) ਡਿੱਗ ਪਈ, ਤਦ ਨਾਲ ਹੀ ਬਬਰ ਸ਼ੇਰ ਭੀ ਪ੍ਰਣ ਨਿਭਾਉਂਦੇ ਹੋਏ ਦਸਮੇਸ਼ ਜੀ ਦੀ ਗੋਦ ਵਿਚ ਜਾ ਬਿਰਾਜੇ। ਆਪ ਭਾਈ ਕਰਮ ਸਿੰਘ ਜੀ ਬਬਰ ਆਦਿ ਨੂੰ ਮਿਲ ਕੇ ਬਾਬਾ ਦੀਪ ਸਿੰਘ ਜੀ ਦੀ ਫ਼ੌਜ ਵਿਚ ਜਾ ਦਾਖ਼ਿਲ ਹੋਏ ਅਰ ਬਾਬਾ ਜੀ ਨੇ ਉਕਤ ਯੋਧਿਆਂ ਨੂੰ ਛਾਤੀ ਨਾਲ ਲਾ ਕੇ ਆਖਿਆ ਕਿ ਸ਼ਾਬਾਸ਼ ਬਹਾਦਰੋ ਤੁਸੀਂ ਮੇਰੀ ਜਨਮ ਭੂਮੀ ਦੁਆਬੇ ਵਿਚ ਮੁੜ ਸ਼ਹੀਦੀ ਦਾ ਬੀਜ ਬੀਜ ਆਏ।

### *ਭਾਈ ਜਵਾਲਾ ਸਿੰਘ ਜੀ*

ਇਸ ਮਹਾਂ-ਪੁਰਸ਼ ਨੇ ਸ: ਸੁੰਦਰ ਸਿੰਘ ਜੀ ਦੇ ਘਰ ਫ਼ਤਹਿਪੁਰ ਕੋਠੀ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਜਨਮ ਲਿਆ ਸੀ। ਆਪ ਪਲਟਨ ਵਿਚ ਨੌਕਰ ਹੋ ਗਏ। ਕਰੀਬ ਚਾਰ ਸਾਲ ਬਾਅਦ ਨਾ-ਮਿਲਵਰਤਣ ਦੇ ਅਸੂਲ ਅਨੁਸਾਰ ਆਪ ਨੌਕਰੀ ਨੂੰ ਛੱਡ ਕੇ ਪਿੰਡ ਆ ਕੇ ਅਕਾਲੀ ਸੱਜ ਗਏ ਤੇ ਹੋਰ ਭੀ ਬਹੁਤ ਸਾਰੇ ਲੋਕਾਂ ਨੂੰ ਆਪ ਜੀ ਨੇ ਅਕਾਲੀ ਸਜਾਇਆ। ਸੰਗਤ ਨੇ ਆਪ ਨੂੰ ਹੀ ਪਿੰਡ ਦੇ ਅਕਾਲੀ ਜਥੇ ਦਾ ਜਥੇਦਾਰ ਨੀਯਤ ਕਰ ਦਿੱਤਾ ਕਿਉਂਕਿ ਆਪ ਗੁਰਮੁਖੀ ਚੰਗੀ ਪੜ੍ਹੇ ਹੋਏ ਤੇ ਸੱਚੇ ਕੌਮੀ ਸੇਵਕ ਸਨ। ਬਬਰ ਜੀ ਤੇ ਬਬਰ ਅਕਾਲੀ ਦੁਆਬਾ ਅਖ਼ਬਾਰ ਦੇ ਪ੍ਰਚਾਰ ਨਾਲ ਆਪ ਨੂੰ ਬੀਰਤਾ ਤੇ ਦੇਸ਼ ਭਗਤੀ ਦੀ ਹੋਰ ਭੀ ਰੰਗਣ ਚੜ੍ਹ ਗਈ ਅਤੇ ਸਿਰ ਤਲੀ 'ਤੇ ਰੱਖ ਕੇ ਆਪ ਬਬਰ ਅਕਾਲੀ ਜਥੇ ਦੇ ਮੈਦਾਨੀ ਮੈਂਬਰ ਬਣ ਗਏ ਤੇ ਭਾਈ ਬੰਤਾ ਸਿੰਘ ਜੀ ਆਦਿ ਬਬਰਾਂ ਦੇ ਨਾਲ ਹਰ ਸਮੇਂ ਰਹਿਣ ਲੱਗ ਗਏ। ਸੰਸਾਰ ਵਿਚ ਪਰਉਪਕਾਰ ਕਰ ਕੇ ਸਚ-ਖੰਡ ਜਾ ਵਸੇ।

### *ਭਾਈ ਵਰਿਆਮ ਸਿੰਘ ਜੀ ਧੁੱਗਾ*

ਭਾਈ ਵਰਿਆਮ ਸਿੰਘ ਜੀ ਧੁੱਗਾ, ਪਿੰਡ ਮੰਡੇਰ ਬਲਦੀ ਅੱਗ ਵਿੱਚੋਂ ਬੜੇ ਬਹਾਦਰਾਨਾ ਤਰੀਕੇ ਨਾਲ ਨਿਕਲੇ ਸਨ। ਇਸ ਪਿੱਛੋਂ ਵੀ ਇਕ ਵਾਰ ਆਪ ਡਿਚ ਕੋਟ ਆਪਣੇ ਇਕ ਮਿੱਤਰ ਕੋਲ ਗਏ ਹੋਏ ਸੀ। ਉੱਥੋਂ ਛਲ ਵਲੇਵੇਂ ਨਾਲ ਇਸ ਦਾ ਮਾਮਾ ਦਲੇਲ ਸਿੰਹੁ (ਆਪਣੇ ਪਿੰਡ ਸਰਹਾਲੇ ਜ਼ਿਲ੍ਹਾ ਲਾਇਲਪੁਰ) ਲੈ ਗਿਆ। ਇਕ ਦਿਨ ਰਸਾਲੇ ਤੇ ਪੁਲਿਸ ਨੂੰ ਖ਼ਬਰ ਦੇ ਕੇ ਘੇਰਾ ਪੁਆ ਦਿੱਤਾ। ਖ਼ਬਰ ਪਾ ਕੇ ਬਹਾਦਰ ਨੇ ਮਿਆਨੋਂ ਤਲਵਾਰ ਧੂ ਲਈ ਤੇ ਬਹੁਤ ਸਾਰੇ ਗ਼ਦਾਰ ਝੋਲੀ-ਚੁੱਕ ਬੀਰ ਨੇ ਜ਼ਖ਼ਮੀ ਕੀਤੇ, ਆਪ ਜੀ ਦੇ ਭੀ ਤਿੰਨ ਗੋਲੀਆਂ ਲੱਗੀਆਂ: ਇਕ ਮੱਥੇ, ਦੂਜੀ ਖੁਚ, ਤੀਜੀ ਪਿੱਠ 'ਪਰ ਫਿਰ ਭੀ ਬਹਾਦਰ ਫਾਇਰ ਤੇ ਤਲਵਾਰ ਦਾ ਵਾਰ ਕਰਦਾ ਹੋਇਆ ਲਲਕਾਰ ਕੇ ਨਿਕਲ ਗਿਆ। ਸੋਲਾਂ ਮੀਲ ਰਸਾਲਾ ਪਿੱਛੇ ਗਿਆ। ਸੋਲਾਂ ਮੀਲ ਜਾ ਕੇ ਬਹਾਦਰ ਦੁਸ਼ਮਣਾਂ ਦੀ ਨਿਗਾਹ ਤੋਂ ਉਹਲੇ ਹੋ ਗਿਆ (ਇਸ ਤੋਂ ਪਹਿਲਾਂ ਹੋਰ ਭੀ ਕਈ ਥਾਵੀਂ ਪੁਲਿਸ ਨਾਲ ਮੁਠ-ਭੇੜ ਹੋਈ ਪਰ ਆਪ ਹਮੇਸ਼ਾਂ ਫ਼ਤਹਿ ਪਾਉਂਦੇ ਰਹੇ)। ਅੰਤ ਸੀ. ਆਈ. ਡੀ. ਝੂਠੇ ਤੇ ਫ਼ਰਜ਼ੀ ਇਕਬਾਲ ਬਣਾਨ

ਹਿਤ ਸਰਕਾਰ ਦੇ ਇਕ ਵੱਡੇ ਗ਼ੁਲਾਮ, ਜੋ ਪੇਟ ਖਾਤਰ ਜ਼ਮੀਰ ਤੇ ਈਮਾਨ ਬੇਚ ਚੁੱਕਾ ਸੀ ਤੇ ਨਾਮ ਉਸ ਦਾ ਅਬਦੁਲ ਫਤਹ ਮੈਜਿਸਟਰੇਟ ਦਰਜਾ ਅੱਵਲ ਜਲੰਧਰ ਸੀ। ਬਸ ਫੇਰ ਕੀ ਸੀ ਵਾਇਦਾ-ਮੁਆਫ਼ ਦੇ ਉਨ੍ਹਾਂ ਬਿਆਨਾਂ ਦੇ ਆਧਾਰ ਉੱਤੇ (ਜੋ ਉਨ੍ਹਾਂ ਨੂੰ ਪੁਲਿਸ ਨੇ ਹੀ ਫ਼ਰਜ਼ੀ ਕਹਾਣੀਆਂ ਸਿਖਾਈਆਂ ਸੀ) ਮੁਲਜ਼ਮ ਅਕਾਲੀਆਂ ਨੂੰ ਬਦਨਾਮ ਕਰਨ ਤੇ ਫੜਾਉਣ ਵਾਸਤੇ ਝੂਠੇ ਇਕਬਾਲੀ ਬਣਾਏ ਗਏ। ਅਕਾਲੀਆਂ ਨੂੰ ਮਾਰ-ਮਾਰ ਕੇ, ਬੇਹੋਸ਼ੀ ਵਿਚ, ਉਨ੍ਹਾਂ ਦੇ ਅੰਗੂਠੇ ਇਕਬਾਲਾਂ ਉੱਤੇ ਲੱਗਾ ਲਏ।

### ਵਾਅਦਾ ਮੁਆਫ਼

ਪੁਲਿਸ ਨੇ ਚੰਦ ਇਕ ਆਦਮੀ ਅਜਿਹੇ ਭੀ ਅਕਾਲੀ ਆਖ ਕੇ ਗ੍ਰਿਫ਼ਤਾਰ ਕਰ ਲਏ, ਜੋ ਕੁਝ ਤਾਂ ਪੁਲਿਸ ਨਾਲ ਪਹਿਲੋਂ ਹੀ ਮਿਲੇ ਹੋਏ ਸਨ ਅਤੇ ਕਈ ਫ਼ਕੀਰ ਫੁਕਰੇ ਟੁੱਕੜ ਗ਼ਦਾਈ ਦਰ-ਬਦਰ, ਘਰ-ਘਰ ਮੰਗਤੇ, ਤੇਲੀ, ਮੋਚੀ, ਸੁਨਿਆਰ, ਚੁਮਾਰ, ਛੀਂਬੇ, ਜੋ ਥੋੜ੍ਹੇ ਡਰਾਉਣ, ਧਮਕਾਉਣ ਨਾਲ ਪੁਲਿਸ ਦੇ ਹੱਥ ਵਿਚ ਖੇਲਣੋਂ ਨਾ ਝਿਜਕਣ। ਅਜਿਹੇ ਜ਼ਮੀਰ, ਈਮਾਨ ਤੇ ਕੌਮ-ਫ਼ਰੋਸ਼ਾਂ ਵਿੱਚੋਂ ਬਾਈ ਆਦਮੀ ਵਾਅਦਾ ਮੁਆਫ਼ ਬਣਾ ਲਏ ਤੇ ਪੁਲਿਸ ਨੇ ਫ਼ਰਜ਼ੀ ਕਹਾਣੀਆਂ ਦੇ ਰੀਕਾਰਡ ਲਗਾ ਕੇ ਇਨ੍ਹਾਂ ਨੂੰ ਫ਼ੋਨੋਗ੍ਰਾਮ ਬਣਾ ਲਿਆ। ਇਹ ਭੱਦਰ-ਪੁਰਸ਼ ਤੁਰੰਤ ਹੀ ਅਲਾਪਣ ਲੱਗ ਪਏ। ਹੁਣ ਮੈਂ ਉਨ੍ਹਾਂ ਕਮਬਖ਼ਤਾਂ ਦੇ ਨਾਮ ਪਤੇ ਤੇ ਥੋੜ੍ਹਾ-ਥੋੜ੍ਹਾ ਹਾਲ ਲਿਖਦਾ ਹਾਂ:

### ਵਾਅਦਾ ਮੁਆਫ਼ ਅਮਰ ਸਿੰਘ ਸੁਨਿਆਰ, ਨੰ: ੧

ਇਹ ਸ਼ਖ਼ਸ ਕੋਟ ਬਾਰੇ ਖਾਂ, ਜ਼ਿਲ੍ਹਾ ਗੁਜਰਾਂਵਾਲੇ ਦੇ ਗੰਡਾ ਸਿੰਘ ਸੁਨਿਆਰੇ ਦੇ ਘਰ ਜੰਮਿਆ ਸੀ। ਉਸ ਕੰਮਬਖ਼ਤ ਨੇ ਇਸ ਨੂੰ ਸੁਨਿਆਰਾ ਕੰਮ ਤਾਂ ਨਾ ਸਿਖਾਇਆ ਪਰ ਤਿੰਨ ਜਮਾਤੀ ਉਰਦੂ ਦੀਆਂ ਜ਼ਰੂਰ ਪੜ੍ਹਾ ਦਿੱਤੀਆਂ। ਜਿਸ ਕਰ ਕੇ ਇਹ ਰੋਟੀ ਕਮਾਉਣ ਦੇ ਕਾਬਲ ਨਾ ਹੋ ਸਕਿਆ। "ਧੋਬੀ ਦਾ ਕੁੱਤਾ ਨਾ ਘਰ ਦਾ ਨਾ ਘਾਟ ਦਾ" ਦੀ ਕਹਾਵਤ ਅਨੁਸਾਰ ਵਿਚ ਵਿਚਾਲੇ ਠੇਡੇ ਖਾਣ ਲੱਗਾ। ਕਈ ਭੈੜੀਆਂ ਬਲਾਵਾਂ ਇਹ ਨੂੰ ਚਿੰਬੜ ਗਈਆਂ। ਭੁੱਖ ਦੇ ਦੁੱਖ ਤੋਂ ਤੰਗ ਆ ਕੇ ੩੫ ਨੰਬਰ ਪਲਟਨ ਵਿਚ ਨੌਕਰ ਹੋ ਗਿਆ ਪਰ ਇਹ ਨਾਲਾਇਕ ਉੱਥੇ ਭੀ ਪੂਰੀ ਨਾ ਪਾ ਸਕਿਆ 'ਤੇ ਮਾਰਚ ੧੯੨੧ ਦੇ ਅਖ਼ੀਰ ਵਿਚ ਪਲਟਨ ਵਿੱਚੋਂ ਭਗੌੜਾ ਹੋ ਗਿਆ। ਰੱਦ ਖੱਲਕਾਂ ਵਾਂਗ ਫਿਰਦਾ ਵੇਖ ਕੇ ਪੁਲਿਸ ਨੇ ਅੰਮ੍ਰਿਤਸਰ ਦੇ ਸਟੇਸ਼ਨ ਤੋਂ ਫੜ ਲੀਤਾ ਤੇ ਇਸ ਨੇ ਪੁਲਿਸ ਨੂੰ ਬਿਆਨ ਵਿਚ ਕਿਤਨਾ ਹੀ ਊਟ-ਪਟਾਂਗ ਲਿਖਾ ਦਿੱਤਾ। ਇਸ ਕਰ ਕੇ ਪੁਲਿਸ ਨੇ ਇਸ ਨੂੰ ੧੯੨੧ ਦੀ ਸਾਜਿਸ਼ ਵਿਚ ਮੁਜਰਮ ਸਮਝ ਕੇ ਚਲਾਣ ਕਰ ਦਿੱਤਾ ਕਿਉਂਕਿ ਇਸ ਨੇ ਕੰਮ ਤਾਂ ਕੋਈ ਕੀਤਾ ਹੀ ਨਹੀਂ ਸੀ। ਇਸ ਲਈ ਪੁਲਿਸ ਨੂੰ ਇਹ ਛੱਡਣਾ ਪਿਆ ਪਰ ਪਹਿਲੀ ਆਦਤ ਅਨੁਸਾਰ ਇਹ ਅਵਾਰਾ ਫਿਰਨ ਲੱਗਾ। ਪੁਲਿਸ ਨੇ ੨੬ ਮਾਰਚ ੧੯੩੩ ਨੂੰ ੧੦੯ ਦਫ਼ਾ ਹੇਠ ਫਿਰ ਗ੍ਰਿਫ਼ਤਾਰ ਕਰ ਲਿਆ ਅਤੇ ਪਹਿਲਾਂ ਵਾਂਗ ਇਹ ਫੇਰ ਬਬਰ ਅਕਾਲੀਆਂ ਦੇ ਬਰਖ਼ਿਲਾਫ਼

ਬਕਵਾਸ ਕਰਨ ਲੱਗਾ ਤੇ ਪੁਲਿਸ ਨੇ ਆਪਣੀ ਇਕ ਚੰਗੀ ਕਠਪੁਤਲੀ ਸਮਝ ਕੇ ਇਸ ਨੂੰ ਬਬਰ ਅਕਾਲੀ ਮੁਕੱਦਮੇ ਵਿਚ ਬਬਰਾਂ ਖ਼ਿਲਾਫ਼ ਜ਼ਹਿਰ ਉਗਲਵਾ ਕੇ ਖ਼ੂਬ ਨਚਾਇਆ। ਇਸ ਨੇ ਪੁਲਿਸ ਨੂੰ ਖੁਸ਼ ਕਰਨ ਵਾਸਤੇ ਝੂਠ ਬੋਲਣੋਂ ਜ਼ਰਾ ਗੁਰੇਜ਼ ਨਾ ਕੀਤਾ। ਇਹ ਆਪਣੇ ਆਪ ਨੂੰ ਸਿੱਖ ਪ੍ਰਚਾਰਕ ਤੇ ਗ੍ਰੰਥੀ ਪ੍ਰਗਟ ਕਰਦਾ ਰਿਹਾ।

**ਵਾਅਦਾ ਮੁਆਫ਼ ਵਤਨ ਸਿੰਹੁ ਸ਼ੀਵਰ, ਨੰ: ੨**

ਇਹ ਬਦਕਾਰ ਪੰਡੋਰੀ ਨਿੱਝਰਾਂ, ਜ਼ਿਲ੍ਹਾ ਜਲੰਧਰ ਦੇ ਹਰਨਾਮ ਸਿੰਹੁ ਮਹਿਰੇ (ਝੀਉਰ) ਦੇ ਘਰ ਜੰਮਿਆ ਸੀ। ਕੁਝ ਕਾਲ ਤਾਂ ਪਿੰਡ ਦਾ ਪਾਣੀ ਭਰਦਾ ਰਿਹਾ ਪਰ ਜਰਮਨ ਦੀ ਲੜਾਈ ਹੋਣ ਵੇਲੇ ਇਹ ਪਲਟਨ ਨੰ: ੩੫ ਸਿੱਖ ਵਿਚ ਨੌਕਰ ਹੋ ਗਿਆ। ਉਨ੍ਹੀਂ ਦਿਨੀਂ ਨਿੱਕੀਆਂ ਜ਼ਾਤਾਂ ਨੂੰ ਭੀ ਨੌਕਰ ਰੱਖ ਲੈਂਦੇ ਸੀ। ੧੯੨੨ ਦੇ ਸ਼ੁਰੂ ਵਿਚ ਨੌਕਰੀ ਛੱਡ ਕੇ ਡਾਕੂਆਂ ਨਾਲ ਰਲ ਕੇ ਗੁਜ਼ਾਰਾ ਕਰਨ ਲੱਗਾ। ਵਾਰੰਟ ਜਾਰੀ ਹੋਣ 'ਤੇ ੨੧ ਅਪ੍ਰੈਲ ੧੯੨੩ ਨੂੰ ਥਾਣਾ ਆਦਮਪੁਰ ਦੇ ਇਕ ਆਦਮੀ ਨੇ ਇਸ ਨੂੰ ਇਸ ਦੇ ਪਿੰਡ ਕੋਲੋਂ ਜਾ ਗ੍ਰਿਫ਼ਤਾਰ ਕੀਤਾ। ਥਾਣੇ ਆਉਣ ਸਾਰ ਹੀ ਇਹ ਬਿਆਨ ਦੇਣ ਲੱਗ ਪਿਆ ਤੇ ਪੁਲਿਸ ਨੇ ਨਿਰਦੋਸ਼ ਦੇਸ਼ ਸੇਵਕਾਂ ਨੂੰ ਫਸਾਉਣ ਲਈ ਇਸ ਨੂੰ ਅਮਰ ਸਿੰਹੁ ਵਾਅਦਾ ਮੁਆਫ਼ ਨੇ ਆਪਣਾ ਸਾਥੀ ਬਣਾ ਕੇ ਇਸ ਨੂੰ ਭੀ ਫ਼ਰਜ਼ੀ ਕਹਾਣੀਆਂ ਕੰਠ ਕਰਾ ਦਿੱਤੀਆਂ। ਉਸ ਨੂੰ ਵਾਅਦਾ ਮੁਆਫ਼ੀ ਲਾਣਤੀ ਜਾਮਾ ਪਹਿਨਾਇਆ ਗਿਆ। ਇਹ ਦੇਸ਼ ਸੇਵਕਾਂ ਖ਼ਿਲਾਫ਼ ਝੂਠ ਬੋਲ ਕੇ ਜ਼ਿਮੀ ਅਸਮਾਨ ਦੇ ਪਾੜੇ ਮੇਲਣ ਲੱਗਾ ਤੇ ਝੂਠ ਬੋਲਣੋਂ ਜ਼ਰਾ ਨਾ ਝਿਜਕਿਆ।

**ਵਾਅਦਾ ਮੁਆਫ਼ ਕਰਤਾਰ ਸਿੰਹੁ ਤੇਲੀ, ਨੰ: ੩**

ਇਸ ਨੇ ਪਿੰਡ ਦੇਸ਼ ਮਲਕਾਣਾ, ਜ਼ਿਲ੍ਹਾ ਹਿਸਾਰ ਵਿਚ ਫਤੇਹਦੀਨ ਤੇਲੀ ਦੇ ਘਰ ਜਨਮ ਲਿਆ। ਆਪਣੇ ਆਪ ਨੂੰ ਮਿਹਨਤ ਮਜ਼ਦੂਰੀ ਕਰਨ ਦੇ ਨਾ-ਕਾਬਲ ਸਮਝ ਕੇ ਸਾਧ ਹੋ ਗਿਆ। ਜੋ ਮੁੰਡੇ ਨਖੱਟੂ, ਨਿਕੰਮੇ ਹੁੰਦੇ ਹਨ ਉਹ ਅਕਸਰ ਕਰ ਕੇ ਮਾਲਵੇ ਵਿਚ ਸਾਧ ਹੀ ਬਣ ਜਾਇਆ ਕਰਦੇ ਹਨ ਅਤੇ ਇਹ ਗੱਲ ਪ੍ਰਸਿੱਧ ਰਹੀ ਹੈ ਕਿ ਜ਼ਿਮੀਂਦਾਰੇ ਦੇ ਕੰਮ ਤੋਂ ਤੰਗ ਆ ਕੇ ਮਾਲਵੇ ਦੇ ਮੁੰਡੇ ਟੁੱਕੜ ਗ਼ਦਾਈ ਸਾਧ ਹੀ ਬਣ ਜਾਇਆ ਕਰਦੇ ਹਨ। ਟੁੱਕੜੇ ਤੋਂ ਤੰਗ ਆ ਕੇ ਫੇਰ ਇਹ ਆਪਣੇ ਪਿੰਡ ਦੇ ਇਕ ਹੋਰ ਨਵੇਂ ਬਣੇ ਸਾਧ (ਗੁਰਬਖ਼ਸ਼ ਸਿੰਘ) ਨਾਲ ਦੁਆਬੇ ਵਿਚ ਆ ਗਿਆ ਅਤੇ ਮਿਤ ਸਿੰਹੁ ਟੁੱਕੜ-ਬੋਚ ਕਿਸ਼ਨਪੁਰ ਨੂੰ ਆ ਮਿਲਿਆ। ਕਿਉਂਕਿ ਇਹ ਆਦਮੀ (ਕਰਤਾਰ ਸਿੰਘ) ਅਨਪੜ੍ਹ ਤੇ ਗੁਣਹੀਨ ਸੀ, ਇਸ ਕਰ ਕੇ ੧੯੨੨ ਦੇ ਸ਼ੁਰੂ ਵਿਚ ਇਸ ਨੇ ਪੁਲਿਸ ਰਾਣੀ ਦੀ ਸ਼ਰਨ ਲਈ। ਇਸ ਦਾ ਜ਼ਿਕਰ ਮੈਂ ਕਿਤੇ ਪਿੱਛੇ ਕਰ ਆਇਆ ਹਾਂ। ਪੁਲਿਸ ਤੇ ਸੀ. ਆਈ. ਡੀ. ਨੇ ਵੇਖਿਆ ਕਿ ਇਹ ਦੇਸ਼ ਸੇਵਕਾਂ ਦਾ ਸ਼ਿਕਾਰ ਕਾਫ਼ੀ ਖੇਡ ਚੁੱਕਾ ਹੈ। ਹੁਣ ਲੋਕਾਂ ਨੂੰ ਇਸ ਦੇ ਧੋਖੇ ਦਾ ਪਤਾ ਲੱਗ ਚੁੱਕਾ ਹੈ ਤੇ ਹੁਣ ਇਹ ਬਾਹਰ ਕੰਮ ਕਰਨ ਦੇ ਕਾਬਲ ਨਹੀਂ ਰਿਹਾ। ਤਦ ਇਸ ਨੂੰ ਸਾਜਿਸ਼ ਬਣਾ ਕੇ, ਜੋ ਮੁਕੱਦਮਾ ੧੫ ਅਗਸਤ ੧੯੨੩ ਤੋਂ ਚਲਦਾ ਸੀ, ਵਿਚ ਅਕਤੂਬਰ ੧੯੨੩ ਨੂੰ ਵਾਅਦਾ ਮੁਆਫ਼ ਬਣਾ ਲਿਆ ਅਰ ਮਨਭਾਂਦੇ ਬਕਵਾਸ

ਇਸ ਤੋਂ ਝੂਠ ਹੀ ਕਰਵਾ ਲਏ ਕਿਉਂਕਿ ਬੇਜ਼ਮੀਰ ਤਾਂ ਇਹ ਪਹਿਲੋਂ ਹੀ ਹੋ ਚੁੱਕਾ ਸੀ। ਪਰ ਸੁਆਦਲੀ ਗੱਲ ਇਹ ਹੈ ਕਿ ਪੁਲਿਸ ਨੇ ਇਸ ਨੂੰ ਗ੍ਰਿਫ਼ਤਾਰ ਵੀ ਨਹੀਂ ਕੀਤਾ ਤੇ ਖੁਲ੍ਹੇ ਫਿਰਦੇ ਨੂੰ ਹੀ ਵਾਇਦਾ ਮੁਆਫ਼ ਬਣਾ ਲਿਆ।

***ਵਾਅਦਾ ਮੁਆਫ਼ ਮੁਹੰਮਦ ਤੁਫ਼ੈਲ ਮੋਚੀ, ਨੰ: ੪***

ਇਸ ਕਾਫ਼ਰ ਨੇ ਪੰਡੋਰੀ ਨਿੱਝਰਾਂ, ਜ਼ਿਲ੍ਹਾ ਜਲੰਧਰ ਦੇ ਇਮਾਮਦੀਨ ਮੋਚੀ ਦੇ ਘਰ ਜਨਮ ਲਿਆ ਤੇ ਮਿਹਨਤ ਮਜ਼ਦੂਰੀ ਕਰ ਕੇ ਗੁਜ਼ਾਰਾ ਕਰਦਾ ਰਿਹਾ ਪਰ ਇਹ ਛੋਕਰਾ ਬਿਲਕੁਲ ਗਿਰੇ ਹੋਏ ਚਾਲ-ਚਲਨ ਦਾ ਸੀ। ਇਹੋ ਜਿਹੇ ਬਦ-ਇਖ਼ਲਾਕ ਤੇ ਬੇ-ਜ਼ਮੀਰ ਡਰਪੋਕਾਂ ਦੀ ਕਦੇ-ਕਦੇ ਹਕੂਮਤ ਅੰਗਰੇਜ਼ੀ ਦੀ ਪੁਲਿਸ ਰਾਣੀ ਨੂੰ ਜ਼ਰੂਰਤ ਪਿਆ ਕਰਦੀ ਸੀ ਪਰ ਬਬਰ ਅਕਾਲੀ ਲਹਿਰ ਦੇ ਸ਼ੁਰੂ ਹੋਣ ਤੋਂ ਤਾਂ ਅਜਿਹੇ ਆਦਮੀ ਬਹੁਤ ਹੀ ਕੰਮ ਆਏ ਹਨ। ਬਬਰ ਅਕਾਲੀ ਲਹਿਰ ਨੂੰ ਦਬਾਉਣ ਲਈ ਅਜਿਹੇ ਲੋਕਾਂ ਨੇ ਸਰਕਾਰ ਨੂੰ ਗੁਆਹੀਆਂ ਦੇ ਕੇ ਵੱਡੀ ਮੱਦਦ ਦਿੱਤੀ, ਇਸ ਖ਼ਿਆਲ ਨੂੰ ਮੱਦੇ-ਨਜ਼ਰ ਰੱਖ ਕੇ ਅਕਾਲੀਆਂ ਉੱਤੇ ਇਸ ਨੂੰ ਵਾਅਦਾ ਮੁਆਫ਼ ਬਣਾ ਕੇ ਦੇਸ਼ ਸੇਵਕਾਂ ਨੂੰ ਸਾਜ਼ਿਸ਼ ਵਿਚ ਫਸਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ।

***ਮਹਿਤਾਬ ਸਿੰਹੁ ਉਰਫ਼ ਆਸਾ ਸਿੰਹੁ, ਨੰ: ੫***

ਇਹ ਸ਼ਖ਼ਸ ਭਕੜੂਦੀ, ਜ਼ਿਲ੍ਹਾ ਜਲੰਧਰ, ਰਾਮ ਦਿਤੇ ਜ਼ਿਮੀਂਦਾਰ ਦੇ ਘਰ ਜਨਮਿਆ। ਪਹਿਲੇ ਇਸ ਨੂੰ ਆਸਾ ਰਾਮ ਕਹਿੰਦੇ ਸਨ। ਇਹ ਵੱਡਾ ਹੋ ਕੇ ਇਕ ਤੋਪਖ਼ਾਨੇ ਵਿਚ ਨੌਕਰ ਜਾ ਹੋਇਆ। ਇਸ ਦੇ ਪਿੱਛੋਂ ਕੈਨੇਡਾ ਨੂੰ ਚਲਾ ਗਿਆ ਅਰ ਫੇਰ ਦੇਸ਼ ਨੂੰ ਵਾਪਿਸ ਆਇਆ। ਇਹ ਬ੍ਰਾਹਮਣਾਂ ਦਾ ਪੱਕਾ ਚਾਟੜਾ ਸੀ। ਕੁਝ ਚਿਰ ਬਾਅਦ ਕੂਕਿਆਂ ਦਾ ਚਾਟੜਾ ਬਣ ਗਿਆ ਪਰ ਪੂਰੀ ਉਧਰ ਵੀ ਨਾ ਪਈ ਤੇ ਫਿਰ ਬ੍ਰਾਹਮਣਾਂ ਦੀ ਚਰਨੀਂ ਜਾ ਲੱਗਾ। ਨਾਨਕਾਣਾ ਸਾਹਿਬ ਦੇ ਸਾਕੇ ਪਿੱਛੋਂ ਲੋਕਾਂ ਨੂੰ ਅਕਾਲੀ ਸਜਦੇ ਵੇਖ ਕੇ ਅਕਾਲੀ ਬਣ ਗਿਆ। ਸਰਕਾਰ ਨੂੰ ਗਾਲ੍ਹਾਂ ਵੀ ਕਦੇ-ਕਦੇ ਜਲਸਿਆਂ ਵਿਚ ਕੱਢ ਦਿਆ ਕਰੇ। ਇਸ ਕਰ ਕੇ ਇਸ ਦੇ ਵਾਰੰਟ ਜਾਰੀ ਹੋ ਗਏ। ਇਹ ਬੁਜ਼ਦਿਲ ਭਗੌੜਾ ਬਣ ਗਿਆ। ਪੁਲਿਸ ਨੇ ਇਸ ਨੂੰ ਫੜ ਕੇ ਚਾਰ ਸਾਲ ਦੀ ਕੈਦ ਕਰਾ ਦਿੱਤੀ। ਇਸ ਨੇ ਸਜ਼ਾ ਮੁਆਫ਼ ਕਰਵਾਉਣ ਨੂੰ ਬਹੁਤ ਹੱਥ ਪੈਰ ਮਾਰੇ ਪਰ ਕੋਈ ਵਾਹ ਨਾ ਚੱਲੀ। ਇਸ ਦੀ ਖ਼ੁਸ਼ਕਿਸਮਤੀ ਨੂੰ ਬਬਰ ਅਕਾਲੀ ਸਾਜ਼ਿਸ਼ ਦਾ ਮੁਕੱਦਮਾ ਤਿਆਰ ਹੋਇਆ। ਇਸ ਨੇ ਪੁਲਿਸ ਦੀ ਸ਼ਰਨ ਲੈਣੀ ਯੋਗ ਖ਼ਿਆਲ ਕੀਤੀ ਕਿਉਂਕਿ ਇਸ ਤਰ੍ਹਾਂ ਇਸ ਦੀ ਕੈਦ (ਜੋ ਚਾਰ ਸਾਲ ਹੋ ਚੁੱਕੀ ਸੀ) ਮੁਆਫ਼ ਹੋਣ ਦੀ ਆਸ ਸੀ। ਫਿਰ ਕੀ ਸੀ, ਇਸ ਬੇਗ਼ੈਰਤ ਨੇ ਪੁਲਿਸ ਦੀ ਮਨਘੜਤ ਕਹਾਣੀ ਕੰਠ ਕਰ ਕੇ ਵਾਅਦਾ ਮੁਆਫ਼ੀ ਦਾ ਲਾਣਤੀ ਜਾਮਾ ਧਾਰ ਲਿਆ।

***ਵਾਅਦਾ ਮੁਆਫ਼ ਕਰਤਾਰ ਸਿੰਹੁ, ਨੰ: ੬***

ਇਹ ਬੇਸ਼ਰਮ ਜੁਆਲਾ ਸਿੰਹੁ ਬੂੜੋ-ਬਾੜੀ ਜ਼ਿਲ੍ਹਾ ਹੁਸ਼ਿਆਰਪੁਰ ਦੇ ਘਰ ਜੰਮਿਆ ਸੀ। ਪਹਿਲੇ ਦਸ ਨੰਬਰ ਦਾ ਬਦਮਾਸ਼ ਸੀ। ਅਕਾਲੀ ਲਹਿਰ ਚੱਲੀ ਤੋਂ ਇਹ ਭੀ

ਬਹੁਰੂਪੀਆ ਅਕਾਲੀਆਂ ਵਿਚ ਰਲਣ ਲਈ ਕਾਲੀ ਪੱਗ ਬੰਨ੍ਹ ਆਇਆ। ਅੰਦਰੋਂ ਅੰਦਰੀਂ ਪੁਲਿਸ ਨਾਲ ਮਿਲ ਕੇ ਝੋਲੀ ਚੁੱਕੀ ਦਾ ਕੰਮ ਕਰਦਾ ਰਿਹਾ। ਗੁਰੂ ਕੇ ਬਾਗ਼ ਦੇ ਮੋਰਚੇ ਸਮੇਂ ਇਹ ਭੀ ਅੰਮ੍ਰਿਤਸਰੋਂ ਜਥੇ ਵਿਚ ਗੁਰੂ ਕੇ ਬਾਗ਼ ਗਿਆ, ਪਰ ਜਦ ਜ਼ਾਲਮ ਬੀ. ਟੀ. ਦੀਆਂ ਡਾਂਗਾਂ ਵਰਨੀਆਂ ਆਰੰਭ ਹੋਈਆਂ, ਇਸ ਨੇ ਤੁਰੰਤ ਹੀ ਉਹ ਗਿੱਦੜ ਪਰਚੀ (ਜੋ ਕਿਸੇ ਪੁਲਿਸ ਅਫ਼ਸਰ ਵੱਲੋਂ ਇਸ ਨੂੰ ਮਿਲੀ ਸੀ) ਬੀ. ਟੀ. ਨੂੰ ਦਿਖਾ ਕੇ ਖਲਾਸੀ ਪਾਈ। ਫਿਰ ਇਸ ਨੂੰ ਕਿਸੇ ਨੇ ਹੱਥ ਨਹੀਂ ਲਾਇਆ ਤੇ ਜਥੇ ਉੱਤੇ ਕਹਿਰ ਦੀ ਡਾਂਗ ਵਰ੍ਹੀ। ਉੱਥੇ ਜਿਸ ਕੰਮ 'ਤੇ ਇਸ ਨੂੰ ਲਾਇਆ ਸੀ ਕਰ ਕੇ ਜ਼ਿਲ੍ਹੇ ਵਿਚ ਆਇਆ ਤੇ ਭਾਈ ਕਰਮ ਸਿੰਘ ਜੀ ਆਦਿ ਬਬਰ ਅਕਾਲੀਆਂ ਤੇ ਦੇਸ਼ ਸੇਵਕਾਂ ਦੀ ਗ੍ਰਿਫ਼ਤਾਰੀ ਹਿਤ ਉਨ੍ਹਾਂ ਦੇ ਸ਼ਿਕਾਰ ਚੜ੍ਹਿਆ। ਉਹ ਆਪਣੇ ਵਾਅਦਾ ਮੁਆਫ਼ੀ ਵਾਲੇ ਬਿਆਨ ਵਿਚ ਜ਼ਿਕਰ ਭੀ ਕਰਦਾ ਹੈ ਕਿ ਉਹ ਥਾਣੇਦਾਰ ਕਾਬਲ ਸਿੰਘ ਨੂੰ ਗੜ੍ਹਸ਼ੰਕਰ ਜਾ ਕੇ ਜਵਾਲਾ ਸਿੰਹੁ ਦੇਸ਼ ਘਾਤੀ ਜਿਆਣ ਸਹਿਤ ਚੱਕਰਵਰਤੀ ਬਬਰ ਅਕਾਲੀਆਂ ਦੀ ਗ੍ਰਿਫ਼ਤਾਰੀ ਕਰਵਾਉਣ ਲਈ ਮਿਲਿਆ ਸੀ ਅਤੇ ਖ਼ੁਫ਼ੀਆ ਤੌਰ 'ਤੇ ਬਹੁਤ ਕੋਸ਼ਿਸ਼ ਕਰਦਾ ਰਿਹਾ, ਪਰ ਕਾਮਯਾਬ ਨਾ ਹੋਇਆ। ਅੰਤ ਪੁਲਿਸ ਨੇ ਇਸ ਨੂੰ ਬਬਰ ਅਕਾਲੀਆਂ ਦੇ ਬਹਾਨੇ ਦੇਸ਼ ਸੇਵਕਾਂ ਨੂੰ ਜੇਲ੍ਹ ਪਾਉਣ ਖ਼ਾਤਰ ਵਾਅਦਾ ਮੁਆਫ਼ ਬਣਾ ਲਿਆ ਮਗਰ ਇਸ ਨੂੰ ਪੁਲਿਸ ਨੇ ਆਪਣੀ ਹਿਰਾਸਤ ਵਿਚ ਹੀ ਰੱਖਿਆ। ਜਦੋਂ ਵੀ ਚਾਹੇ ਬਾਹਰ ਵੀ ਬਬਰ ਅਕਾਲੀਆਂ ਦੇ ਸ਼ਿਕਾਰ ਲਈ ਜਾਂਦਾ ਰਿਹਾ ਤੇ ਹਵਾਲਾਤ ਵਿਚ ਜਿੰਨਾ ਚਿਰ ਰਹਿੰਦਾ ਸੀ ਦੇਸ਼ ਸੇਵਕ ਮੁਲਜ਼ਮਾਂ ਨੂੰ ਇਕਬਾਲ ਪਰੋਸਦਾ ਸੀ। ਭਾਈ ਧੰਨਾ ਸਿੰਘ ਜੀ ਬਹਿਬਲਪੁਰ ਦੀ ਸ਼ਹੀਦੀ ਵਿਚ ਇਸ ਦਾ ਪੂਰਾ-ਪੂਰਾ ਹੱਥ ਸੀ। ਉਂਝ ਗ਼ਵਾਹੀ ਵਿਚ ਇਹ ਆਪਣੇ ਆਪ ਨੂੰ ਥਾਣੇ ਮਹਿਲਪੁਰ ਦੇ ਅਕਾਲੀਆਂ ਦਾ ਜਥੇਦਾਰ ਪ੍ਰਗਟ ਕਰਦਾ ਹੈ। ਇਹ ਬਿਲਕੁਲ ਨਿਰਮੂਲ ਹੈ ਕਿਉਂਕਿ ਇਹ ਅਫ਼ੀਮੀ, ਸ਼ਰਾਬੀ-ਕਬਾਬੀ ਤੇ ਪੋਸਤੀ ਸੀ, ਜਿਸ ਕਰ ਕੇ ਇਸ ਦੇਸ਼ ਘਾਤੀ, ਕੌਮ-ਧਰੋਹੀ, ਪਾਪੀ ਪੁਰਸ਼ ਨੂੰ ਕਿਸੇ ਦੇਸ਼ ਸੇਵਕ ਨੇ ਕਤਲ ਦੁਆਰਾ ਸੁਧਾਰ ਕਰ ਕੇ ਨਰਕ ਟੋਰ ਦਿੱਤਾ।

### ਵਾਅਦਾ ਮੁਆ:ਫ ਮਿਤ ਸਿੰਹੁ (ਸਾਧ) ਨੰ: ੭

ਇਹ ਸ਼ਖ਼ਸ ਖੜਕ ਸਿੰਹੁ ਦੇ ਘਰ ਦੇਸੂ ਮਲਕਾਣਾ, ਰਿਆਸਤ ਪਟਿਆਲਾ, ਵਿਚ ਜੰਮਿਆ। ਵੱਡਾ ਹੋ ਕੇ ੧੯ ਨੰ: ਪਲਟਨ ਵਿਚ ਨੌਕਰ ਹੋ ਗਿਆ। ੭-੮ ਸਾਲ ਗੁਲਾਮੀ ਕਰਨ ਦੇ ਮਗਰੋਂ ਨਖੱਟੂ ਹੋ ਕੇ ਸਾਧ ਬਣ ਗਿਆ ਤੇ ਨੌਕਰੀ ਛੱਡ ਆਇਆ। ਇਸ ਸਮੇਂ ਕਿਸ਼ਨਪੁਰ ਜ਼ਿਲ੍ਹਾ ਜਲੰਧਰ ਵਿਚ ਗੁਫ਼ਾ ਪੁੱਟ ਕੇ ਬੈਠ ਗਿਆ। ਇਹ ਬਿਲਕੁਲ ਅਨਪੜ੍ਹ ਮੂਰਖ ਹੈ। ਇਸ ਨੇ ਕੋਈ ਵੱਡਾ ਦੇਸ਼-ਘਾਤ ਨਹੀਂ ਕੀਤਾ। ਜਦ ਇਸ ਨੂੰ ਪੁਲਿਸ ਨੇ ਫੜ ਕੇ ਅਫ਼ੀਮ ਨਾ ਦਿੱਤੀ ਤਦ ਇਹ ਡਾਹਢਾ ਤੰਗ ਹੋ ਗਿਆ ਕਿਉਂਕਿ ਰੁਪੈਆ ਰੋਜ਼ ਤੋਂ ਵਧੀਕ ਅਫ਼ੀਮ ਖਾਂਦਾ ਸੀ, ਪੁਲਿਸ ਨੇ ਬਕਵਾਸ ਕਰਾਇਆ। ਤੰਗ ਪੈ ਕੇ ਤਿਆਰ ਹੋ ਗਿਆ ਤੇ ਵਾਅਦਾ ਮੁਆਫ਼ੀ ਦਾ ਲਾਣਤੀ ਜਾਮਾ ਪਹਿਨ ਲਿਆ।

### ਵਾਅਦਾ ਮੁਆਫ਼ ਅਨੂਪ ਸਿੰਹੁ, ਨੰ: ੮

ਇਹ ਮਾਣਕੋ, ਜ਼ਿਲ੍ਹਾ ਜਲੰਧਰ, ਇੰਦਰ ਸਿੰਹੁ ਦੇ ਘਰ ਜੰਮਿਆ ਤੇ ਕਿਸੇ ਪਲਟਨ ਵਿਚ ਕੁਝ ਅਰਸਾ ਗ਼ੁਲਾਮੀ ਕਰ ਕੇ ਪਿੰਡ ਆ ਗਿਆ ਤੇ ਬਬਰ ਅਕਾਲੀਆਂ ਵਿਚ ਮਈ ੧੯੨੩ ਵਿਚ ਸ਼ਾਮਿਲ ਹੋ ਗਿਆ। ਇਸ ਨੇ ਆਪਣੇ ਪਿਉ ਇੰਦਰ ਸਿੰਹੁ ਬੋਘਾ ਤੇ ਉਸ ਦੇ ਪੁੱਤਰ ਜਸਵੰਤ ਸਿੰਹੁ ਅਤੇ ਕੇਵਲ ਸਿੰਹੁ ਅਰ ਨਿਰੰਜਣ ਸਿੰਹੁ ਵਿਦਿਆਰਥੀ ਵਲਦ ਦਲੀਪ ਸਿੰਘ ਡੁਮੇਲੀ ਰਿਆਸਤ ਕਪੂਰਥਲਾ ਨਾਲ ਮਿਲ ਕੇ ਭਾਈ ਕਰਮ ਸਿੰਘ ਜੀ ਪੰਡੋਰੀ (ਗੰਗਾ ਸਿੰਘ ਵਾਲੀ) ਤੇ ਭਾਈ ਬਿਸ਼ਨ ਸਿੰਘ ਜੀ ਮਾਂਗਟ ਦਾ ਮਿੱਤਰ ਬਣ ਕੇ ਘਾਤ ਕੀਤਾ। ਇਸ ਦਾ ਜ਼ਿਕਰ ਮੈਂ ਕਿਤੇ ਪਿੱਛੇ ਕਰ ਆਇਆ ਹਾਂ। ਇਸ ਪਾਪੀ ਦੁਸ਼ਟ ਦੇ ਕੁਕਰਮਾਂ ਦਾ ਫਲ ਦੇਸ਼ ਸੇਵਕ ਭਾਈ ਕਰਤਾਰ ਸਿੰਘ ਜੀ ਕਿਰਤੀ ਚੱਕ ਬਾਗੜੀਆਂ, ਭਾਈ ਗੁਰਦਿੱਤ ਸਿੰਘ ਜੀ ਮੰਢਾਲੀ (ਇਹ ਦੋਵੇਂ ਜਲੰਧਰ ਦੇ ਸਨ) ਤੇ ਭਾਈ ਉਜਾਗਰ ਸਿੰਘ ਪਨਿਆਲੀ, ਜ਼ਿਲ੍ਹਾ ਹੁਸ਼ਿਆਰਪੁਰ ਨੇ ੧੫ ਹਾੜ ੧੯੩੯ ਨੂੰ ਭਜਾਇਆ ਸੀ ਜਿਸ ਕਰ ਕੇ ਸ਼ਹੀਦ ਕਰਤਾਰ ਸਿੰਘ ਜੀ ਕਿਰਤੀ ਫ਼ਾਂਸੀ ਲਾਏ ਗਏ। ਭਾਈ ਉਜਾਗਰ ਸਿੰਘ ਜੀ ਇਸ ਕੇਸ ਵਿਚ ਬਰੀ ਕੀਤੇ ਗਏ ਸਨ।

### ਵਾਅਦਾ ਮੁਆਫ਼ ਬੇਲਾ ਸਿੰਹੁ ਕਾਣਾ ਤੇ ਸਾਧੂ ਸਿੰਹੁ, ਨੰ: ੯-੧੦

ਇਹ ਬੇਲਾ ਸਿੰਹੁ ਕਾਣਾ ਖ਼ੁਸ਼ਾਲ ਸਿੰਹੁ ਪ੍ਰਾਗਪੁਰ, ਜ਼ਿਲ੍ਹਾ ਜਲੰਧਰ ਦਾ ਤੇ ਸਾਧੂ ਸਿੰਹੁ ਇਸੇ (ਬੇਲਾ ਸਿੰਹੁ) ਦਾ ਪੁੱਤਰ ਹੈ। ਪੁਲਿਸ ਨੇ ਇਨ੍ਹਾਂ ਨੂੰ ੨੪ ਜਨਵਰੀ ੧੯੨੨ ਨੂੰ ਡਰਾ ਧਮਕਾ ਕੇ ਆਪਣੇ ਹੱਥ ਲੈ ਲਿਆ। ਇਸ ਕਰ ਕੇ ਦੋਵੇਂ ਕਰਤਾਰ ਸਿੰਹੁ (ਜੋ ਇਨ੍ਹਾਂ ਦੇ ਪਿੰਡ ਦੀ ਹਦ ਵਿਚ ਹੀ ਰਹਿੰਦਾ ਸੀ) ਦੇ ਪੱਕੇ ਸਾਥੀ ਬਣ ਗਏ। ਬਬਰ ਅਕਾਲੀਆਂ ਦੀ ਗ੍ਰਿਫ਼ਤਾਰੀ ਤੇ ਇਨਾਮ ਦੇ ਅਭਿਲਾਖੀ ਹੋ ਕੇ ਹਲਕਾਏ ਕੁਤਿਆਂ ਵਾਂਗ ਫਿਰਨ ਲੱਗ ਪਏ। ਇਹ ੨੨ ਅਪ੍ਰੈਲ ੧੯੨੩ ਨੂੰ ਪੁਲਿਸ ਨੇ ਦੇਸ਼ ਸੇਵਕਾਂ ਉੱਤੇ ਵਾਅਦਾ ਮੁਆਫ਼ ਬਣਾਉਣ ਲਈ ਗ੍ਰਿਫ਼ਤਾਰ ਕਰ ਲਏ। ਇਹ ਝੱਟਪਟ ਹੀ ਵਾਅਦਾ ਮੁਆਫ਼ ਬਣ ਕੇ ਪੁਲਿਸ ਦੇ ਦਸੇ ਹੋਏ ਝੂਠੇ ਗਪੌੜੇ ਕਹਿਣ ਨੂੰ ਤਿਆਰ ਹੋ ਗਏ ਅਤੇ ਬੇਸ਼ਰਮੀ ਦਾ ਚੋਲਾ ਪਹਿਨ ਲਿਆ। ਬਸ ਜੋ ਬਕਵਾਸ ਪੁਲਿਸ ਨੇ ਕਰਵਾਇਆ ਦੇਸ਼ ਸੇਵਕਾਂ ਖ਼ਿਲਾਫ਼ ਕਰਨੋਂ ਜ਼ਰਾ ਨਾ ਝਿਜਕੇ।

### ਵਾਅਦਾ ਮੁਆਫ਼ ਬੇਲਾ ਸਿੰਹੁ, ਨੰ: ੧੧

ਇਸ ਨੇ ਨਡਾਲਾ, ਰਿਆਸਤ ਕਪੂਰਥਲਾ ਵਿਚ ਰੂੜਾ ਛੀਂਬੇ ਦੇ ਘਰ ਜਨਮ ਲਿਆ। ਉਸ ਨਾਲਾਇਕ ਨੇ ਇਸ ਨੂੰ ਛੀਂਬਿਆਂ ਵਾਲਾ ਕੰਮ ਤਾਂ ਨਾ ਸਿਖਾਇਆ, ਪਰ ਚਾਰ ਕੁ ਜਮਾਤਾਂ ਉਰਦੂ ਦੀਆਂ ਜ਼ਰੂਰ ਪੜ੍ਹਾ ਛੱਡੀਆਂ। ੧੯੨੨ ਨੂੰ ਪਲਾਹੀ ਦੇ ਸਿੱਖ ਸਕੂਲ ਵਿਚ (ਜੋ ਰਿਆਸਤ ਦੇ ਅਫ਼ਸਰਾਂ ਮਾਤਹਿਤ ਹੀ ਸੀ ਤੇ ਉਹਨੇ ਹੀ ਇਸ ਨੂੰ ਆਪਣਾ ਗੁਲਾਮ ਸਮਝ ਕੇ ਕੰਮ ਲੈਣ ਹਿਤ ਭੇਜ ਦਿੱਤਾ ਸੀ) ਮਾਸਟਰ ਹੋ ਗਿਆ। ਇਸ ਨੇ ਦੋ ਚਾਰ ਸੇਵਕਾਂ ਨੂੰ ਬਬਰ ਅਕਾਲੀ ਸਾਜਿਸ਼ ਵਿਚ ਵਾਅਦਾ ਮੁਆਫ਼ ਬਣਾ ਲਿਆ। ਇਹ ਪਹਿਲੋਂ ਹੀ ਬੇਜ਼ਮੀਰ ਤੇ ਪਰਲੇ ਦਰਜੇ ਦਾ ਡਰਪੋਕ

ਸੀ। ਆਉਂਦਿਆਂ ਹੀ ਫੋਨੋਗ੍ਰਾਮ ਵਾਂਗ ਅਲਾਪਣ ਲੱਗ ਪਿਆ।

***ਵਾਅਦਾ ਮੁਆ.ਫ ਰਾਮ ਸਿੰਹੁ, ਨੰ: ੧੨***

ਇਹ ਭਗਵਾਨੇ ਦਾ ਪੁੱਤਰ, ਮਜ਼ਾਰਾ ਕਾਂਵਾਂ, ਜ਼ਿਲ੍ਹਾ ਜਲੰਧਰ ਦਾ ਰਹਿਣ ਵਾਲਾ ਸੀ। ਪਹਿਲੋਂ ਇਹ ੯੦ ਨੰ: ਪਲਟਨ ਵਿਚ ਨੌਕਰ ਸੀ ਤੇ ਨਾਨਕਾਣੇ ਸਾਹਿਬ ਦੇ ਸਾਕੇ ਪਿੱਛੋਂ ਨੌਕਰੀ ਛੱਡ ਕੇ ਪਿੰਡ ਆ ਗਿਆ ਤੇ ਜ਼ਿਮੀਂਦਾਰੇ ਦਾ ਕੰਮ ਕਰਨ ਲੱਗ ਪਿਆ। ਲੋਕਾਂ ਨੂੰ ਅਕਾਲੀ ਹੁੰਦੇ ਵੇਖ ਕੇ ਇਸ ਨੇ ਭੀ ਅਕਾਲੀ ਬਾਣਾ ਪਹਿਨ ਲਿਆ। ਜਦੋਂ ਬਬਰ ਅਕਾਲੀਆਂ ਦਾ ਬੋਲਬਾਲਾ ਹੋ ਗਿਆ, ਤਦ ਭਾਈ ਕਰਮ ਸਿੰਘ ਜੀ ਦੌਲਤਪੁਰੀ ਨਾਲ ਭੀ ਚੰਦ ਇਕ ਦਿਨ ਫਿਰਦਾ ਰਿਹਾ। ਜਦ ਪੁਲਿਸ ਨੇ ਪੁੱਛਗਿੱਛ ਕਰਨ ਦੀ ਕੋਸ਼ਿਸ਼ ਕੀਤੀ ਤੇ ਇਹ ਉਹਨਾਂ ਦਾ ਚੇਲਾ ਬਣ ਗਿਆ ਤੇ ਪੁਲਿਸ ਦੇ ਕਹਿਣ ਮੂਜਬ ਦੇਸ਼ ਸੇਵਕਾਂ ਦੇ ਘਾਤ ਲਈ ਤਿਆਰ ਹੋ ਗਿਆ ਅਤੇ ਪੁਲਿਸ ਦੀ ਫ਼ਰਜ਼ੀ ਕਹਾਣੀ ਕੰਠ ਕਰ ਕੇ ਵਾਅਦਾ ਮੁਆਫ਼ੀ ਦੇ ਮੈਦਾਨ ਵਿਚ ਆ ਗਿਆ। ਨਿਰਦੋਸ਼ ਦੇਸ਼ ਸੇਵਕਾਂ 'ਤੇ ਝੂਠਾ ਵਾਅਦਾ ਮੁਆਫ਼ ਹੋ ਕੇ ਦੇਸ਼ ਤੇ ਕੌਮ-ਘਾਤੀ ਬਣਿਆ। ਕਿਸੇ ਘਰੋਗੀ ਨਰਾਜ਼ਗੀ ਦੇ ਕਾਰਨ ਆਪਣੇ ਸਕੇ ਭਰਾ ਉੱਤੇ ਵੀ ਝੂਠ ਬੋਲਣੋਂ ਨਾ ਝਿਜਕਿਆ।

***ਵਾਅਦਾ ਮੁਆ.ਫ ਰਾਮ ਸਿੰਹੁ, ਨੰ: ੧੩***

ਇਸ ਨੇ ਹਿਆਤਪੁਰ, ਜ਼ਿਲ੍ਹਾ ਹੁਸ਼ਿਆਰਪੁਰ, ਦੇ ਰਹਿਣ ਵਾਲੇ ਗੁਰਮੁਖ ਸਿੰਘ ਦੇ ਘਰ ਜਨਮ ਲਿਆ, ਬਾਬਾ ਸੁਰਜਨ ਸਿੰਘ ਜੀ ਬਬਰ ਅਕਾਲੀ, ਭਾਈ ਸੁੰਦਰ ਸਿੰਘ ਜੀ ਬਬਰ ਅਕਾਲੀ ਤੇ ਭਾਈ ਧਰਮ ਸਿੰਘ ਜੀ ਬਬਰ ਅਕਾਲੀ ਤੇ ਹੋਰ ਇਰਦ-ਗਿਰਦ ਦੇ ਦੇਸ਼ ਸੇਵਕਾਂ ਖ਼ਿਲਾਫ਼ ਵਾਅਦਾ ਮੁਆਫ਼ ਬਣ ਗਿਆ ਤੇ ਝੂਠੀਆਂ ਗੱਲਾਂ ਜੋ ਪੁਲਿਸ ਨੇ ਯਾਦ ਕਰਵਾਈਆਂ, ਕਹਿਣ ਨੂੰ ਤਿਆਰ ਹੋ ਗਿਆ।

***ਵਾਆਦਾ ਮੁਆ.ਫ ਚੰਦਾ ਸਿੰਹੁ, ਨੰ: ੧੪***

ਇਹ ਸ਼ਖ਼ਸ ਡੁਮੇਲੀ, ਰਿਆਸਤ ਕਪੂਰਥਲਾ ਦੇ ਰਹਿਣ ਵਾਲੇ ਛੱਜਾ ਸਿੰਹੁ ਦਾ ਪੁੱਤਰ ਹੈ। ਇਹ ੨੨ ਨੰ: ਪਲਟਨ ਵਿਚ ਨੌਕਰ ਸੀ। ਨੌਕਰੀ ਛੱਡ ਕੇ ਅਕਾਲੀ ਹੋ ਗਿਆ ਪਰ ਜਦੋਂ ਪੁਲਿਸ ਨੇ ਦੇਸ਼ ਭਗਤਾਂ ਨੂੰ ਬਬਰ ਅਕਾਲੀਆਂ ਦੇ ਬਹਾਨੇ ਫੜਿਆ ਤਦ ਇਹ ਝੱਟਪਟ ਵਾਅਦਾ ਮੁਆਫ਼ ਬਣ ਕੇ ਪੁਲਿਸ ਦੀ ਫ਼ਰਜ਼ੀ ਕਹਾਣੀ ਅਲਾਪਣ ਲੱਗ ਪਿਆ।

***ਵਾਅਦਾ ਮੁਆ.ਫ ਮਲੂਕ ਸਿੰਹੁ, ਨੰ: ੧੫***

ਇਹ ਬਦਬਖ਼ਤ ਨੱਥਾ ਸਿੰਹੁ ਦਾ ਪੁੱਤਰ ਹੈ ਤੇ ਪਲਾਹੀ, ਜ਼ਿਲ੍ਹਾ ਕਪੂਰਥਲਾ ਦਾ ਰਹਿਣ ਵਾਲਾ ਹੈ। ਪਹਿਲੋਂ ਪਲਟਨ ਨੰ: ੫੯ ਪੰਜਾਬੀ ਵਿਚ ਨੌਕਰ ਹੋ ਗਿਆ ਸੀ। ਫਿਰ ਪਿੰਡ ਆ ਗਿਆ ਅਰ "ਹੰਸਾ ਵੇਖਿ ਤਰੰਦਿਆ ਬਗਾਂ ਭਿ ਆਯਾ ਚਾਉ" ਦੇ ਵਾਕ ਅਨੁਸਾਰ ਸਿੰਘਾਂ ਨੂੰ ਅਕਾਲੀ ਸਜਦੇ ਵੇਖ ਕੇ ਇਸ ਨੇ ਭੀ ਕਾਲੀ ਪੱਗ ਤਾਂ ਬੰਨ੍ਹ ਲਈ ਪਰ ਕੁਕਰਮਾਂ ਤੋਂ ਬਾਜ਼ ਨਾ ਆਇਆ। ਇਹ ਦਾੜ੍ਹੀ ਘਸਾ ਕੇ ਰਖਦਾ ਸੀ ਇਹ ਪੜ੍ਹਿਆ ਹੋਇਆ ਨਹੀਂ ਸੀ, ਅਨਪੜ੍ਹ ਢੱਗਾ ਹੀ ਸੀ। ਜਦ ਮਾਰਚ ੧੯੨੨

ਵਿਚ ਰਿਆਸਤ ਕਪੂਰਥਲਾ ਨੇ ਅਕਾਲੀ ਗ੍ਰਿਫ਼ਤਾਰ ਕੀਤੇ ਸਨ ਤਾਂ ਇਹ ਭੀ ਉਨ੍ਹਾਂ ਵਿੱਚੋਂ ਇਕ ਸੀ। ਪਰ ਚੰਦ ਦਿਨਾਂ ਬਾਅਦ ਰਿਆਸਤ ਵਿੱਚੋਂ ਮੁਆਫ਼ੀ ਮੰਗ ਕੇ ਆਇਆ ਅਤੇ ਰਿਆਸਤ ਪੁਲਿਸ ਨੂੰ ਇਸ ਦੇ ਉੱਤੇ ਸ਼ੱਕ ਸੀ ਕਿ ਬਬਰ ਅਕਾਲੀ ਇਸ ਦੇ ਪਾਸੇ ਆਉਂਦੇ ਹਨ। ਇਸ ਲਈ ਇਸ ਕੰਮਬਖ਼ਤ ਨੂੰ ਗ੍ਰਿਫ਼ਤਾਰ ਕਰ ਲਿਆ ਪਰ ਇਹ ਫ਼ੌਰਨ ਪੁਲੀਸ ਦੀ ਕਠਪੁਤਲੀ ਬਣ ਗਿਆ। ਵਾਇਦਾ ਮੁਆਫ਼ੀ ਲੈ ਕੇ ਇਸ ਨਾਲਾਇਕ ਨੇ ਨੱਚਣਾ ਸ਼ੁਰੂ ਕਰ ਦਿੱਤਾ।

### *ਵਾਅਦਾ ਮੁਆਫ਼ ਜਵੰਦ ਸਿੰਘ, ਨੰ : ੧੬*

ਇਹ ਜੌਹਲ, ਜ਼ਿਲ੍ਹਾ ਜਲੰਧਰ ਦੇ ਰਹਿਣ ਵਾਲੇ ਬੇਲਾ ਸਿੰਘ ਦਾ ਪੁੱਤਰ ਸੀ। ੩੯ ਨੰਬਰ ਸਿੱਖ ਪਲਟਨ ਵਿਚ ਨੌਕਰ ਸੀ। ਇਸ ਦਾ ਭਰਾ ਭਾਈ ਮੁਨਸ਼ਾ ਸਿੰਘ ਪਿੰਡ ਦੇ ਅਕਾਲੀ ਜਥੇ ਦਾ ਜਥੇਦਾਰ ਸੀ। ਬਬਰ ਅਕਾਲੀ ਨਾਲ ਭਾਈ ਸਾਹਿਬ ਜੀ ਦੀ ਪੂਰਨ ਮੁਹੱਬਤ ਸੀ, ਜਿਸ ਕਰ ਕੇ ਭਾਈ ਮੁਨਸ਼ਾ ਸਿੰਘ ਜੌਹਲ ਪੁਲਿਸ ਦੀ ਨਿਗ੍ਹਾ ਵਿਚ ਕੰਡੇ ਵਾਂਗ ਰੜਕਦਾ ਸੀ। ਇਸ ਹਿਤ ਇਹ ਕੰਮਬਖ਼ਤ ਜਵੰਦ ਸਿੰਘ ਵਾਅਦਾ ਮੁਆਫ਼ ਬਣਾਇਆ ਗਿਆ ਕਿ ਕਿਸੇ ਤਰ੍ਹਾਂ ਭਾਈ ਮੁਨਸ਼ਾ ਸਿੰਘ ਤੇ ਚੋਣਵੇਂ ਦੇਸ਼ ਸੇਵਕਾਂ ਨੂੰ ਜੇਲ੍ਹ ਘਲਾਇਆ ਜਾਵੇ।

### *ਵਾਅਦਾ ਮੁਆਫ਼ ਕ੍ਰਿਪਾਲ ਸਿੰਘ, ਨੰ : ੧੭*

ਇਹ ਸ਼ਖ਼ਸ ਮਲਕਵਾਲ, ਜ਼ਿਲ੍ਹਾ ਰਾਵਲਪਿੰਡੀ ਦੇ ਰਹਿਣ ਵਾਲੇ ਰਾਣਾ ਸਿੰਘ ਅਰੋੜੇ ਦੇ ਘਰ ਜੰਮ ਕੇ ੫੨ ਨੰ : ਪਲਟਨ ਵਿਚ ਨੌਕਰ ਹੋ ਗਿਆ। ਜਦ ਨਾਨਕਾਣੇ ਸਾਹਿਬ ਦਾ ਸਾਕਾ ਹੋਇਆ ਤੇ ਸਿੰਘਾਂ ਨੇ ਫ਼ੌਜ ਵਿਚ ਕਾਲੇ ਦਸਤਾਰੇ ਸਜਾ ਕੇ ਅਕਾਲੀ ਬਾਣਾ ਧਾਰਿਆ ਤਦ ਇਸ ਦੁਸ਼ਟ ਨੇ ਉਨ੍ਹਾਂ ਅਕਾਲੀ ਵੀਰਾਂ ਦੇ ਖ਼ਿਲਾਫ਼ ਫ਼ੌਜੀ ਅਫ਼ਸਰਾਂ ਨੂੰ ਖ਼ਬਰ ਦਿੱਤੀ, ਜਿਸ ਨੂੰ ਉਹ ਆਪਣੀ ਗਵਾਹੀ ਵਿਚ ਖ਼ੁਦ ਭੀ ਮੰਨਦਾ ਹੈ। ਭਾਈ ਗੰਗਾ ਸਿੰਘ ਜੀ ਨੈਕ ਤੇ ਭਾਈ ਪ੍ਰਤਾਪ ਸਿੰਘ ਜੀ ਅਤੇ ਭਾਈ ਮਾਨ ਸਿੰਘ ਜੀ ਤੇ ਭਾਈ ਕਿਸ਼ਨ ਸਿੰਘ ਜੀ ਗੜਗੱਜ ਤੇ ਬਾਬੂ ਬੰਤਾ ਸਿੰਘ ਜੀ ਨਿਧੜਕ, ਆਦਿ ਦੇਸ਼ ਸੇਵਕਾਂ ਦੇ ਖ਼ਿਲਾਫ਼ ਇਹ ਗਦਾਰ ਝੂਠਾ ਵਾਅਦਾ ਮੁਆਫ਼ ਬਣ ਗਿਆ।

### *ਦੋ ਵਾਅਦਾ ਮੁਆਫ਼ "ਡਾਕੂ"*

ਬੇਲਾ ਸਿੰਘ ਚਮਾਰ ਤੇ ਬੰਤਾ ਸਿੰਘ ਬੋਪਾਰਾਏ, ਰਿਆਸਤ ਕਪੂਰਥਲਾ ਇਹ ਦੋਵੇਂ ਆਦਮੀ ਬਦਇਖ਼ਲਾਕ, ਚੋਰ ਤੇ ਡਾਕੂ ਸਨ। ਡਕੈਤੀਆਂ ਦੇ ਕਾਰਨ ਹੀ ਇਹ ਦੋਵੇਂ ਗ੍ਰਿਫ਼ਤਾਰ ਕੀਤੇ ਗਏ ਸਨ। ਉਸ ਮੁਕੱਦਮੇ ਵਿਚ ਇਹ ਦੋਵੇਂ ਵਾਅਦਾ ਮੁਆਫ਼ ਸਨ। ਬਬਰ ਅਕਾਲੀ ਦੇ ਮੁਕੱਦਮੇ ਵਿਚ ਇਨ੍ਹਾਂ ਨੂੰ ਸਿਰਫ਼ ਇਸ ਲਈ ਲਿਆਂਦਾ ਗਿਆ ਸੀ, ਤਾਂ ਜੋ ਦੁਨੀਆਂ ਵਿਚ ਇਹ ਪ੍ਰਗਟ ਕੀਤਾ ਜਾਏ ਕਿ ਬਬਰ ਅਕਾਲੀ ਧਰਮੀ ਅਤੇ ਕੌਮੀ ਆਦਮੀ ਨਹੀਂ, ਸਗੋਂ ਚੋਰ, ਡਾਕੂ ਤੇ ਬਦਮਾਸ਼ ਹਨ। ਇਨ੍ਹਾਂ ਦੋਹਾਂ ਦੀ ਗਵਾਹੀ ਵਿਚ ਬਹੁਤ ਜ਼ਿਆਦਾ ਡਾਕਿਆਂ ਦਾ ਜ਼ਿਕਰ ਆਉਂਦਾ ਹੈ ਜਾਂ ਸਾਧੜੀ ਮਹਾਦੇਵੀ ਦੇ ਕੱਢਣ ਦਾ ਜ਼ਿਕਰ ਹੈ ਪਰ ਬਬਰ ਅਕਾਲੀ ਵਿੱਚੋਂ ਕੋਈ ਭੀ

ਇਨ੍ਹਾਂ ਨਾਲ ਡਾਕਿਆਂ ਜਾਂ ਸਾਧਣੀ ਨੂੰ ਕੱਢਣ ਵਿਚ ਸ਼ਾਮਿਲ ਨਹੀਂ ਸੀ। ਇਸ ਲਈ ਇਨ੍ਹਾਂ ਦੋਹਾਂ ਦੀ ਗਵਾਹੀ ਦਾ ਬਹੁਤ ਸਾਰਾ ਹਿੱਸਾ ਸੈਸ਼ਨ ਜੱਜ ਨੇ ਗ਼ੈਰ-ਮੁਤੱਲਕ ਹੋਣ ਕਰ ਕੇ ਛੱਡ ਦਿੱਤਾ ਸੀ।

***ਵਾਅਦਾ ਮੁਆਫ਼ ਧੰਨਾ ਸਿੰਘ ਵਲਦ ਹਾਕਮ ਸਿੰਘ, ਨੰ : ੨੦***

ਕੋਟਲੀ ਬਾਵਾਦਾਸ, ਜ਼ਿਲ੍ਹਾ ਹੁਸ਼ਿਆਰਪੁਰ ਦੀ ਗਵਾਹੀ ਵੀ ਇਸੇ ਕਿਸਮ ਦੀ ਹੈ। ਇਹ ੪੭ ਸਿੱਖ ਪਲਟਨ ਵਿਚ ਭਰਤੀ ਸੀ। ਉਥੋਂ ਘਿਓ ਚੁਰਾ ਕੇ ਸਜ਼ਾ ਪਾ ਆਇਆ ਤੇ ਆਉਣ ਸਾਰ ਡਾਕੇ, ਚੋਰੀਆਂ ਦੇ ਭੈੜੇ ਕੰਮ ਵਿਚ ਲੱਗ ਗਿਆ। ਵਾਰੰਟ ਜਾਰੀ ਹੋਣ ਸਮੇਂ ਭਗੌੜਾ ਹੋ ਗਿਆ। ਇਸ ਨੂੰ ਭੀ ਪੁਲਿਸ ਨੇ ਵਾਅਦਾ ਮੁਆਫ਼ ਬਣਾ ਕੇ ਬਬਰ ਅਕਾਲੀ ਮੁਕੱਦਮੇ ਵਿਚ ਦੇਸ਼ ਸੇਵਕਾਂ ਖ਼ਿਲਾਫ਼ ਨਾਜਾਇਜ਼ ਫ਼ਾਇਦਾ ਉਠਾਇਆ।

***ਭਾਈ ਹਜ਼ਾਰਾ ਸਿੰਘ ਵਲਦ ਇੰਦਰ ਸਿੰਘ ਮੰਡੇਰ***

ਇਹ ਸੱਜਣ ੧੯ ਨੰ: ਪਲਟਨ ਵਿਚ ਨੌਕਰ ਹੋ ਗਿਆ ਸੀ। ਫਿਰ ੨੨ ਨੰ: ਵਿਚ ਚਲਾ ਗਿਆ। ਨਾਨਕਾਣਾ ਸਾਹਿਬ ਦੇ ਸਾਕੇ ਤੋਂ ਪਹਿਲ ਵਿਚ ਉਸ ਵਕਤ ਨੌਕਰੀ ਛੱਡ ਕੇ ਆਇਆ ਜਦ ਕਿ ਗੁਰਦੁਆਰਾ ਸੁਧਾਰ ਲਹਿਰ ਸ਼ੁਰੂ ਹੋਈ ਸੀ। ਨਾਨਕਾਣਾ ਸਾਹਿਬ ਦੇ ਸਾਕੇ ਮਗਰੋਂ ਜਦੋਂ ਲਾਸ਼ਾਂ ਦਾ ਸੰਸਕਾਰ ਕੀਤਾ ਗਿਆ ਤਾਂ ਇਹ ਵੀ ਉਥੇ ਪਹੁੰਚ ਗਿਆ। ਉਥੇ ਹੀ ਅਕਾਲੀ ਸਜ ਕੇ ਧਰਮ ਤੇ ਦੇਸ਼ ਦੀ ਸੇਵਾ ਵਿਚ ਜੁੱਟ ਗਿਆ। ਪਿੰਡ ਆ ਕੇ ਵੀ ਇਸ ਨੇ ਬਹੁਤ ਸਿੰਘ ਅਕਾਲੀ ਸਜਾਏ। ਇਸ ਨੂੰ ਨੇਮੀ-ਪਰੇਮੀ ਸਮਝ ਕੇ ਪਿੰਡ ਦੀ ਸੰਗਤ ਨੇ ਪਿੰਡ ਮੁੰਡੇਰ ਦੇ ਅਕਾਲੀ ਜਥੇ ਦਾ ਜਥੇਦਾਰ ਨੀਯਤ ਕਰ ਦਿੱਤਾ। ਇਹ ਵਿਤ ਅਨੁਸਾਰ ਦੇਸ਼ ਸੇਵਾ ਕਰਦਾ ਰਿਹਾ। ਬਬਰ ਅਕਾਲੀਆਂ ਨਾਲ ਤਾਂ ਇਸ ਦਾ ਚੰਗਾ ਮੇਲ ਮਿਲਾਪ ਸੀ। ਇਹ ਚੰਗਾ ਜੋਸ਼ੀਲਾ ਆਦਮੀ ਸੀ ਤੇ ਗੁਰੂ ਕੇ ਬਾਗ਼ ਦੀ ਮੋਰਚੇ ਸਮੇਂ ਇਹ ਕੁੱਟ ਖਾਣ ਵਾਲੇ ਜਥੇ ਦੇ ਵਿਚ ਸ਼ਾਮਿਲ ਹੋ ਕੇ ਗ੍ਰਿਫ਼ਤਾਰ ਹੋਇਆ। ਇਸ ਦਾ ਜੋਸ਼ ਮੱਠਾ ਨਾ ਹੋਇਆ ਤੇ ਕੌਮੀ ਸੇਵਾ ਕਰਦਾ ਰਿਹਾ। ਆਖ਼ਿਰ ੧੦ ਜਨਵਰੀ ੧੯੨੩ ਨੂੰ ਪੁਲਿਸ ਦੀਆਂ ਚਾਲਾਂ ਵਿਚ ਆ ਕੇ ਵਾਅਦਾ ਮੁਆਫ਼ ਬਣ ਗਿਆ ਪਰ ਫਿਰ ਵਿਚਾਰਿਆ ਕਿ ਮੈਂ ਕੌਮੀ ਸੇਵਾ ਦੀ ਪੌੜੀ 'ਤੇ ਚੜ੍ਹ ਕੇ ਹੇਠਾਂ ਡਿੱਗ ਪਿਆ ਹਾਂ। ਇਸ ਵਿਚਾਰ ਨੇ ਫਿਰ ਉਸੇ ਪੌੜੀ 'ਤੇ ਚਾੜ੍ਹਿਆ ਤੇ ਵਾਅਦਾ ਮੁਆਫ਼ੀ ਦੇ ਭੈੜੇ ਕੰਮ 'ਤੇ ਪਸ਼ੇਮਾਨ ਹੋਇਆ। ਪੁਲਿਸ ਦੀ ਉਹ ਝੂਠੀ ਕਹਾਣੀ ਜੋ ਵਾਅਦਾ ਮੁਆਫ਼ੀ ਵਾਸਤੇ ਸਿਖਾਈ ਸੀ, ਛੱਡ ਕੇ ਕੌਮੀ ਸੇਵਾ ਦੇ ਮੈਦਾਨ ਵਿਚ ਮੁੜ ਆ ਗਿਆ। ਸੋ ਮੈਂ ਇਸ ਦੇ ਕੰਮ ਨੂੰ ਸ਼ਲਾਘਾਯੋਗ ਸਮਝਦਾ ਹਾਂ ਕਿ 'ਭੁੱਲਾ ਉਹ ਨਾ ਜਾਣੀਏ ਜੇ ਮੁੜ ਘਰ ਆਵੇ'।

ਉਪਰ ਲਿਖੇ ਵਾਅਦਾ ਮੁਆਫ਼ ਦੀਆਂ ਉਨ੍ਹਾਂ ਫ਼ਰਜ਼ੀ ਕਹਾਣੀਆਂ (ਜੋ ਉਨ੍ਹਾਂ ਨੂੰ ਪੁਲਿਸ ਨੇ ਸਿਖਾਈਆਂ ਸਨ) ਦੇ ਅਧਾਰ 'ਤੇ ੧੫ ਸਤੰਬਰ ੧੯੨੩ ਨੂੰ ੬੨ ਤੇ ੩੬ ਮੁਲਜ਼ਮ ਬਬਰ ਅਕਾਲੀਆਂ ਦਾ ਚਾਲਾਨ ੧੮ ਫਰਵਰੀ ੧੯੨੪ ਨੂੰ ਕੀਤਾ ਗਿਆ। ਮੁਕੱਦਮੇ ਦਾ ਉਪਰ ਲਿਖੀਆਂ ਤਾਰੀਖ਼ਾਂ ਅਨੁਸਾਰ ਮਿਸਟਰ ਬੂਲ ਸਪੈਸ਼ਲ

ਮੈਜਿਸਟਰੇਟ ਦੀ ਅਦਾਲਤ ਸੈਂਟਰਲ ਜੇਲ੍ਹ ਲਾਹੌਰ ਵਿਚ ਪੇਸ਼ ਹੋਇਆ।

ਹੁਣ ਮੈਂ ਬਬਰ ਅਕਾਲੀਆਂ ਦਾ ਸੰਖੇਪ ਸਮਾਚਾਰ ਲਿਖਦਾ ਹਾਂ—

***ਭਾਈ ਕਿਸ਼ਨ ਸਿੰਘ ਜੀ ਗੜਗੱਜ ਚੱਕਰਵਰਤੀ, ਨੰ: ੧***

ਆਪ ਜੀ ਨੇ ਸਰਦਾਰ ਫ਼ਤਹਿ ਸਿੰਘ ਜੀ ਦੇ ਘਰ, ਪਿੰਡ ਬੜਿੰਗ, ਜ਼ਿਲ੍ਹਾ ਜਲੰਧਰ ਵਿਖੇ ਜਨਮ ਲਿਆ ਸੀ। ਬਾਲ ਉਮਰ ਵਿਚ ਹੀ ਆਪ ਦੇ ਪਿਤਾ ਜੀ ਚਲਾਣਾ ਕਰ ਗਏ। ਆਪ ਦਾ ਅਨੰਦ-ਕਾਰਜ ਗੁਰਮਤ ਅਨੁਸਾਰ ਹੋਇਆ। ਸ਼ਬਦ ਕੀਰਤਨ ਦੇ ਆਪ ਚੰਗੇ ਸ਼ਰਧਾਲੂ ਸਨ। ੧੮-੧੯ ਸਾਲ ਦੀ ਉਮਰ ਵਿਚ ਆਪ ੪੭ ਸਿੱਖ ਪਲਟਨ ਵਿਚ ਭਰਤੀ ਹੋ ਗਏ। ਸਿੱਖੀ-ਅਸੂਲਾਂ ਵਿਚ ਰਹਿੰਦੇ ਹੋਏ ਦੇਸ਼ ਆਜ਼ਾਦੀ ਹਿਤ ਰੁੱਝੇ ਰਹਿੰਦੇ ਸਨ। ਆਪ ਜੀ ਦੀ ਤਬਦੀਲੀ ੩੫ ਸਿੱਖ ਪਲਟਨ ਵਿਚ ਹੋ ਗਈ। ਜਦੋਂ ਭੀ ਸਮਾਂ ਮਿਲਦਾ ਰਿਹਾ ਪ੍ਰਚਾਰ ਦੁਆਰਾ ਸੇਵਾ ਕਰਦੇ ਰਹੇ। ਗੁਰਦੁਆਰਾ ਰਕਾਬ ਗੰਜ ਦਿੱਲੀ ਤੇ ਬਜਬਜ ਘਾਟ ਦੀਆਂ ਘਟਨਾਵਾਂ ਨੇ ਆਪ ਜੀ ਦੇ ਦਿਲ ਵਿਚ ਹਕੂਮਤ ਅੰਗ੍ਰੇਜ਼ੀ ਵਾਸਤੇ ਨਫ਼ਰਤ ਪੈਦਾ ਕਰ ਦਿੱਤੀ। ਫਰਵਰੀ ੧੯੧੫ ਹੋਣ ਵਾਲੇ ਗਦਰ ਵਿਚ ਆਪ ਜੀ ਦਾ ਬਹੁਤ ਸਾਰਾ ਹੱਥ ਸੀ, ਇਸ ਦੇ ਪਿੱਛੋਂ ੧੯੨੦ ਵਿਚ ਆਪ ਨੇ ਗੁਰਦੁਆਰਾ ਸੁਧਾਰ ਅਤੇ ਨਾ-ਮਿਲਵਰਤਣ ਵੇਲੇ ਛੁੱਟੀ ਜਾ ਕੇ ਪਿੰਡ ਵਿਚ ਲੈਕਚਰ ਦਿੱਤੇ। ਇਸ ਕਰ ਕੇ ਡਿਪਟੀ ਕਮਿਸ਼ਨਰ ਜਲੰਧਰ ਦੀ ਰਿਪੋਰਟ ਤੇ ਅੰਬਾਲਾ ਬ੍ਰਿਗੇਡ ਦੇ ਜਨਰਲ ਦੀ ਆਗਿਆ ਨਾਲ ਆਪ ਨੂੰ ਫ਼ੌਜ ਵਿਚ ਗ੍ਰਿਫ਼ਤਾਰ ਕੀਤਾ ਗਿਆ। ਅੰਤ ਗਵਾਹੀ ਅਤੇ ਸਬੂਤ ਨਾ ਮਿਲਣ ਦੇ ਕਾਰਨ ਇਕ ਮਹੀਨੇ ਬਾਅਦ ਆਪ ਨੂੰ ਛੱਡ ਦਿੱਤਾ ਗਿਆ। ਨਨਕਾਣੇ ਸਾਹਿਬ ਦਾ ਸਾਕਾ ਹੋਣ ਪਿੱਛੋਂ ਸਮੇਂ ਦੀ ਨਬਜ਼ ਪਛਾਣ ਕੇ ਆਪ ਖੁਸ਼ੀ ਨਾਲ ੨੨ ਰੁਪਏ ਹਵਾਲਦਾਰ ਪੈਨਸ਼ਨ ਲੈ ਕੇ ਆਏ ਤੇ ਆਉਂਦੇ ਹੀ ਸੇਵਾ ਵਿਚ ਜੁਟ ਗਏ। ਆਪ ਨਿਰਵੈਰ ਸੇਵਕ ਸ਼ਹੀਦ ਜਥਾ ਦੁਆਬਾ ਜਥੇ ਦੇ ਮੈਂਬਰ ਬਣ ਕੇ ਅਕਾਲੀਆਂ ਦੀ ਭਰਤੀ ਤੇ ਗੁਰਦੁਆਰਾ ਸੁਧਾਰ ਅਤੇ ਦੇਸ਼ ਦੀ ਆਜ਼ਾਦੀ ਹਿਤ ਪ੍ਰਚਾਰ ਕਰਨ ਲੱਗ ਪਏ। ੪ ਅਪਰੈਲ ੧੯੨੧ ਨੂੰ ਨਾਨਕਾਣਾ ਸਾਹਿਬ ਦੇ ਸ਼ਹੀਦੀ ਦੀਵਾਨ ਉੱਤੇ ਆਪ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਸਕੱਤਰ ਚੁਣ ਲਿਆ ਗਿਆ। ਆਪ ਭਾਈ ਤੋਤਾ ਸਿੰਘ ਪਿਸ਼ੌਰੀ, ਪੁਰਾਣੇ ਮੀਤ ਸਕੱਤਰ ਤੋਂ ਚਾਰਜ ਲੈ ਕੇ ਕੰਮ ਚਲਾਉਣ ਲੱਗੇ। ਨਿਯਮ ਵਗੈਰਾ ਤਿਆਰ ਕਰ ਕੇ ਦਫ਼ਤਰ ਦਾ ਕੰਮ ਬਕਾਇਦਾ ਚਲਾਇਆ ਹੀ ਸੀ ਕਿ ਦੋ ਮਹੀਨੇ ਬਾਅਦ ਆਪ ਜੀ ਦਾ ਵਾਰੰਟ ੩੦੨ ਤੇ ੧੨੦ ਦਫ਼ਾ ਹੇਠ ਜਾਰੀ ਹੋ ਗਿਆ। ਆਪ ਸਿੱਖ ਲੀਡਰਾਂ ਦੀ ਸਲਾਹ ਨਾਲ ਚੱਕਰਵਰਤੀ ਹੋ ਗਏ। ਮਾਝਾ, ਮਾਲਵਾ, ਮੈਣ-ਦੁਆਬਾ ਵਿਚ ਕੁਝ ਚਿਰ ਪ੍ਰਚਾਰ ਕਰਨ ਪਿੱਛੋਂ ਆਪ ਦੁਆਬੇ ਵਿਚ ਆਏ ਤੇ ਪਿੰਡ-ਪਿੰਡ ਲੈਕਚਰ ਕਰ ਕੇ ਅਕਾਲੀ ਜਥੇ ਕਾਇਮ ਕਰ ਕੇ ਲੋਕਾਂ ਦੇ ਬਹੁਤ ਹਿੱਸੇ ਨੂੰ ਆਪਣਾਂ ਹਮ-ਖ਼ਿਆਲ ਬਣਾ ਕੇ ਝੋਲੀ-ਚੁੱਕਾਂ ਦੇ ਸੁਧਾਰ ਹਿਤ ਅਪ੍ਰੈਲ ੧੯੨੨ ਨੂੰ ਜਥਾ ਤਿਆਰ ਕੀਤਾ। ਆਪ ਵਿਦਵਾਨ ਵੀ ਸਨ, ਜਿਸ ਕਰ ਆਪ ਲੈਕਚਰਾਂ ਤੋਂ ਇਲਾਵਾ ਪੰਜਾਬੀ ਅਖ਼ਬਾਰਾਂ ਵਿਚ ਨਜ਼ਮਾਂ ਤੇ ਮਜ਼ਮੂਨ ਵੀ ਲਿਖਿਆ ਕਰਦੇ ਸਨ। ਮਈ ੧੯੨੨

ਵਿਚ ਆਪ ਦੇ ਘਰ ਉੱਤੇ ਪੁਲਿਸ ਡਾਕਾ ਮਾਰ ਕੇ ਨਕਦੀ, ਭਾਂਡੇ ਆਦਿ ਸਭ ਕੁਝ ਲੈ ਗਈ। ਜ਼ਮੀਨ ਦੀ ਪੈਦਾਵਾਰ ਵੀ ਆਪ ਦੇ ਪਰਿਵਾਰ ਨੂੰ ਮਿਲਣੋਂ ਬੰਦ ਕਰ ਦਿੱਤੀ। ਦੇਸ਼ ਦੀ ਆਜ਼ਾਦੀ ਹਿਤ ਸਿਰਤੋੜ ਯਤਨ ਕਰਦੇ ਹੋਏ ੩੨੭ ਲੈਕਚਰ ਅੱਡੋ-ਅੱਡ ਜਗ੍ਹਾ ਦੇ ਕੇ ਆਪ ੨੬ ਫਰਵਰੀ ੧੯੨੩ ਨੂੰ ਗ੍ਰਿਫ਼ਤਾਰ ਹੋ ਗਏ।

**ਭਾਈ ਕਰਮ ਸਿੰਘ ਝਿੰਗੜ, ਨੰ: ੨**

ਆਪ ਨੇ ਪਿੰਡ ਝਿੰਗੜਾਂ, ਜ਼ਿਲ੍ਹਾ ਜਲੰਧਰ ਵਿਚ ਸ: ਦਾਨ ਸਿੰਘ ਜੀ ਦੇ ਘਰ ਜਨਮ ਲਿਆ। ਆਪ ਜੀ ਦਾ ਸੰਖੇਪ ਹਾਲ ਪਿੱਛੇ ਲਿਖ ਚੁੱਕਾ ਹਾਂ। ਆਪ ਤਹਿਸੀਲ ਨਵਾਂ ਸ਼ਹਿਰ ਦੇ ਜਥੇਦਾਰ ਸਨ, ਸੱਚੇ ਗੁਰਸਿੱਖ ਅਤੇ ਦੇਸ਼ ਭਗਤ ਸਨ। ਦਫ਼ਾ ੧੨੪ ਤੇ ੧੫੩ ਵਿਚ ਆਪ ਜੀ ਨੂੰ ਮਾਰਚ ੧੯੨੩ ਵਿਚ ੪ ਸਾਲ ਕੈਦ ਦਿੱਤੀ ਗਈ ਸੀ। ਆਪ ਨੂੰ ਮੁਲਤਾਨ ਜੇਲ੍ਹੋਂ ਲਿਆ ਕੇ ਬਬਰ ਅਕਾਲੀ ਸਾਜਿਸ਼ ਵਿਚ ਸ਼ਾਮਿਲ ਕੀਤਾ ਗਿਆ।

**ਮਾਸਟਰ ਦਲੀਪ ਸਿੰਘ ਗੋਸਲ, ਨੰ: ੩**

ਆਪ ਜੀ ਨੇ ਗੋਸਲ, ਜ਼ਿਲ੍ਹਾ ਜਲੰਧਰ ਵਿਚ ਭਾਈ ਅੱਛਰ ਸਿੰਘ ਜੀ ਦੇ ਘਰ ਜਨਮ ਲਿਆ। ਆਪ ਗੁਰਧਾਮ ਦੇ ਮੋਰਚਿਆਂ ਵਿਚ ਮੈਂਬਰ ਦੀ ਹੈਸੀਅਤ ਵਿਚ ਰਹੇ ਸੀ। ਆਪ ਜੀ ਦੇ ਚੱਕਰਵਰਤੀ ਹੋਣ ਦੇ ਕਾਰਨ ਆਪ ਜੀ ਦੇ ਪਿਤਾ ਜੀ ਦੀ ਨੰਬਰਦਾਰੀ ਵੀ ਤੋੜੀ ਗਈ ਪਰ ਆਪ ਜੀ ਨੇ ਕੋਈ ਪ੍ਰਵਾਹ ਨਾ ਕੀਤੀ। ਆਪ ਜੀ ਦੀ ਦਸਵੀਂ ਤਕ ਤਾਲੀਮ ਸੀ। ਆਪ ਗੁਰਮੁਖੀ ਦੇ ਭੀ ਚੰਗੇ ਵਿਦਵਾਨ ਸਨ। ਆਪ ਸਿੱਖ ਅਸੂਲਾਂ ਦੇ ਪਾਬੰਦ ਹੋਣ ਤੋਂ ਇਲਾਵਾ ਆਪ ਤਕਰੀਰ ਵੀ ਚੰਗੀ ਕਰਿਆ ਕਰਦੇ ਸਨ। ਮਾਰਚ ੧੯੨੩ ਵਿਚ ਦਫ਼ਾ ੧੨੪, ੧੫੩ ਹੇਠ ਇਕ ਸਾਲ ਕੈਦ ਸਖ਼ਤ ਤੇ ੪ ਸਾਲ ਕਾਲੇ-ਪਾਣੀ ਦੀ ਸਜ਼ਾ, ਡਿਪਟੀ ਕਮਿਸ਼ਨਰ ਜਲੰਧਰ ਦੀ ਅਦਾਲਤ ਵਿੱਚੋਂ ਦਿੱਤੀ ਗਈ ਸੀ। ਆਪ ਜੀ ਦੇ ਸੰਖੇਪ ਹਾਲ ਕਿਤੇ ਦੂਜੇ ਥਾਂ ਲਿਖ ਆਇਆ ਹਾਂ।

**ਬਾਬੂ ਸੰਤਾ ਸਿੰਘ 'ਨਿਧੜਕ' ਨੰ: ੪**

ਆਪ ਜੀ ਨੇ ਭਾਈ ਸੋਭਾ ਸਿੰਘ ਜੀ ਦੇ ਘਰ, ਹਰਿਉਂ ਛੋਟੀ, ਜ਼ਿਲ੍ਹਾ ਲੁਧਿਆਣੇ ਵਿਚ ਜਨਮ ਲਿਆ। ਆਪ ਖਾਲਸਾ ਹਾਈ ਸਕੂਲ ਲੁਧਿਆਣਾ ਵਿਚ ਦਸਵੀਂ ਤਕ ਵਿੱਦਿਆ ਹਾਸਿਲ ਕੀਤੀ। ੫੪ ਨੰ: ਪਲਟਨ ਵਿਚ ਭਰਤੀ ਹੋ ਕੇ ਆਪਣੀ ਲਿਆਕਤ ਨਾਲ ਕਲਰਕ ਬਣ ਗਏ। ਇਸੇ ਕਰ ਕੇ ਆਪ ਨੂੰ 'ਬਾਬੂ ਜੀ' ਕਰ ਕੇ ਬੁਲਾਇਆ ਜਾਂਦਾ ਸੀ। ਮਗਰੋਂ ਆਪ ੯੪ ਪੰਜਾਬੀ ਪਲਟਨ ਵਿਚ ਤਬਦੀਲ ਹੋ ਗਏ। ਜਿਸ ਵਕਤ ਸਰਕਾਰ ਨੇ ਜ਼ੁਲਮ ਕਰਨੇ ਸ਼ੁਰੂ ਕੀਤੇ (ਜਲ੍ਹਿਆਂ ਵਾਲਾ ਬਾਗ਼ ਅੰਮ੍ਰਿਤਸਰ, ਨਾਨਕਾਣਾ ਸਾਹਿਬ ਆਦਿ) ਤਾਂ ਜਨਵਰੀ ੧੯੨੨ ਵਿਚ ਆਪ ਨਾ-ਮਿਲਵਰਤਣ ਦੇ ਅਸੂਲ ਅਨੁਸਾਰ ਨੌਕਰੀ ਛੱਡ ਕੇ ਬਬਰ ਅਕਾਲੀ ਭਾਈ ਕਰਮ ਸਿੰਘ ਜੀ ਬਬਰ ਦੇ ਜਥੇ ਵਿਚ ਸ਼ਾਮਿਲ ਹੋ ਗਏ। ਆਪ ਨੇ ਉਹ ਵੀਰਤਾ ਵਿਖਾਈ ਜਿਸ ਦਾ ਵਰਨਣ ਕਰਨਾ ਔਖਾ ਹੈ ਕਿਉਂਕਿ ਹਰ ਇਕ

ਝੋਲੀ-ਚੁੱਕ ਦੇ ਮਾਰਨ ਵਿਚ ਇਨ੍ਹਾਂ ਦਾ ਹੱਥ ਸੀ। ਜ਼ੈਲਦਾਰ ਬਿਸ਼ਨ ਸਿੰਘ ਰਾਣੀ ਹੀ ਤਾਂ ਇਸ ਨੇ ਕੱਲੇ ਨੇ ਹੀ ਵੰਗਾਰ ਮਾਰਿਆ ਸੀ।

***ਭਾਈ ਸੁੰਦਰ ਸਿੰਘ ਜੀ ਦੇਸ਼ ਸੇਵਕ, ਨੰ: ੫***

ਆਪ ਜੀ ਨੇ ਪਿੰਡ ਮਖਸੂਸਪੁਰ, ਜ਼ਿਲ੍ਹਾ ਹੁਸ਼ਿਆਰਪੁਰ ਦੇ ਸਰਦਾਰ ਨੱਥਾ ਸਿੰਘ ਜੀ ਦੇ ਘਰ ਜਨਮ ਲਿਆ। ਆਪ ਗੁਰਮੁਖੀ ਵਿੱਦਿਆ ਚੰਗੀ ਪ੍ਰਾਪਤ ਕਰ ਕੇ ਦੇਸ਼ ਕੌਮ ਦੀ ਖ਼ਾਤਿਰ ਪ੍ਰਚਾਰ ਕਰਨ ਲੱਗ ਪਏ। ਨਾਨਕਾਣਾ ਸਾਹਿਬ ਦੇ ਸਾਕੇ ਸਮੇਂ ਆਪ ਉਥੇ ਪੁੱਜੇ ਅਤੇ ਆਪਣੇ ਹੱਥੀਂ ਸ਼ਹੀਦਾਂ ਦੀਆਂ ਲਾਸ਼ਾਂ ਦਾ ਸੰਸਕਾਰ ਕੀਤਾ। ਇਸ ਮਗਰੋਂ ਆਪ ਅਕਾਲੀ ਸਜ ਗਏ ਤੇ ਧਰਮ ਤੇ ਦੇਸ਼ ਦੀ ਆਜ਼ਾਦੀ ਹਿਤ ਪ੍ਰਚਾਰ ਵਿਚ ਜੁੱਟ ਗਏ। ਛੇ ਮਹੀਨੇ ਸ਼ਹੀਦ ਭਾਈ ਕਿਸ਼ਨ ਸਿੰਘ ਆਦਿ ਦੇਸ਼ ਸੇਵਕਾਂ ਨਾਲ ਸੇਵਾ ਕਰਨ ਮਗਰੋਂ ਸੂੰਢ ਤੋਂ ਗ੍ਰਿਫ਼ਤਾਰ ਹੋ ਗਏ। ਇਥੇ ਆਪ ਜੀ ਨੂੰ ਬਹੁਤ ਸੱਟਾਂ ਲੱਗੀਆ ਸਨ। ਦਸ ਦਿਨ ਤਕ ਕੋਈ ਖਾਣ-ਪੀਣ ਦੀ ਚੀਜ਼ ਹਜ਼ਮ ਨਹੀਂ ਸੀ ਹੋਈ। ਹਮਲਾ ਕਰਨ ਵਾਲਿਆਂ ਨੂੰ ਸਰਕਾਰ ਨੇ ਕੋਈ ਪੁੱਛ-ਗਿੱਛ ਨਹੀਂ ਕੀਤੀ। ਮਹੀਨੇ ਬਾਅਦ ਮੁਲਾਹਿਜ਼ਾ ਕੀਤਾ ਤੇ ਪਤਾ ਲੱਗਾ ਕਿ ਸੱਜਾ ਹੱਥ ਤੇ ਬਾਂਹ ਬਿਲਕੁਲ ਟੁੱਟ ਚੁੱਕੇ ਹਨ। ਆਪ ਦੇ ਜਿਸਮ 'ਤੇ ੩੨ ਅਤੇ ਸਿਰ ਵਿਚ ੮ ਜ਼ਖ਼ਮ ਸਨ। ਇਸ ਨਾਜ਼ੁਕ ਹਾਲਾਤ ਵਿਚ ਹੀ ਆਪ ਨੂੰ ਡੇਢ ਸਾਲ ਦੀ ਸਜ਼ਾ ਦਿੱਤੀ ਗਈ ਅਜੇ ਸਜ਼ਾ ਪੂਰੀ ਨਹੀਂ ਹੋਈ ਸੀ ਕਿ ਬਬਰ ਅਕਾਲੀ ਕੇਸ ਵਿਚ ਲਪੇਟ ਲਿਆ ਗਿਆ।

***ਭਾਈ ਬੰਤਾ ਸਿੰਘ ਜੀ ਪ੍ਰਾਮਪੁਰ, ਨੰ: ੬***

ਭਾਈ ਬੰਤਾ ਸਿੰਘ ਜੀ ਨੇ ਪਿੰਡ ਪ੍ਰਾਮਪੁਰ, ਜ਼ਿਲ੍ਹਾ ਜਲੰਧਰ ਦੇ ਸਰਦਾਰ ਖੇਮ ਸਿੰਘ ਜੀ ਦੇ ਘਰ ਜਨਮ ਲਿਆ। ਨਾਨਕਾਣਾ ਸਾਹਿਬ ਦਾ ਸਾਕਾ ਹੋਣ ਵੇਲੇ ਆਪ ਅਕਾਲੀ ਸਜ ਗਏ। ਆਪ ਗੁਰਮੁਖੀ ਚੰਗੀ ਤਰ੍ਹਾਂ ਪੜ੍ਹੇ ਹੋਏ ਸਨ। ਆਪ ਧਰਮ ਅਤੇ ਦੇਸ਼ ਨਾਲ ਪ੍ਰੇਮ ਰੱਖਦੇ ਸਨ। ਹਰ ਤਰ੍ਹਾਂ ਯੋਗ ਸਮਝ ਕੇ ਪਿੰਡ ਦੀ ਸੰਗਤ ਨੇ ਆਪ ਨੂੰ ਪਿੰਡ ਦੇ ਅਕਾਲੀ ਜਥੇ ਦੇ ਜਥੇਦਾਰ ਨੀਯਤ ਕੀਤਾ ਸੀ। ਜਿਸ ਵੇਲੇ ਹਕੂਮਤ ਨੇ ੨੨ ਅਪ੍ਰੈਲ ੧੯੨੩ ਨੂੰ ਬਬਰ ਅਕਾਲੀਆਂ ਨੂੰ ਗ੍ਰਿਫ਼ਤਾਰ ਕਰਨ ਵਾਸਤੇ ਸਾਰੇ ਦੁਆਬੇ ਵਿਚ ਛਾਪਾ ਮਾਰਿਆ ਸੀ ਤਾਂ ਆਪ ਨੂੰ ਵੀ ਦੇਸ਼ ਸੇਵਕ ਸਮਝ ਕੇ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ। ਬੇਲਾ ਸਿੰਹੁ ਤੇ ਸਾਧੂ ਸਿੰਹੁ ਨੂੰ ਆਪ ਉੱਤੇ ਵਾਅਦਾ ਮੁਆਫ਼ ਬਣਾ ਕੇ ਬਬਰ ਅਕਾਲੀ ਸਾਜਿਸ਼ ਵਿਚ ਅੜਾ ਦਿੱਤਾ।

***ਭਾਈ ਪ੍ਰੇਮ ਸਿੰਘ ਜੀ, ਨੰ: ੭***

ਆਪ ਨੇ ਭਾਈ ਪਾਲ ਸਿੰਘ ਜੀ ਪਿੰਡ ਪ੍ਰਾਮਪੁਰ, ਜ਼ਿਲ੍ਹਾ ਜਲੰਧਰ ਦੇ ਘਰ ਜਨਮ ਲਿਆ। ਆਪ ਦਲੇਰ ਸ਼ਖ਼ਸ ਸਨ। ਆਪ ਦੇ ਖੂਹ ਉੱਤੇ (ਸੰਤ) ਕਰਤਾਰ ਸਿੰਹੁ ਰਿਹਾ ਕਰਦਾ ਸੀ, ਜਿਸ ਉੱਤੇ ਬਦਚਲਣੀ ਦਾ ਸ਼ੱਕ ਸੀ। ਇਸ ਕਰ ਕੇ ਇਸ ਨੇ ਕਰਤਾਰ ਸਿੰਹੁ ਨੂੰ ਮਾਰ-ਕੁਟ ਕੀਤੀ। ਅਜਿਹੀ ਨਰਾਜ਼ਗੀ ਬੇਲਾ ਸਿੰਹੁ ਤੇ ਸਾਧੂ ਸਿੰਹੁ ਨਾਲ ਸੀ। ਪਿੱਛੋਂ ਜ਼ਿਕਰ ਕੀਤੇ ਤੇਰਾਂ ਨੰਬਰ ਵਾਅਦਾ ਮੁਆਫ਼ ਨੇ ਇਸ ਸੱਜਣ ਨੂੰ ਭੀ ਬਬਰ ਅਕਾਲੀ ਕੇਸ ਵਿਚ ਸ਼ਾਮਿਲ ਕਰਵਾ ਦਿੱਤਾ।

***ਭਾਈ ਜਸਵੰਤ ਸਿੰਘ ਜੀ, ਨੰ: ੮***

ਆਪ ਨੇ ਸ੍ਰ: ਸ਼ਾਮ ਸਿੰਘ ਜੀ ਦੇ ਘਰ ਖੁਸਰੋਪੁਰ, ਜ਼ਿਲ੍ਹਾ ਜਲੰਧਰ ਵਿਖੇ ਜਨਮ ਲਿਆ। ਆਪ ਨੇ ਖਾਲਸਾ ਕਾਲਜ਼ ਅੰਮ੍ਰਿਤਸਰ 'ਚੋਂ ਬੀ. ਏ. ਦੀ ਡਿਗਰੀ ਤਕ ਵਿੱਦਿਆ ਹਾਸਿਲ ਕੀਤੀ। ਦੇਸ਼ ਤੇ ਕੌਮ ਦੇ ਨਾਲ ਪੂਰਨ ਮੁਹੱਬਤ ਰੱਖਦੇ ਸਨ। ਆਪ ਅਜੇ ਕੰਮ ਕਰਨ ਦੀ ਸਕੀਮ ਸੋਚ ਹੀ ਰਹੇ ਸਨ ਕਿ ਸਰਕਾਰ ਦੀ ਅੱਖ ਵਿਚ ਕੰਡੇ ਵਾਂਗ ਰੜਕਣ ਲੱਗ ਪਏ। ਕਰਤਾਰ ਸਿੰਹੁ ਤੇਲੀ ਨੂੰ ਆਪ ਉੱਤੇ ਵਾਅਦਾ ਮੁਆਫ਼ ਬਣਾ ਕੇ ਬਬਰ ਅਕਾਲੀ ਮੁਕੱਦਮੇ ਵਿਚ ਫ਼ਸਾ ਲਿਆ ਗਿਆ।

***ਭਾਈ ਆਤਮਾ ਸਿੰਘ ਜੀ ਖੁਸਰੋਪੁਰ, ਨੰ: ੯***

ਆਪ ਭਾਈ ਜਸਵੰਤ ਸਿੰਘ ਦੇ ਛੋਟੇ ਸਕੇ ਭਰਾਤਾ ਸਨ। ਆਪ ਦੀ ਵਿੱਦਿਆ ਦਸਵੀਂ ਤਕ ਹੈ। ਆਪ ਦਾ ਕਿੱਸਾ ਭੀ ਆਪ ਦੇ ਭਰਾ ਵਰਗਾ ਹੀ ਹੈ। ਆਪ ਇਕ ਹੋਣਹਾਰ ਸੇਵਕ ਸਨ, ਇਸ ਕਰ ਕੇ ਪੁਲਿਸ ਨੂੰ ਇਹ ਨਾ ਭਾਇਆ ਕਿ ਆਪ ਆਜ਼ਾਦੀ ਦੀ ਹਵਾ ਲੈ ਕੇ ਇਸ ਸੇਵਾ ਦੇ ਮੈਦਾਨ ਵਿਚ ਆਉਣ। ਇਸ ਕਰ ਕੇ ਆਪ ਵੀ ਗ੍ਰਿਫ਼ਤਾਰ ਕਰ ਲਏ ਗਏ।

***ਭਾਈ ਉਜਾਗਰ ਸਿੰਘ ਜੀ, ਨੰ: ੧੦***

ਆਪ ਨੇ ਭਾਈ ਪ੍ਰਤਾਪ ਸਿੰਘ ਜੀ ਪਿੰਡ ਬਿਸਰਾਮਪੁਰ, ਜ਼ਿਲ੍ਹਾ ਜਲੰਧਰ ਦੇ ਘਰ ਜਨਮ ਲਿਆ। ਆਪ ੧੯ ਨੰਬਰ ਰਸਾਲੇ ਵਿਚ ਭਰਤੀ ਹੋਏ। ਜਲ੍ਹਿਆਂ ਵਾਲੇ ਬਾਗ਼ ਤੇ ਨਾਨਕਾਣਾ ਸਾਹਿਬ ਜੀ ਦੇ ਸਾਕੇ ਸਮੇਂ ਨਾ-ਮਿਲਵਰਤਣ ਦੇ ਅਸੂਲ ਅਨੁਸਾਰ ਨੌਕਰੀ ਛੱਡ ਕੇ ਅਕਾਲੀ ਸਜ ਗਏ। ਗੁਰਬਾਣੀ ਦੇ ਪੱਕੇ ਨਿਤਨੇਮੀ ਸਨ। ਇਸ ਲਈ ਪਿੰਡ ਨੇ ਜਥੇਦਾਰ ਨੀਯਤ ਕਰ ਦਿੱਤੇ। ਦੇਸ਼ ਤੇ ਕੌਮ ਦੀ ਸੇਵਾ ਕਰਦੇ ਹੋਏ ਆਪ ਬਬਰ ਅਕਾਲੀ ਸਾਜਿਸ਼ ਵਿਚ ਗ੍ਰਿਫ਼ਤਾਰ ਕੀਤੇ ਗਏ।

***ਭਾਈ ਨੰਦ ਸਿੰਘ ਜੀ, ਨੰ: ੧੧***

ਆਪ ਨੇ ਭਾਈ ਗੰਗਾ ਸਿੰਘ ਜੀ ਦੇ ਘਰ ਪਿੰਡ ਘੁੜਿਆਲ, ਜ਼ਿਲ੍ਹਾ ਜਲੰਧਰ ਵਿਖੇ ਜਨਮ ਲਿਆ। ਆਪ ਬਬਰ ਅਕਾਲੀਆਂ ਦੇ ਚੋਣਵੇਂ ਮੈਂਬਰਾਂ 'ਚੋਂ ਇਕ ਸਨ। ਆਪ ਜੀ ਦਾ ਸੰਖੇਪ ਵਰਨਣ ਕਿਸੇ ਹੋਰ ਥਾਂ ਕਰ ਆਇਆ ਹਾਂ।

***ਭਾਈ ਮੁਣਸ਼ਾ ਸਿੰਘ ਜੌਹਲ, ਨੰ: ੧੨***

ਆਪ ਜੀ ਨੇ ਸ੍ਰ: ਬੇਲਾ ਸਿੰਘ ਜੀ ਦੇ ਘਰ ਪਿੰਡ ਜੌਹਲ, ਜ਼ਿਲ੍ਹਾ ਜਲੰਧਰ ਵਿਚ ਜਨਮ ਲਿਆ। ਆਪ ੨੮ ਨੰ: ਪਲਟਨ ਵਿਚ ਨੌਕਰ ਹੋ ਗਏ। ਉੱਥੇ ਹੀ ਚੰਗੀ ਗੁਰਮੁਖੀ ਪੜ੍ਹ ਕੇ ਗੁਰਬਾਣੀ ਦੇ ਨਿਤਨੇਮ ਦੇ ਪ੍ਰੇਮੀ ਹੋ ਗਏ। ਜਲ੍ਹਿਆਂ ਵਾਲੇ ਬਾਗ਼ ਤੇ ਨਾਨਕਾਣਾ ਸਾਹਿਬ ਦੇ ਸਾਕੇ ਮਗਰੋਂ ਨਾ-ਮਿਲਵਰਤਣ ਦੇ ਅਸੂਲ ਅਨੁਸਾਰ ਨੌਕਰੀ ਛੱਡ ਆਏ ਤੇ ਆਉਂਦੇ ਹੀ ਅਕਾਲੀ ਸਜ ਗਏ। ਆਪ ਦੇਸ਼ ਤੇ ਕੌਮ ਦੇ ਨਾਲ ਪੂਰਨ ਮੁਹੱਬਤ ਰਖਦੇ ਸਨ। ਆਪ ਪਿੰਡ ਦੀ ਸੰਗਤ ਵੱਲੋਂ ਪਿੰਡ ਦੇ ਜਥੇਦਾਰ ਨੀਯਤ ਕੀਤੇ ਗਏ। ਬਬਰ ਸ਼ਹੀਦ ਭਾਈ ਕਰਮ ਸਿੰਘ ਜੀ ਨਾਲ ਇਸ ਦਾ ਕਾਫ਼ੀ

ਮੇਲ ਮਿਲਾਪ ਸੀ। ਆਪ ਉਨ੍ਹਾਂ ਦੀ ਕਾਫ਼ੀ ਸੇਵਾ ਕਰਦੇ ਸਨ। ਆਖ਼ਿਰ ਆਪ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਕੇ ਸੇਵਾ ਦੇ ਮੈਦਾਨ ਵਿੱਚੋਂ ਕੱਢਣ ਵਾਸਤੇ, ਇਸ ਦੇ ਸਕੇ ਭਰਾ ਜਵੰਦ ਸਿੰਹੁ ਨੂੰ ਵਾਅਦਾ ਮੁਆਫ਼ ਬਣਾ ਕੇ ਜੇਲ੍ਹ ਪੁਆ ਦਿੱਤਾ।

***ਭਾਈ ਸ਼ਿਵ ਸਿੰਘ ਜੀ, ਨੰ: ੧੩***

ਆਪ ਨੇ ਸ੍ਰ: ਗੁਰਦਿੱਤ ਸਿੰਘ ਜੀ ਦੇ ਘਰ ਹਰੀਪੁਰ, ਜ਼ਿਲ੍ਹਾ ਜਲੰਧਰ ਵਿਖੇ ਜਨਮ ਲਿਆ। ਆਪ ਖੇਤੀ ਦਾ ਕੰਮ ਕਰਿਆ ਕਰਦੇ ਸਨ। ਗੁਰਦੁਆਰਾ ਸੁਧਾਰ ਲਹਿਰ ਦੇ ਸ਼ੁਰੂ ਹੋਇਆਂ ਆਪ ਅਕਾਲੀ ਸਜ ਗਏ ਅਤੇ ਦੇਸ ਤੇ ਕੌਮ ਦੀ ਸੇਵਾ ਵੱਲ ਰੁਜੂ ਹੋ ਗਏ। ਆਪ ਵਿਤ ਅਨੁਸਾਰ ਸੇਵਾ ਕਰਦੇ ਰਹੇ। ਇਸ ਜੁਰਮ ਵਿਚ ਆਪ ਨੂੰ ਬਬਰ ਅਕਾਲੀ ਮੁਕੱਦਮੇ ਵਿਚ ਲਪੇਟ ਲਿਆ ਗਿਆ।

***ਭਾਈ ਮਹਿੰਗਾ ਸਿੰਘ ਜੀ, ਨੰ: ੧੪***

ਆਪ ਜੀ ਨੇ ਸ੍ਰ: ਬਸਾਖਾ ਸਿੰਘ ਜੀ ਪੰਡੋਰੀ ਨਿੱਝਰਾਂ, ਜ਼ਿਲ੍ਹਾ ਜਲੰਧਰ ਵਿਚ ਜਨਮ ਲਿਆ। ਆਪ ਨੇ ਉਰਦੂ ਤੇ ਗੁਰਮੁਖੀ ਵਿੱਦਿਆ ਹਾਸਿਲ ਕੀਤੀ। ਆਪ ਬਬਰ ਅਕਾਲੀਆਂ ਦੀ ਸੇਵਾ ਤਨ-ਮਨ ਦੁਆਰਾ ਕਰਦੇ ਰਹੇ। ਇਸੇ ਜੁਰਮ ਹੇਠ ਆਪ ਨੂੰ ਬਬਰ ਅਕਾਲੀ ਕੇਸ ਵਿਚ ਅੜਾ ਲਿਆ ਗਿਆ।

***ਭਾਈ ਕਰਤਾਰ ਸਿੰਘ, ਨੰ: ੧੫***

ਆਪ ਜੀ ਦਾ ਜਨਮ ਪੰਡੋਰੀ ਨਿੱਝਰਾਂ ਜ਼ਿਲ੍ਹਾ, ਜਲੰਧਰ ਦੇ ਵਸਨੀਕ ਸ੍ਰ: ਦੇਵਾ ਸਿੰਘ ਦੇ ਘਰ ਹੋਇਆ। ਆਪ ਗੁਰਮੁਖੀ ਦੇ ਚੰਗੇ ਜਾਣੂੰ, ਨੇਮੀ, ਪ੍ਰੇਮੀ ਤੇ ਦੇਸ਼ ਸੇਵਕ ਸਨ। ਅਕਾਲੀ ਹੋਣ ਦੇ ਕਾਰਨ ਆਪ ਨੂੰ ਬਬਰ ਅਕਾਲੀ ਸਾਜਿਸ਼ ਵਿਚ ਅੜਾ ਦਿੱਤਾ ਗਿਆ।

***ਭਾਈ ਬੂਟਾ ਸਿੰਘ ਜੀ, ਨੰ: ੧੬***

ਆਪ ਜੀ ਦਾ ਜਨਮ ਸ੍ਰ: ਠਾਕਰ ਸਿੰਘ ਜੀ ਦੇ ਘਰ ਨਿੱਝਰਾਂ, ਜ਼ਿਲ੍ਹਾ ਜਲੰਧਰ ਵਿਖੇ ਹੋਇਆ ਸੀ। ਆਪ ਗੁਰਮੁਖੀ, ਉਰਦੂ ਵਿੱਦਿਆ ਦੇ ਚੰਗੇ ਜਾਣੂੰ ਸਨ ਤੇ ਸਿੱਖ ਅਸੂਲ ਗੁਰਬਾਣੀ ਦੇ ਨਿਤਨੇਮੀ ਤੇ ਪ੍ਰੇਮੀ ਸਨ। ਆਪ ਧਰਮ ਦੇ ਦੇਸ਼ ਨਾਲ ਪੂਰਨ ਮੁਹੱਬਤ ਰਖਦੇ ਹੋਏ ਜਲ੍ਹਿਆਂ ਵਾਲੇ ਬਾਗ਼ ਅਤੇ ਨਾਨਕਾਣਾ ਸਾਹਿਬ ਦੇ ਸਾਕੇ ਸਮੇਂ ਅਕਾਲੀ ਸਜ ਗਏ ਤੇ ਆਪ ਆਪਣੇ ਪਿੰਡ ਦੇ ਅਕਾਲੀ ਜਥੇ ਦੇ ਸਕੱਤਰ ਨੀਯਤ ਕੀਤੇ ਗਏ। ੬ ਸਤੰਬਰ ੧੯੨੨ ਨੂੰ ਆਪ ਨੇ ਗੁਰੂ ਦੇ ਬਾਗ਼ ਦੇ ਮੋਰਚੇ ਮਾਰ ਖਾਣ ਵਾਲੇ ਜਥੇ ਵਿਚ ਸ਼ਾਮਿਲ ਹੋ ਕੇ ਮਾਰ ਖਾਧੀ ਤੇ ਬਾਅਦ ਵਿਚ ਰਾਜ਼ੀ ਹੋ ਕੇ ਭਾਈ ਕਰਮ ਸਿੰਘ ਜੀ ਬਬਰ ਦੇ ਜਥੇ ਦੇ ਮੈਂਬਰ ਤੇ ਚੱਕਰਵਰਤੀ ਹੋ ਗਏ। ਕਿਸੇ ਕੰਮ ਕਰ ਕੇ ਚੱਕ ਨੰ: ੧੧, ਜ਼ਿਲ੍ਹਾ ਲਾਇਲਪੁਰ ਵਿਚ ਗਏ ਹੋਏ ਸਨ, ਜਿੱਥੇ ਆਪ ਗੰਗਾ ਸਿੰਹੁ ਵਲਦ ਵਤਨ ਸਿੰਹੁ ਦੀ ਬੇਈਮਾਨੀ ਨਾਲ ਗ੍ਰਿਫ਼ਤਾਰ ਕੀਤੇ ਗਏ। ਹੇਠ ਲਿਖੇ ਬਬਰ ਅਕਾਲੀ ਪੰਡੋਰੀ ਨਿੱਝਰਾਂ, ਜ਼ਿਲ੍ਹਾਂ ਜਲੰਧਰ ਦੇ ਵਸਨੀਕ ਹਨ—

੧੭. ਭਾਈ ਨਿਰਵੈਰ ਸਿੰਘ ਜੀ ਵਲਦ ਸੰਤਾ ਸਿੰਘ ਜੀ।

੧੮. ਭਾਈ ਕਰਤਾਰ ਸਿੰਘ ਜੀ ਵਲਦ ਸੁਚੇਤ ਸਿੰਘ ਜੀ।

੧੯. ਭਾਈ ਹੁਕਮ ਸਿੰਘ ਜੀ ਵਲਦ ਦੇਵਾ ਸਿੰਘ ਜੀ।
੨੦. ਭਾਈ ਹਰਨਾਮ ਸਿੰਘ ਜੀ ਵਲਦ ਸਿੱਧੂ ਸਿੰਘ ਜੀ।
੨੧. ਭਾਈ ਠਾਕਰ ਸਿੰਘ ਜੀ ਵਲਦ ਮਾਹਾਂ ਸਿੰਘ ਜੀ।
੨੨. ਭਾਈ ਬਖ਼ਸ਼ੀਸ਼ ਸਿੰਘ ਜੀ ਵਲਦ ਪ੍ਰੇਮ ਸਿੰਘ ਜੀ।
੨੩. ਭਾਈ ਊਧਮ ਸਿੰਘ ਜੀ ਵਲਦ ਰਲਾ ਸਿੰਘ ਜੀ।
੨੪. ਭਾਈ ਮਿਲਖਾ ਸਿੰਘ ਜੀ ਵਲਦ ਗੁਲਾਬ ਸਿੰਘ ਜੀ।
੨੫. ਭਾਈ ਅਮਰ ਸਿੰਘ ਜੀ ਵਲਦ ਬਸੰਤ ਸਿੰਘ ਜੀ।

ਇਨ੍ਹਾਂ ੯ ਦੇਸ਼ ਸੇਵਕਾਂ ਨੂੰ ਬਬਰ ਅਕਾਲੀਆਂ ਨੂੰ ਪਨਾਹ ਦੇਣ ਦੇ ਜੁਰਮ ਵਿਚ ਪੁਲਿਸ ਨੇ ਗ੍ਰਿਫ਼ਤਾਰ ਕਰ ਕੇ ਸਾਜਿਸ਼ ਵਿਚ ਫਸਾ ਲਿਆ ਸੀ।

***ਭਾਈ ਊਧਮ ਸਿੰਘ ਜੀ, (ਵਿਦਿਆਰਥੀ) ਨੰ: ੨੩***

ਇਸ ਭੁਝੰਗੀ ਨੇ ਸਰਦਾਰ ਰਲਾ ਸਿੰਘ ਜੀ ਦੇ ਘਰ ਪੰਡੋਰੀ ਨਿੱਝਰਾਂ, ਜ਼ਿਲ੍ਹਾ ਜਲੰਧਰ ਵਿਖੇ ਜਨਮ ਲਿਆ ਸੀ। ਮਾਪਿਆਂ ਨੇ ਛੋਟੀ ਉਮਰੇ ਹੀ ਆਪ ਨੂੰ ਵਿੱਦਿਆ ਪੜ੍ਹਨ ਲਾ ਦਿੱਤਾ। ਆਪ ਉਰਦੂ, ਅੰਗ੍ਰੇਜ਼ੀ ਤੇ ਗੁਰਮੁਖੀ ਪੜ੍ਹੇ ਹੋਏ ਸਨ। ਆਪ ਅਜੇ ਪੜ੍ਹ ਹੀ ਰਹੇ ਸਨ ਕਿ ਨਾਨਕਾਣਾ ਸਾਹਿਬ ਦੇ ਸਾਕੇ ਕਰ ਕੇ ਅਕਾਲੀ ਸਜ ਗਏ। ਦੇਸ਼ ਕੌਮ ਦੇ ਨਾਲ ਆਪ ਜੀ ਦਾ ਹੋਰ ਭੀ ਪਿਆਰ ਵਧ ਗਿਆ। ਇਸ ਭੁਝੰਗੀ ਦੀ ਉਮਰ ਗ੍ਰਿਫ਼ਤਾਰੀ ਸਮੇਂ ੧੫-੧੬ ਸਾਲ ਸੀ। ਦੇਸ਼ ਕੌਮ ਨਾਲ ਪਿਆਰ ਕਰਨ ਦੇ ਜੁਰਮ ਵਿਚ ਆਪ ਨੂੰ ਨੌਂਵੀਂ ਜਮਾਤ ਵਿਚ ਪੜ੍ਹਦਿਆਂ ਪੁਲਿਸ ਨੇ ਗ੍ਰਿਫ਼ਤਾਰ ਕਰ ਕੇ ਬਬਰ ਅਕਾਲੀ ਸਾਜਿਸ਼ ਵਿਚ ਲਪੇਟ ਲਿਆ।

***ਭਾਈ ਕਰਮ ਸਿੰਘ ਜੀ, ਨੰ: ੨੬***

ਆਪ ਨੇ ਭਗਵਾਨ ਦਾਸ ਜਰਗਰ ਦੇ ਘਰ ਹਰੀਪੁਰ, ਜ਼ਿਲ੍ਹਾ ਜਲੰਧਰ ਵਿਖੇ ਜਨਮ ਲਿਆ। ਆਪ ਬਬਰ ਅਕਾਲੀ ਜਥੇ ਦੇ ਚੋਣਵੇਂ ਮੈਂਬਰ ਸਨ। ਆਪ ਵੱਡੇ ਬਹਾਦਰ ਤੇ ਸੂਰਬੀਰ ਯੋਧੇ ਸਨ। ਆਪ ਦਾ ਸੰਖੇਪ ਵਰਨਣ ਝੋਲੀ-ਚੁੱਕ ਗੇਂਦਾ ਸਿੰਹੁ ਘੜਿਆਲ ਦੇ ਕਤਲ ਸਮੇਂ ਕਰ ਆਇਆ ਹਾਂ। ਝੋਲੀ-ਚੁੱਕ ਗੇਂਦਾ ਸਿੰਹੁ ਦੇ ਕਤਲ ਵਿਚ ਆਪ ਸ਼ਰੀ ਸਨ।

***ਭਾਈ ਪਿਆਰਾ ਸਿੰਘ ਜੀ, ਨੰ: ੨੭***

ਆਪ ਚੰਗੇ ਦਲੇਰ ਸ਼ਖਸ ਸਨ। ਆਪ ਜੀ ਦਾ ਸੰਖੇਪ ਹਾਲ ਕਿਸੇ ਹੋਰ ਥਾਂ ਕਰ ਚੁੱਕਾ ਹਾਂ।

ਪੁਲਿਸ ਨੇ ਰਾਮ ਸਿੰਹੁ ਵਾਇਦਾ ਮੁਆਫ਼ ਵਲਦ ਭਗਵਾਨਾ ਮਜ਼ਾਰਾ ਕਾਵਾਂ ਨੂੰ ਹੱਥ ਵਿਚ ਲੈ ਕੇ ਕੁਝ ਬਬਰ ਅਕਾਲੀਆਂ ਨੂੰ ਧਰਮ ਤੇ ਦੇਸ਼ ਨਾਲ ਪਿਆਰ ਕਰਨ ਦੇ ਅਪਰਾਧ ਵਿਚ ਨਿਰਦੋਸ਼ ਹੀ ਲਪੇਟ ਕੇ ਅਕਾਰਣ ਹੀ ਖ਼ੁਆਰ ਕੀਤਾ ਸੀ। ਰਾਮ ਸਿੰਹੁ ਦੀ ਉਕਤ ਧਰਮੀਆਂ ਨਾਲ ਜ਼ਾਤੀ ਦੁਸ਼ਮਣੀ ਵੀ ਸੀ। ਇਹ ਤਿੰਨੇ ੧੫ ਸਿੱਖ ਪਲਟਨ ਵਿੱਚੋਂ ਨਾ-ਮਿਲਵਰਤਣ ਦੇ ਅਸੂਲ ਅਨੁਸਾਰ ਨੌਕਰੀ ਛੱਡ ਕੇ ਆਏ ਹੋਏ ਸਨ।

ਨੰ: ੨੮. ਭਾਈ ਵਰਿਆਮ ਸਿੰਘ ਜੀ ਵਲਦ ਭਗਵਾਨਾ ਮੁਜ਼ਾਰਾ ਕਾਵਾਂ ।
ਨੰ: ੨੯. ਭਾਈ ਕਰਤਾਰ ਸਿੰਘ ਜੀ ਵਲਦ ਅੱਛਰ ਸਿੰਘ ਮੁਜ਼ਾਰਾ ਕਾਵਾਂ ।
ਨੰ: ੩੦. ਭਾਈ ਰਾਮ ਸਿੰਘ ਜੀ ਵਲਦ ਲਾਲ ਸਿੰਘ ਜੀ ਮੁਜ਼ਾਰਾ ਕਾਵਾਂ ।
ਇਹ ਤਿੰਨੇ ਸੱਜਣ ਪਿੰਡ ਮਜ਼ਾਰਾ ਕਾਵਾਂ ਜ਼ਿਲ੍ਹਾ ਜਲੰਧਰ ਦੇ ਵਸਨੀਕ ਸਨ।

***ਭਾਈ ਅਰਜਨ ਸਿੰਘ ਜੀ, ਨੰ: ੩੧***

ਆਪ ਸਰਦਾਰ ਸ਼ੇਰ ਸਿੰਘ ਜੀ ਦੇ ਘਰ ਪਿੰਡ ਸੂੰਢ ਮਖ਼ਸੂਦਪੁਰ, ਜ਼ਿਲ੍ਹਾ ਜਲੰਧਰ ਵਿਖੇ ਪੈਦਾ ਹੋਏ । ਆਪ ਗੁਰਮੁਖੀ ਪੜ੍ਹੇ ਹੋਏ ਗੁਰਸਿੱਖੀ ਅਸੂਲਾਂ ਦੇ ਧਾਰਨੀ ਸਨ। ਅਕਾਲੀ ਲਹਿਰ ਵੇਲੇ ਆਪ ਅਕਾਲੀ ਸਜ ਗਏ। ਆਪ ਦੇ ਪਿੰਡ ਵਿਚ ਝੋਲੀ-ਚੁੱਕਾਂ ਦਾ ਬਹੁਤ ਜ਼ੋਰ ਸੀ। ਇਸ ਕਰ ਕੇ ਆਪ ਨੂੰ ੧੧ ਮਈ ੧੯੨੨ ਨੂੰ ਭਾਈ ਸੁੰਦਰ ਸਿੰਘ ਮਖਸੂਸਪੁਰ ਦੇ ਨਾਲ ਝੋਲੀ-ਚੁੱਕ ਸ਼ੇਰ ਸਿੰਹੁ ਨੰਬਰਦਾਰ ਵਲਦ ਨਰੈਣ ਸਿੰਹੁ ਨੰਬਰਦਾਰ, ਜੀਵਨ ਸਿੰਹੁ ਵਲਦ ਨਿਹਾਲ ਸਿੰਹੁ, ਜੀਵਨ ਸਿੰਹੁ ਵਲਦ ਮਤਾਬ ਦੀ ਬੇਈਮਾਨੀ ਨਾਲ ਗ੍ਰਿਫ਼ਤਾਰ ਕੀਤਾ ਗਿਆ ਤੇ ਛੇ ਮਹੀਨੇ ਦੀ ਕੈਦ ਦਿੱਤੀ ਗਈ। ਆਪ ਕੈਦ ਕੱਟ ਕੇ ਅਜੇ ਪਿੰਡ ਪੁੱਜੇ ਹੀ ਸੀ, ਫਿਰ ਝੋਲੀ-ਚੁੱਕਾਂ ਦੇ ਕਹਿਣ ਉੱਤੇ ਪੁਲਿਸ ਨੇ ਆਪ ਨੂੰ ਮੁੜ ਜੇਲ੍ਹ ਵਿਚ ਸੁੱਟ ਦਿੱਤਾ। ਆਪ ਨੂੰ ਜ਼ਾਲਮਾਂ ਨੇ ਆਜ਼ਾਦੀ ਦੀ ਹਵਾ ਦੋ ਦਿਨ ਵੀ ਨਾ ਖਾਣ ਦਿੱਤੀ। ਆਪ ਨੂੰ ਬਬਰ ਅਕਾਲੀ ਸਾਜਿਸ਼ ਵਿਚ ਲਪੇਟ ਲਿਆ। ਜੇਲ੍ਹ ਦੇ ਕਸ਼ਟਾਂ ਤੋਂ ਇਲਾਵਾ ਆਪ ਜੀ ਦਾ ਮਾਲੀ ਨੁਕਸਾਨ ਵੀ ਬਹੁਤ ਜ਼ਿਆਦਾ ਹੋਇਆ ਸੀ।

***ਭਾਈ ਆਤਮਾ ਸਿੰਘ ਜੀ, ਨੰ: ੩੨***

ਆਪ ਨੇ ਭਾਈ ਮੱਲਾ ਸਿੰਘ ਦੇ ਘਰ ਪਿੰਡ ਬੀਕਾ, ਜ਼ਿਲ੍ਹਾ ਜਲੰਧਰ ਵਿਚ ਜਨਮ ਲਿਆ ਅਰ ਖੇਤੀ ਬਾੜੀ ਦਾ ਕੰਮ ਕਰਦੇ ਰਹੇ। ਅਕਾਲੀ ਲਹਿਰ ਦੇ ਸ਼ੁਰੂ ਹੁੰਦਿਆਂ ਹੀ ਆਪ ਅਕਾਲੀ ਸਜ ਗਏ ਸੀ। ਆਪ ਹਰ ਇਕ ਧਰਮ ਮੋਰਚੇ ਵਿਚ ਪੁੱਜ ਕੇ ਤਨ, ਮਨ ਨਾਲ ਸੇਵਾ ਕਰਿਆ ਕਰਦੇ ਸੀ। ਚੱਕਰਵਰਤੀਆਂ ਦੇ ਵੱਡੇ ਹਰਕਾਰੇ (ਟੁਰਨ ਫਿਰਨ ਦੀ ਸੇਵਾ ਕਰਨ ਵਾਲਾ) ਆਪ ਹੀ ਸਨ। ਆਪ ਨੂੰ ਬਬਰਾਂ ਦੀ ਮੋਟਰਕਾਰ ਯਾ ਏਅਰ ਮੇਲ ਕਿਹਾ ਜਾਏ ਤਾਂ ਅਯੋਗ ਨਹੀਂ ਹੋਵੇਗਾ। ਮੈਂ ਕਹਿ ਸਕਦਾ ਹਾਂ ਕਿ ਆਪ ਸੱਚੇ ਸੇਵਕ ਤੇ ਦੇਸ਼ ਭਗਤ ਮਹਾਤਮਾ ਸਨ ਤੇ ਜਿੰਨੀਂ ਹੋ ਸਕੀ ਵਿਤ ਅਨੁਸਾਰ ਸੇਵਾ ਕਰਦੇ ਰਹੇ। ਆਖ਼ਿਰ ਪੁਲਿਸ ਨੇ ਆਪ ਪਾਸੋਂ ਆਜ਼ਾਦੀ ਦੀ ਸੇਵਾ ਖੋਹ ਕੇ ੨੨ ਅਪ੍ਰੈਲ ੧੯੨੩ ਨੂੰ ਗ੍ਰਿਫ਼ਤਾਰ ਕਰ ਲਿਆ।

***ਭਾਈ ਬਸੰਤ ਸਿੰਘ ਜੀ, ਨੰ: ੩੩***

ਆਪ ਨੇ ਸ: ਬੂਟਾ ਸਿੰਘ ਜੀ ਦੇ ਘਰ ਪਿੰਡ ਰੰਧਾਵਾ ਮਸੰਦਾਂ, ਜ਼ਿਲ੍ਹਾ ਜਲੰਧਰ ਵਿਚ ਜਨਮ ਲਿਆ। ਇਨ੍ਹਾਂ ਦੇ ਖ਼ਿਆਲ ਪੁਰਾਣੇ ਗੁਰਸਿੱਖਾਂ ਜਿਹੇ ਸਨ। ਆਪ ਛੋਟੀ ਉਮਰ ਤੋਂ ਹੀ ਮਾਮੂਲੀ ਗੁਰਮੁਖੀ ਪੜ੍ਹ ਕੇ ਸਿੰਘ ਸਭਾ ਦੇ ਪੂਰੇ ਪ੍ਰੇਮੀ ਹੋ ਗਏ ਸਨ। ਇਸ ਕਰ ਕੇ ਉਸ ਵਕਤ ਤੋਂ ਹੀ ਆਪ ਜੀ ਨੂੰ "ਭਾਈ ਸ਼ਬਦੀਆ" ਆਖਣ ਲੱਗ ਪਏ ਸਨ। ਆਪ ਖ਼ੁਦ ਗੁਰਸਿੱਖੀ ਅਸੂਲਾਂ ਦੇ ਧਾਰਨੀ ਸਨ ਤੇ ਸਿੰਘ ਸਭਾ

ਦੇ ਪ੍ਰਚਾਰਕਾਂ ਨਾਲ ਮਿਲ ਕੇ ਪਿੰਡ-ਪਿੰਡ ਗੁਰਮਤਿ ਦਾ ਪ੍ਰਚਾਰ ਕਰਦੇ ਰਹੇ ਸਨ। ਆਪ ਨੇ ਆਪਣੇ ਪਿੰਡ ਵਿਚ ਪੰਚਾਇਤ ਕਾਇਮ ਕੀਤੀ ਹੋਈ ਸੀ। ਜੋ ਸਾਰੇ ਝਗੜੇ ਪਿੰਡ ਵਿਚ ਹੀ ਨਿਬੇੜ ਦੇਂਦੀ ਸੀ। ਭਾਈ ਸਾਹਿਬ ਅਕਾਲੀ ਲਹਿਰ ਸਮੇਂ ਅਕਾਲੀ ਸਜ ਗਏ, ਦੇਸ਼ ਸੇਵਾ ਵਿਚ ਸਭ ਤੋਂ ਵੱਧ ਕੇ ਹਿੱਸਾ ਲੈਂਦੇ ਰਹੇ। ਬਬਰ ਅਕਾਲੀ ਜਥੇ ਦੀ ਸੇਵਾ ਹਰ ਤਰ੍ਹਾਂ ਕਰਦੇ ਰਹੇ, ੧ ਸਤੰਬਰ ੧੯੨੩ ਨੂੰ ਪੁਲਿਸ ਨੇ ਬਬਰ ਅਕਾਲੀ ਸਾਜਿਸ਼ ਕੇਸ ਵਿਚ ਗ੍ਰਿਫ਼ਤਾਰ ਕਰ ਲਏ।

***ਭਾਨ ਸਿੰਘ ਜੀ, ਨੰ: ੩੪***

ਆਪ ਪਿੰਡ ਮਾਂਗਟ, ਜ਼ਿਲ੍ਹਾ ਜਲੰਧਰ ਦੇ ਭਾਈ ਜਵਾਹਰ ਸਿੰਘ ਦੇ ਘਰ ਜਨਮੇ ਤੇ ਖੇਤੀਬਾੜੀ ਦਾ ਕੰਮ ਕਰਦੇ ਰਹੇ। ਅਕਾਲੀ ਲਹਿਰ ਸਮੇਂ ਆਪ ਅਕਾਲੀ ਸਜ ਗਏ। ਆਪ ਧਰਮ ਦੀ ਕਿਰਤ ਕਰ ਕੇ, ਵੰਡ ਕੇ ਛਕਦੇ ਰਹੇ। ਆਪ ਨੂੰ ਦੇਸ਼ ਸੇਵਕਾਂ ਦੀ ਸੇਵਾ ਕਰਨ ਤੇ ਉਕਤ ਜਥੇ ਦੇ ਮੈਂਬਰ ਬਣਨ ਕਰ ਕੇ ਬਬਰ ਅਕਾਲੀਆਂ ਦੀ ਸੇਵਾ ਦੇ ਅਪਰਾਧ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ ਸੀ।

***ਭਾਈ ਜਗਜੀਤ ਸਿੰਘ ਜੀ, ਨੰ: ੩੫***

ਆਪ ਜੀ ਨੇ ਭਾਈ ਦਲੀਪ ਸਿੰਘ ਜੀ ਦੇ ਘਰ ਪਿੰਡ ਕੁਠਾਰ, ਜ਼ਿਲ੍ਹਾ ਜਲੰਧਰ ਵਿਚ ਜਨਮ ਲਿਆ। ਛੋਟੀ ਉਮਰ ਵਿਚ ਹੀ ਆਪ ਦੇ ਪਿਤਾ ਜੀ ਚਲਾਣਾ ਕਰ ਗਏ ਸਨ। ਇਕਲੌਤੇ ਹੋਣ ਕਰ ਕੇ ਆਪ ਦੀ ਮਾਤਾ ਨੇ ਲਾਡਲੇ ਤਾਂ ਰੱਖਿਆ ਪਰ ਗੁਰਮਤਿ ਦੀ ਚੰਗੀ ਸਿੱਖਿਆ ਦਿੱਤੀ, ਜਿਸ ਕਰ ਕੇ ਛੋਟੀ ਉਮਰੋਂ ਹੀ ਆਪ ਦਾ ਸਿੱਖੀ ਨਾਲ ਪਿਆਰ ਹੋ ਗਿਆ। ਕੁਠਾਰ ਵਿਚ ਪਹਿਲਾਂ ਸਿਰਫ਼ ਆਪ ਹੀ ਸਿੱਖ ਸਨ ਤੇ ਬਾਕੀ ਪਿੰਡ ਅਨਮਤੀ ਹੋਣ ਦੇ ਕਾਰਨ ਆਪ ਦਾ ਭਾਂਡਾ ਭੀ ਕਿਤਨਾ ਚਿਰ ਅੱਡ ਕੀਤਾ ਰਿਹਾ ਸੀ। ਉਸ ਦੀ ਵਜ੍ਹਾ ਇਹ ਸੀ ਕਿ ਅਨਮਤੀ ਲੋਕ ਪਸ਼ੂਆਂ ਦੀ ਬੀਮਾਰੀ ਹਟਾਉਣ ਵਾਸਤੇ ਟੂਣੇ ਕਰਵਾਉਣ ਦੇ ਭੈੜੇ ਕੰਮ ਵਿਚ ਆਪ ਨੂੰ ਭੀ ਸ਼ਾਮਿਲ ਕਰਨਾ ਚਾਹੁੰਦੇ ਸਨ ਪਰ ਆਪ ਦਸਮੇਸ਼ ਜੀ ਉੱਤੇ ਭਰੋਸਾ ਰੱਖ ਕੇ ਡਟੇ ਰਹੇ ਤੇ ਅਸੂਲ ਘਾਤ ਨਹੀਂ ਕੀਤਾ। ਬਬਰ ਅਕਾਲੀ ਲਹਿਰ ਦਾ ਪ੍ਰਵਾਹ ਇਸ ਗੱਲ ਦੇ ਮਗਰੋਂ ਛੇਤੀ ਹੀ ਚਲ ਪਿਆ ਤੇ ਆਪ ਉਕਤ ਜਥੇ ਦੇ ਮੈਂਬਰ ਬਣ ਕੇ ਸੇਵਾ ਕਰਦੇ ਰਹੇ। ਇਸ ਜੁਰਮ, ਵਿਚ ਆਪ ੨੯ ਸਤੰਬਰ ੧੯੨੩ ਨੂੰ ਗ੍ਰਿਫ਼ਤਾਰ ਕੀਤੇ ਗਏ।

***ਜਥੇਦਾਰ ਬਾਬਾ ਦਲੀਪ ਸਿੰਘ ਜੀ, ਨੰ: ੩੬***

ਆਪ ਸ੍ਰ: ਦਿੱਤ ਸਿੰਘ ਜੀ ਦੇ ਘਰ ਪਿੰਡ ਸਾਂਧੜਾ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਪੈਦਾ ਹੋਏ। ਆਪ ਛੋਟੀ ਉਮਰੇ ਹੀ ਗੁਰਮੁਖੀ ਵਿੱਦਿਆ ਪ੍ਰਾਪਤ ਕਰ ਕੇ ਆਪਣਾ ਖੇਤੀਬਾੜੀ ਦਾ ਕੰਮ ਕਰਦੇ ਹੋਏ ਧਾਰਮਿਕ ਦੀਵਾਨਾਂ ਵਿਚ ਜਾ ਕੇ ਪ੍ਰਚਾਰ ਦੁਆਰਾ ਭੁੱਲੇ ਲੋਕਾਂ ਨੂੰ ਗੁਰਸਿੱਖੀ ਦੇ ਅਸੂਲ ਦਸ ਦੇ ਸਿੱਖੀ ਵਿਚ ਲਿਆਉਂਦੇ ਰਹੇ। ਆਪ ਸ਼ੁਧੀ ਦੇ ਤਕੜੇ ਹਾਮੀ ਤੇ ਪ੍ਰਚਾਰਕ ਸਨ। ਸ਼ੁਰੂ ੧੯੦੦ ਵਿਚ (ਜਦੋਂ ਸਿੰਘ ਸਭਾ ਦਾ ਦੀਵਾਨ ਪਿੰਡ ਸਾਂਧੜਾ ਵਿਚ ਰੱਖਿਆ ਗਿਆ) ਆਪ ਜੀ ਨੂੰ ਨਿਰਵੈਰ ਸੇਵਕ ਸ਼ਹੀਦੀ ਜਥਾ ਦੁਆਬਾ ਦੇ ਜਥੇਦਾਰ ਨੀਯਤ ਕੀਤਾ ਗਿਆ।

ਆਪ ਨੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਯਾਦਗਾਰ ਸ਼ਹੀਦੀ ਬਾਗ਼ ਅਨੰਦਪੁਰ ਸਾਹਿਬ ਦੇ ਮੁਕੱਦਮੇ ਸਮੇਂ ਸਭ ਤੋਂ ਵੱਧ ਕੇ ਹਿੱਸਾ ਲਿਆ। ੧੯੦੩ ਵਿਚ ਕਰੀਮ ਬਖ਼ਸ਼ (ਜਿਸ ਦਾ ਨਵਾਂ ਨਾਂ ਸ੍ਰ: ਲਖਬੀਰ ਸਿੰਘ ਜੀ ਰੱਖਿਆ) ਪਿੰਡ ਬਕਾਪੁਰ ਜ਼ਿਲ੍ਹਾ ਜਲੰਧਰ ਨੂੰ ਅੰਮ੍ਰਿਤ ਛਕਾ ਕੇ ਸਿੱਖੀ ਵਿਚ ਲਿਆਉਣ ਸਮੇਂ ਪੰਜਾਂ ਪਿਆਰਿਆਂ ਵਿੱਚੋਂ ਆਪ ਇਕ ਸਨ।

੩੧ ਜੁਲਾਈ, ੧ ਅਗਸਤ ੧੯੦੯ ਨੂੰ ਰਹਿਤੀਏ ਸਿੰਘਾਂ ਨਾਲ ਹੋਈ ਨਿਰਾਦਰੀ ਨੂੰ ਰੋਕਣ ਸਮੇਂ ਆਪ ਸਭ ਤੋਂ ਅੱਗੇ ਸਨ। ੧੯੨੦ ਵਿਚ ਜਦੋਂ ਸ੍ਰ: ਸਰਦੂਲ ਸਿੰਘ ਜੀ ਕਵੀਸ਼ਰ ਨੇ ਗੁਰਦੁਆਰਾ ਰਕਾਬ-ਗੰਜ ਦੀ ਢੱਠੀ ਦੀਵਾਰ ਨੂੰ ਮੁੜ ਬਣਾਉਣ ਹਿਤ ਕੁਰਬਾਨੀ ਵਾਸਤੇ ੧੦੦ ਸਿੱਖਾਂ ਦੇ ਸੀਸ ਦੀ ਮੰਗ ਕੀਤੀ ਤਾਂ ਆਪ ਮੈਦਾਨ ਵਿਚ ਆ ਗਏ।

੧੯੧੪-੧੫ ਵਾਲੀ ਸਾਜਿਸ਼ ਵਿਚ ਆਪ ਜੀ ਦਾ ਹੱਥ ਮੰਨਿਆ ਜਾਂਦਾ ਸੀ (ਕਿਉਂਕਿ ਸ਼ਹੀਦ ਭਾਈ ਕਰਮ ਸਿੰਘ ਜੀ ਝਿੰਗੜ ਆਪ ਦੇ ਭਾਣਜੇ ਸਨ ਤੇ ਸ਼ਹੀਦ ਭਾਈ ਕਰਮ ਸਿੰਘ ਜੀ ਬਬਰ ਦੌਲਤਪੁਰ, ਆਪ ਦੇ ਜੋੜੀਦਾਰ, ਦੋਨੋਂ ੧੯੧੪-੧੫ ਵਿਚ ਕੈਨੇਡਾ ਤੋਂ ਆਏ ਹੋਏ ਦੇਸ਼ ਸੇਵਾ ਕਰ ਰਹੇ ਸਨ)। ਨਾਨਕਾਣਾ ਸਾਹਿਬ ਦੇ ਸਾਕੇ ਸਮੇਂ ਸ਼ਹੀਦ ਸਿੰਘਾਂ ਦਾ ਸੰਸਕਾਰ ਹੱਥੀਂ ਕੀਤਾ ਸੀ। ਗੁਰਦੁਆਰਾ ਹੋਠੀਆਂ ਤੇ ਦਰਬਾਰ ਸਾਹਿਬ ਜੀ ਦੀਆਂ ਚਾਬੀਆਂ ਦੇ ਮਾਮਲੇ ਸਮੇਂ ਆਪ ਜੀ ਨੇ ਵਧ ਕੇ ਸੇਵਾ ਕੀਤੀ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਚੋਣਵੇਂ ਮੈਂਬਰ ਸਨ। ਅਕਾਲੀ ਜਥਾ ਜ਼ਿਲ੍ਹਾ ਹੁਸ਼ਿਆਰਪੁਰ ਦੇ ਪ੍ਰਧਾਨ ਸਨ। ੧੨ ਜਨਵਰੀ ੧੯੨੨ ਨੂੰ ਜਥੇ ਨਾਲ ਅਨੰਦਪੁਰ ਸਾਹਿਬ ਦੇ ਕਬਜ਼ੇ ਵਾਸਤੇ ਪ੍ਰਚਾਰ ਦੁਆਰਾ ਸੇਵਾ ਕਰਨ ਕਰ ਕੇ ਆਪ ਜੀ ਦਾ ਵਾਰੰਟ ੧੭ਬੀ ਦਫ਼ਾ ਅਨੁਸਾਰ ਜਾਰੀ ਹੋ ਚੁੱਕਾ ਸੀ। ਕੁਝ ਸਮਾਂ ਚੱਕਰਵਰਤੀ ਰਹੇ। ਇਸ ਦੌਰਾਨ ਵਿਚ ਬਬਰ ਅਕਾਲੀ ਅਖ਼ਬਾਰ ਕੱਢਣ ਤੇ ਝੋਲੀ-ਚੁੱਕਾਂ ਦੇ ਸੁਧਾਰ ਹਿਤ ਇਕ ਗੁਰਮਤਾ ਪਿੰਡ ਸਾਂਧੜੇ ਵਿਖੇ ਪਾਸ ਕੀਤਾ ਗਿਆ ਸੀ। ਅਜੇ ਡੁਪਲੀਕੇਟ ਮਸ਼ੀਨ (ਜਿਸ ਦਾ ਨਾਮ ਪਹਿਲੋਂ ਸ਼ਫ਼ਰੀ ਮਸ਼ੀਨ ਸੀ, ਫਿਰ ਉਡਾਰੂ ਰੱਖਿਆ ਸੀ) ਮੰਗਵਾਈ ਹੀ ਸੀ ਕਿ ਆਪ ਰਲਾ ਦਿੱਤੂ ਕੌਲਪੁਰ ਦੀ ਬੇਈਮਾਨੀ ਕਾਰਨ ੨੯ ਮਈ ੧੯੨੨ ਨੂੰ ਗ੍ਰਿਫ਼ਤਾਰ ਕੀਤੇ ਗਏ।

ਆਪ ਨੂੰ ਡਿਪਟੀ ਮਖ਼ਦੂਮ, ਜ਼ਿਲ੍ਹਾ ਹੁਸ਼ਿਆਰਪੁਰ ਦੀ ਅਦਾਲਤ ਵਿੱਚੋਂ ਕੈਦ ਦਿੱਤੀ ਗਈ। ਆਪ ਕੈਦ ਕੱਟ ਕੇ ਅਜੇ ਆਏ ਹੀ ਸਨ ਕਿ ਫਿਰ ਦੇਸ਼ ਹਿਤ ਜਦ ਕਿ ਹਕੂਮਤ ਤਰ੍ਹਾਂ-ਤਰ੍ਹਾਂ ਦੀਆਂ ਚਾਲਾਂ ਖੇਡ ਰਹੀ ਸੀ ਤੇ ਦੁਆਬੇ ਦੇ ਪਿੰਡ-ਪਿੰਡ ਵਿੱਚੋਂ ਬਬਰ ਅਕਾਲੀ ਗ੍ਰਿਫ਼ਤਾਰ ਹੋ ਚੁੱਕੇ ਸਨ। ਇਸ ਭਿਆਨਕ ਸਮੇਂ ਵਿਚ ਅਮਲੀ ਜਾਮਾ ਪਹਿਨ ਕੇ ਆਪ ਮੈਦਾਨ ਵਿਚ ਕੁੱਦ ਪਏ। ਆਪ ਜੀ ਨੂੰ ਯੋਗ ਸਮਝ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਚੁਣਿਆ ਗਿਆ। ਬਬਰ ਅਕਾਲੀ ਜਥੇ ਵਿਚ ਕੰਮ ਕਰਨ ਦੇ ਕਾਰਨ ਪੁਲਿਸ ਦੀ ਅੱਖ ਵਿਚ ਪਹਿਲੋਂ ਹੀ ਕੰਡੇ ਵਾਂਗ ਰੜਕਦੇ ਸਨ। ਆਪ ਨੂੰ ਦੇਸ਼ ਸੇਵਾ ਦੇ ਮੈਦਾਨ ਵਿੱਚੋਂ ਹਟਾਉਣ ਲਈ ਪੁਲਿਸ

ਨੇ ੨ ਸਤੰਬਰ ੧੯੨੩ ਨੂੰ ਗ੍ਰਿਫ਼ਤਾਰ ਕਰ ਲਿਆ। ਇਹ ਯਾਦ ਰਹੇ ਕਿ ਸ਼ੁਰੂ ੧੯੨੨ ਤੋਂ ਹੀ ਆਪ ਜੀ ਦੀ ਪੈਨਸ਼ਨ ਜ਼ਬਤ ਕੀਤੀ ਜਾ ਚੁੱਕੀ ਸੀ।

***ਭਾਈ ਛੱਜਾ ਸਿੰਘ ਜੀ, ਨੰ: ੩੭***

ਆਪ ਪਿੰਡ ਮਸਣੀਆਂ, ਜ਼ਿਲ੍ਹਾ ਜਲੰਧਰ ਦੇ ਭਾਈ ਮੀਹਾਂ ਸਿੰਘ ਜੀ ਦੇ ਘਰ ਪੈਦਾ ਹੋਏ ਤੇ ਜਵਾਨ ਹੋਣ ਸਮੇਂ ੨੯ ਨੰ: ਪਲਟਨ ਵਿਚ ਭਰਤੀ ਹੋ ਗਏ। ਗੁਰਦੁਆਰਾ ਸੁਧਾਰ ਲਹਿਰ ਸਮੇਂ ਆਪ ਨਾ-ਮਿਲਵਰਤਣ ਦੇ ਅਸੂਲ ਅਨੁਸਾਰ ਨੌਕਰੀ ਛੱਡ ਕੇ ਆ ਗਏ ਤੇ ਤਨ, ਮਨ ਤੇ ਧਨ ਨਾਲ ਦੇਸ਼ ਸੇਵਾ ਹਿਤ ਜੁੱਟ ਗਏ। ਥੋੜ੍ਹੇ ਚਿਰ ਵਿਚ ਹੀ ਆਪ ਨੇ ਅਪਣੇ ਪਿੰਡ ਅਕਾਲੀ ਜਥਾ ਕਾਇਮ ਕਰ ਲਿਆ। ਸੰਗਤ ਨੇ ਕਾਬਲ ਸਮਝ ਕੇ ਆਪ ਨੂੰ ਹੀ ਜਥੇਦਾਰ ਨੀਯਤ ਕਰ ਦਿੱਤਾ। ਆਪ ਨੇ ਬਬਰ ਅਕਾਲੀ ਜਥੇ ਦਾ ਮੈਂਬਰ ਬਣ ਕੇ ਹਰਨਾਮ ਸਿੰਘ ਸਫ਼ੈਦਪੋਸ਼ ਮਹਿੰਦੀਪੁਰ ਦਾ ਸੁਧਾਰ ਕਰਨ ਹਿਤ ਅਕਾਲੀ ਮੈਂਬਰਾਂ ਨੂੰ ਨਾਲ ਲੈ ਕੇ ਅੰਜਾਮ ਕੀਤਾ। ਗੁਰੂ ਕੇ ਬਾਗ਼ ਦੇ ਮੋਰਚੇ ਸਮੇਂ ੬ ਸਤੰਬਰ ੧੯੨੨ ਨੂੰ ਮਾਰ ਖਾਣ ਵਾਲੇ ਜਥੇ ਵਿਚ ਸ਼ਾਮਿਲ ਹੋ ਕੇ ਗਏ ਤੇ ਗ੍ਰਿਫ਼ਤਾਰ ਹੋਏ। ਆਪ ਨੂੰ ਢਾਈ ਸਾਲ ਸਖ਼ਤ ਕੈਦ ਦੀ ਸਜ਼ਾ ਦਿੱਤੀ ਗਈ। ਆਪ ੨੮ ਅਪ੍ਰੈਲ ੧੯੨੩ ਨੂੰ ਬਾਕੀ ਗੁਰੂ ਕੇ ਬਾਗ਼ ਸਬੰਧੀ ਕੈਦੀਆਂ ਵਿਚ ਰਿਹਾ ਕੀਤੇ ਗਏ ਪਰ ਇਸ ਰਿਹਾਈ ਨੇ ਆਪ ਦੇ ਕੌਮੀ ਸੇਵਾ ਦੇ ਜੋਸ਼ ਨੂੰ ਠੰਡਾ ਨਾ ਕੀਤਾ ਸਗੋਂ ਜੋਸ਼ ਨੂੰ ਹੋਰ ਵੀ ਵਧਾਇਆ।

***ਭਾਈ ਦਲੀਪ ਸਿੰਘ ਧਾਮੀਆਂ, ਨੰ: ੩੮***

ਆਪ ਉਰਦੂ, ਅੰਗ੍ਰੇਜ਼ੀ, ਹਿੰਦੀ ਤੇ ਗੁਰਮੁਖੀ ਦੇ ਚੰਗੇ ਵਿਦਵਾਨ ਸਨ। ਆਪ ਗਰੀਬਾਂ ਦੇ ਦਰਦਾਂ ਨੂੰ ਪੂਰੇ ਤੌਰ 'ਤੇ ਦਿਲ ਵਿਚ ਰਖਦੇ ਸੀ। ਆਪ ਜੀ ਦਾ ਸੰਖੇਪ ਹਾਲ ਮੈਂ ਕਿਤੇ ਦੂਜੇ ਥਾਂ ਵਰਨਣ ਕਰ ਚੁੱਕਾ ਹਾਂ। ਬਬਰ ਅਕਾਲੀ ਜਥੇ ਦਾ ਮੈਂਬਰਾਂ ਨਾਲ ਪੂਰਨ ਮੁਹੱਬਤ ਰਖਦੇ ਸਨ। ਦੇਸ਼ ਤੇ ਕੌਮ ਦੀ ਸੇਵਾ ਦੇ ਅਪਰਾਧ ਵਿਚ ਆਪ ਨੂੰ ਗ੍ਰਿਫ਼ਤਾਰ ਕੀਤਾ ਗਿਆ। ਆਪ ਨੰਗਲ ਸ਼ਾਮਾਂ ਦੇ ਬੂਟੇ ਦੇ ਕਤਲ ਵਿਚ ਸ਼ਾਮਿਲ ਸਨ।

***ਭੁਝੰਗੀ ਦਲੀਪ ਸਿੰਘ ਜੀ ਧਾਮੀਆਂ, ਨੰ: ੩੯***

ਆਪ ਜੀ ਦੀ ਉਮਰ ਮੁਕੱਦਮੇ ਦੇ ਫ਼ੈਸਲੇ ਸਮੇਂ ੧੬-੧੭ ਸਾਲ ਦੇ ਕਰੀਬ ਸੀ ਪਰ ਆਪ ਹਰ ਤਰ੍ਹਾਂ ਦੀ ਕੁਰਬਾਨੀ ਕਰਨ ਲਈ ਖੁਸ਼ੀ-ਖੁਸ਼ੀ ਤਿਆਰ ਸਨ। ਆਪ ਜੀ ਨੂੰ ਕੌਮੀ ਸੇਵਾ ਦੇ ਪ੍ਰੇਮ ਦਾ ਤੀਰ ਬਾਲ-ਉਮਰੇ ਹੀ ਪੂਰੇ ਤੌਰ 'ਤੇ ਲੱਗ ਚੁੱਕਾ ਸੀ। ਇਸ ਦਾ ਜ਼ਿਕਰ ਪਿੱਛੇ ਕਰ ਆਇਆ ਹਾਂ। ਆਪ ਬਬਰ ਅਕਾਲੀ ਦੇ ਆਜ਼ਾਦ ਮੈਦਾਨੀ ਮੈਂਬਰ ਸਨ।

***ਭਾਈ ਰਤਨ ਸਿੰਘ ਜੀ ਸਿੜ੍ਹੀਂਗ ਵਾਲਾ, ਨੰ: ੪੦***

ਇਕ ਚੰਗੇ ਦਲੇਰ ਮਰਦ ਸਨ। ਆਪ ਦੇਸ਼ ਸੇਵਾ ਦੇ ਨਾਲ ਪਿਆਰ ਕਰਦੇ ਹੋਏ ਬਬਰ ਅਕਾਲੀ ਜਥੇ ਦੇ ਮੈਂਬਰ ਬਣ ਗਏ। ਗੁਰਮੁਖੀ ਵਿੱਦਿਆ ਪੜ੍ਹੇ ਹੋਏ, ਗੁਰਬਾਣੀ ਦੇ ਨਿਤਨੇਮੀ ਸਨ। ਆਪ ਜੀ ਦਾ ਹਾਲ ਪਿੱਛੇ ਲਿਖ ਆਇਆ ਹਾਂ।

ਆਪ ਨੰਗਲ ਸ਼ਾਮਾਂ ਦੇ ਬੂਟੇ ਦੇ ਕਤਲ 'ਤੇ ਜੁਰਮ ਵਿਚ ਗ੍ਰਿਫ਼ਤਾਰ ਕੀਤੇ ਗਏ ਸਨ।

***ਭਾਈ ਹਰੀ ਸਿੰਘ ਜੀ, ਨੰ: ੪੧***

ਆਪ ਨੇ ਪਿੰਡ ਦੌਲਤਪੁਰ, ਜ਼ਿਲ੍ਹਾ ਜਲੰਧਰ ਵਿਚ ਭਾਈ ਦੇਵਾ ਸਿੰਘ ਜੀ ਘਰ ਜਨਮ ਲਿਆ ਸੀ। ਖੇਤੀਬਾੜੀ ਦਾ ਕੰਮ, ਧਰਮ ਦੀ ਕਿਰਤ ਕਰ ਕੇ ਵੰਡ ਛਕਣ ਵਾਲੇ ਸਨ। ਅਕਾਲੀ ਲਹਿਰ ਸ਼ੁਰੂ ਹੋਣ 'ਤੇ ਆਪ ਜਥੇ ਵਿਚ ਸ਼ਾਮਿਲ ਹੋ ਗਏ। ਆਪ ਹੋਠੀਆਂ ਦੇ ਗੁਰਦੁਆਰੇ 'ਤੇ ਕਬਜ਼ਾ ਕਰਨ ਵਾਸਤੇ ਸ਼ਹੀਦ ਭਾਈ ਕਰਮ ਸਿੰਘ ਬਬਰ ਦੇ ਜਥੇ ਵਿਚ ਗਏ। ਫਿਰ ਜਨਵਰੀ ੧੯੨੨ ਵਿਚ ਆਪ ਨਿਰਵੈਰ ਸੇਵਕ ਜਥਾ ਦੁਆਬਾ ਵਿਚ ਸ਼ਾਮਿਲ ਹੋ ਕੇ ਅਨੰਦਪੁਰ ਸਾਹਿਬ ਕਬਜ਼ੇ ਹਿਤ ਪੁੱਜੇ। ਗੁਰੂ ਕੇ ਬਾਗ਼ ਦੇ ਮੋਰਚੇ ਸਮੇਂ ਵੀ ਆਪ ਨੇ ਸੇਵਾ ਕੀਤੀ ਤੇ ਉਥੋਂ ਗ੍ਰਿਫ਼ਤਾਰ ਕਰ ਕੇ ਆਪ ਸਾਢੇ ਤਿੰਨ ਮਹੀਨੇ ਦੀ ਕੈਦ (ਅਕਤੂਬਰ ੧੯੨੨ ਤੋਂ ੧੪ ਜਨਵਰੀ ੧੯੨੩ ਤਕ) ਕੱਟੀ। ਜੇਲ੍ਹੋਂ ਬਾਹਰ ਆ ਕੇ ਫਿਰ ਦੇਸ਼ ਤੇ ਕੌਮ ਦੀ ਆਜ਼ਾਦੀ ਹਿੱਤ ਬਬਰ ਅਕਾਲੀ ਜਥੇ ਵਿਚ ਸ਼ਾਮਿਲ ਹੋਏ ਪਰ ਪੁਲਿਸ ਨੂੰ ਇਹ ਗੱਲ ਕਦੋਂ ਭਾਉਂਦੀ ਸੀ। ਆਪ ੨੦ ਜਨਵਰੀ ੧੯੨੩ ਨੂੰ ਗ੍ਰਿਫ਼ਤਾਰ ਕੀਤੇ ਗਏ।

***ਭਾਈ ਵਰਿਆਮ ਸਿੰਘ, ਨੰ: ੪੨***

ਆਪ ਨੇ ਸ੍ਰ: ਸਾਵਣ ਸਿੰਘ ਜੀ ਦੇ ਘਰ ਪਿੰਡ ਦੌਲਤਪੁਰ, ਜ਼ਿਲ੍ਹਾ ਜਲੰਧਰ ਵਿਖੇ ਜਨਮ ਲਿਆ। ਅਕਾਲੀ ਲਹਿਰ ਵੇਲੇ ਆਪ ਅਕਾਲੀ ਸਜ ਕੇ ਗੁਰਦੁਆਰਿਆਂ ਦੇ ਸੁਧਾਰ ਦੀ ਸੇਵਾ ਵਿਚ ਜੁੱਟ ਗਏ। ਇਸ ਧੁੰਨ ਵਿਚ ਆਪ ਗੁਰਦੁਆਰਾ ਹੋਠੀਆਂ ਦੇ ਕਬਜ਼ੇ ਵੇਲੇ ਭਾਈ ਕਰਮ ਸਿੰਘ ਜੀ ਦੇ 'ਨਿਰਵੈਰ ਸੇਵਕ ਜਥਾ ਦੁਆਬਾ' ਵਿਚ ਸ਼ਾਮਿਲ ਹੋ ਕੇ ਗੁਰਧਾਮ ਨੂੰ ਆਜ਼ਾਦ ਕਰਵਾਉਣ ਵਾਸਤੇ ਗਏ। ਮਗਰੋਂ ਵੀ ਆਪ ਵਿਤ ਅਨੁਸਾਰ ਸੇਵਾ ਕਰਦੇ ਰਹੇ।

***ਭਾਈ ਬੰਤ ਸਿੰਘ, ਨੰ: ੪੩***

ਆਪ ਪਿੰਡ ਦੌਲਤਪੁਰ, ਜ਼ਿਲ੍ਹਾ ਜਲੰਧਰ ਦੇ ਵਸਨੀਕ ਸ੍ਰ: ਪਾਲ ਸਿੰਘ ਜੀ ਦੇ ਘਰ ਜਨਮੇ ਸੀ। ਆਪ ਖੇਤੀਬਾੜੀ ਦਾ ਕੰਮ ਕਰਦੇ ਸੀ। ਬਬਰ ਅਕਾਲੀ ਜਥੇ ਵਿਚ ਸ਼ਾਮਿਲ ਹੋਣ ਦੇ ਕਾਰਨ ਆਪ ਨੂੰ ੨੦ ਜੁਲਾਈ ੧੯੨੩ ਨੂੰ ਗ੍ਰਿਫ਼ਤਾਰ ਕਰ ਲਿਆ।

***ਭਾਈ ਠਾਕਰ ਸਿੰਘ ਜੀ, ਨੰ: ੪੪***

ਆਪ ਜੀ ਨੇ ਪਿੰਡ ਦੋਲਤਪੁਰ, ਜ਼ਿਲ੍ਹਾ ਜਲੰਧਰ ਦੇ ਰਹਿਣ ਵਾਲੇ ਸ੍ਰ: ਅੱਛਰ ਸਿੰਘ ਜੀ ਦੇ ਘਰ ਜਨਮ ਲਿਆ। ਆਪ ਭਾਈ ਬੰਤ ਸਿੰਘ (ਨੰ: ੪੩) ਵਾਂਗ ਧਰਮ ਦੀ ਕਿਰਤ ਕਰ ਕੇ ਵੰਡ ਕੇ ਛਕਦੇ ਛਕਾਉਂਦੇ ਅਕਾਲੀ ਲਹਿਰ ਸਮੇਂ ਜਥੇ ਦੇ ਮੈਂਬਰ ਬਣ ਗਏ। ਆਪ ਇਸ ਹੁਕਮ ਵਿਚ ਗ੍ਰਿਫ਼ਤਾਰ ਕੀਤੇ ਗਏ।

***ਭਾਈ ਦੁਮਣ ਸਿੰਘ, ਨੰ: ੪੫***

ਆਪ ਪੰਡੋਰੀ ਮਹਿਤਮਾ, ਜ਼ਿਲ੍ਹਾ ਹੁਸ਼ਿਆਰਪੁਰ ਦੇ ਭਾਈ ਮੁਨਸ਼ਾ ਸਿੰਘ ਦੇ ਸਪੁੱਤਰ ਸੀ। ਆਪ ੧੨ ਨੰ: ਰਸਾਲੇ ਵਿਚ ਨੌਕਰ ਹੋ ਕੇ ੩ ਮਾਰਚ ੧੯੨੦ ਨੂੰ ੧੦ ਰੁਪੈ

ਪੈਨਸ਼ਨ ਆ ਗਏ ਤਾਂ ਮਗਰੋਂ ਬਬਰ ਅਕਾਲੀ ਜਥੇ ਵਿਚ ਸ਼ਾਮਿਲ ਹੋ ਗਏ। ਆਪ ਲਾਭ ਸਿੰਹੁ ਢੱਡਾ ਫ਼ਤਹ ਸਿੰਘਪੁਰ ਵਾਲੇ ਦੇ ਗੋਹ ਵਿਚ ਸ਼ਾਮਿਲ ਹੋ ਕੇ ਸੁਧਾਰ ਹਿਤ ਗਏ ਸੀ ਤੇ ਗ੍ਰਿਫ਼ਤਾਰ ਹੋ ਗਏ।

***ਭਾਈ ਸ਼ਾਮ ਸਿੰਘ, ਨੰ: ੪੬***

ਆਪ ਗਹਿੰਸੀਵਾਲਾ, ਜ਼ਿਲ੍ਹਾ ਹੁਸ਼ਿਆਰਪੁਰ, ਦੇ ਭਾਈ ਮਿਹਰ ਸਿੰਘ ਜੀ ਦੇ ਘਰ ਪੈਦਾ ਹੋਏ। ਆਪ ਧਰਮ ਕਿਰਤ ਕਰ ਵੰਡ ਛਕਣ ਵਾਲੇ ਪ੍ਰੇਮੀ ਗੁਰਸਿੱਖ ਸਨ। ਆਏ ਗਏ ਸਿੱਖ ਸੇਵਕਾਂ ਦੀ ਸੇਵਾ ਕਰਨ ਵਾਲੇ ਸੁਭਾਅ ਵਾਲੇ ਕਿਰਤੀ ਸਿੰਘ ਸਨ। ਅਕਾਲੀ ਲਹਿਰ ਦੇ ਸ਼ੁਰੂ ਹੁੰਦਿਆਂ ਆਪ ਭੀ ਅਕਾਲੀ ਸਜ ਗਏ ਤੇ ਪਿੰਡ ਦੇ ਅਕਾਲੀ ਜਥੇ ਦੇ ਜਥੇਦਾਰ ਚੁਣੇ ਗਏ। ਆਪ ਤਨ-ਮਨ ਦੁਆਰਾ ਬਬਰ ਅਕਾਲੀ ਦੇਸ਼ ਭਗਤਾਂ ਦੀ ਸੇਵਾ ਕਰਦੇ ਰਹੇ ਤੇ ੫ ਮਈ ੧੯੨੩ ਨੂੰ ਗ੍ਰਿਫ਼ਤਾਰ ਕੀਤੇ ਗਏ।

***ਬਾਬਾ ਠਾਕਰ ਸਿੰਘ ਜੀ, ਨੰ: ੪੭***

ਆਪ ਸ: ਗੁਰਮੁਖ ਸਿੰਘ ਜੀ ਜੈਲਦਾਰ ਦੇ ਘਰ ਪਿੰਡ ਮੰਡਿਲ, ਜ਼ਿਲ੍ਹਾ ਹੁਸ਼ਿਆਰਪੁਰ, ਵਿਚ ਪੈਦਾ ਹੋਏ। ਆਪ ੩੫ ਨੰ: ਸਿੱਖ ਪਲਟਨ ਵਿਚ ਨੌਕਰ ਹੋ ਗਏ ਤੇ ਉਥੇ ਹੀ ਆਪ ਨੇ ਗੁਰਮੁਖੀ ਵਿੱਦਿਆ ਹਾਸਿਲ ਕੀਤੀ। ਆਪ ਗੁਰਸਿੱਖ ਅਸੂਲਾਂ ਨੂੰ ਧਾਰਨ ਕਰ ਕੇ ਅਤੇ ਬਾਬਾ ਆਇਆ ਸਿੰਘ ਜੀ ਹੋਤੀ ਵਾਲੇ ਸੰਤਾਂ ਦੀ ਸੰਗਤ ਕਰ ਕੇ ਨਾਮ ਦੇ ਭੀ ਡਾਢੇ ਰਸੀਏ ਹੋ ਗਏ। ਪਲਟਨ ਵਿਚ ਭੀ ਆਪ ਜੀ ਦਾ ਬੜਾ ਪਵਿੱਤਰ ਜੀਵਨ ਸੀ, ਆਪ ਰਹਿਮ ਦਿਲ ਤੇ ਸਬਰ ਵਾਲੇ ਸ਼ਖ਼ਸ਼ ਸਨ। ਜਿਸ ਵੇਲੇ ਭਜਨ ਵਿਚ ਆਪ ਦੀ ਬਿਰਤੀ ਜ਼ਿਆਦਾ ਹੀ ਚੜ੍ਹ ਗਈ, ਉਸ ਵੇਲੇ ਆਪ ਪਲਟਨ ਦੀ ਨੌਕਰੀ ਛੱਡ ਆਏ ਤੇ ਘਰ ਨਹੀਂ ਗਏ, ਸਗੋਂ ਆਪਣੇ ਪਿੰਡ ਤੋਂ ਇਕ ਕੋਹ ਦੇ ਫ਼ਾਸਲੇ ਉੱਤੇ ਰਾਜੋਵਾਲ ਦਿਆਨਤਪੁਰ ਤੇ ਗਹਿੰਸੀਵਾਲ ਦੇ ਵਿਚਾਲੇ ਝੁੱਗੀ ਬਣਾ ਭਜਨ ਕਰਨ ਲੱਗ ਪਏ। ਆਪ ਗ੍ਰਹਿਸਤ ਦੇ ਜੰਜਾਲ ਛੱਡ ਕੇ ਅਟੰਕ ਹੋ ਬੈਠੇ ਪਰ ਪ੍ਰੇਮੀ ਜੀਉੜੇ ਲਾਲਾਂ ਨੂੰ ਕਦੋਂ ਗੋਦੜੀਆਂ ਵਿਚ ਛੁਪਣ ਦਿੰਦੇ ਹਨ। ਆਪ ਦੇ ਦਰਸ਼ਨਾਂ ਨੂੰ ਸੰਗਤ ਆਉਣ 'ਤੇ ਦੀਵਾਨ ਸਜਣ ਲੱਗੇ। ਅਕਾਲੀ ਲਹਿਰ ਸ਼ੁਰੂ ਹੋਇਆਂ ਆਪ ਵੀ ਅਕਾਲੀ ਸਜ ਕੇ ਬਬਰ ਅਕਾਲੀਆਂ ਦੀ ਸੇਵਾ ਕਰਦੇ ਰਹੇ। ਆਪ ੪ ਮਈ ੧੯੨੩ ਦੇ ਦਿਨ ਗ੍ਰਿਫ਼ਤਾਰ ਕੀਤੇ ਗਏ।

***ਭਾਈ ਅਮਰ ਸਿੰਘ ਜੀ, ਨੰ: ੪੮***

ਆਪ ਨੇ ਭਾਈ ਬਸੰਤ ਸਿੰਘ ਜੀ ਪਿੰਡ ਰਾਜੋਵਾਲ, ਜ਼ਿਲ੍ਹਾ ਹੁਸ਼ਿਆਰਪੁਰ ਦੇ ਘਰ ਜਨਮ ਲਿਆ। ਆਪ ੩੫ ਨੰ: ਸਿੱਖ ਪਲਟਨ ਵਿਚ ਨੌਕਰ ਹੋ ਗਏ ਤੇ ਉਥੇ ਹੀ ਆਪ ਨੇ ਗੁਰਮੁਖੀ ਵਿੱਦਿਆ ਪੜ੍ਹੀ। ਅਕਾਲੀ ਲਹਿਰ ਵੇਲੇ ਆਪ ਨਾ-ਮਿਲਵਰਤਣ ਦੇ ਅਸੂਲ ਅਨੁਸਾਰ ਨੌਕਰੀ ਛੱਡ ਆਏ ਤੇ ਅਕਾਲੀ ਸਜ ਗਏ। ਆਪ ਦੇਸ਼ ਸੇਵਕਾਂ ਦੀ ਸੇਵਾ ਕਰਦੇ ਰਹੇ ਅਤੇ ਬਬਰ ਅਕਾਲੀ ਜਥੇ ਦੇ ਮੈਂਬਰ ਬਣੇ। ੨੦-੨੧ ਮਈ ਦੀ ਰਾਤ ਨੂੰ ਆਪ ਨੇ ਦੋ ਸਾਥੀਆਂ ਨਾਲ ਮਿਲ ਕੇ ਹਰਨਾਮ ਸਿੰਹੁ ਸਫ਼ੈਦਪੋਸ਼ ਮੈਹਦੀਪੁਰ ਦਾ ਸੁਧਾਰ ਅੱਠ ਅੰਗ ਕੱਟ ਕੇ ਕੀਤਾ। ਗੁਰੂ ਕੇ ਬਾਗ਼ ਦੇ

ਮੋਰਚੇ ਸਮੇਂ ਆਪ ਨੇ ੧ ਸਤੰਬਰ ੧੯੨੨ ਨੂੰ ਜਥੇ ਵਿਚ ਸ਼ਾਮਿਲ ਹੋ ਕੇ ਮਾਰ ਖਾਧੀ। ੨੨ ਨਵੰਬਰ ੧੯੨੨ ਨੂੰ ਗੁਰੂ ਕੇ ਬਾਗ਼ ਦੇ ਜਥੇ ਵਿਚ ਗ੍ਰਿਫ਼ਤਾਰ ਹੋਏ। ਆਪ ਨੂੰ ੯ ਮਹੀਨੇ ਦੀ ਕੈਦ ਦਿੱਤੀ ਗਈ। ਅਪ੍ਰੈਲ ੧੯੨੩ ਵਿਚ ਸਾਰੇ ਅਕਾਲੀਆਂ ਵਿਚ ਆਪ ਭੀ ਰਿਹਾ ਕੀਤੇ ਗਏ ਤੇ ਫਿਰ ਬਬਰ ਅਕਾਲੀਆਂ ਦੇ ਜਥੇ ਦੀ ਸੇਵਾ ਤਨ, ਮਨ ਦੇ ਨਾਲ ਕਰਦੇ ਹੋਏ ੬ ਮਈ ੧੯੨੩ ਨੂੰ ਗ੍ਰਿਫ਼ਤਾਰ ਕੀਤੇ ਗਏ। ੩੫ ਨੰ: ਪਲਟਨ ਵਿੱਚੋਂ ਜਵੰਦ ਸਿੰਹੁ ਵਾਅਦਾ ਮੁਆਫ਼ ਦੀ ਜ਼ਾਤੀ ਦੁਸ਼ਮਣੀ ਦੇ ਕਾਰਨ ਬਬਰ ਅਕਾਲੀ ਸਾਜਿਸ਼ ਵਿਚ ਲਪੇਟ ਲਏ ਗਏ।

ਭਾਈ ਵਤਨ ਸਿੰਘ ਜੀ ਵਲਦ ਦੇਵਾ ਸਿੰਘ ਜੀ, ਪਿੰਡ ਗਣੇਸ਼ਪੁਰ, ਜ਼ਿਲ੍ਹਾ ਹੁਸ਼ਿਆਰਪੁਰ ਨੰ: ੪੯ ਤੇ ਭਾਈ ਠਾਕਰ ਸਿੰਘ ਜੀ ਵਲਦ ਮਯਾ ਸਿੰਘ ਜੀ, ਭਾਲਟਾ ਜ਼ਿਲ੍ਹਾ ਹੁਸ਼ਿਆਰਪੁਰ ਨੰ: ੫੦ ਇਹ ਦੋਵੇਂ ਸੱਜਣ ਬਬਰ ਅਕਾਲੀਆਂ ਦੀ ਦਿਲੋਂ ਸੇਵਾ ਕਰਦੇ ਰਹੇ ਤੇ ਇਨ੍ਹਾਂ ਸੱਜਣਾਂ ਅਸਲੇ ਬੰਬ ਆਦਿ ਚੀਜ਼ਾਂ ਦੀ ਸੇਵਾ ਕਾਫ਼ੀ ਤੋਂ ਜ਼ਿਆਦਾ ਕੀਤੀ ਸੀ। ਇਸ ਜੁਰਮ ਵਿਚ ਦੋਵੇਂ ਫੜੇ ਗਏ।

***ਭਾਈ ਮਿਲਖਾ ਸਿੰਘ ਜੀ, ਨੰ: ੫੧***

ਆਪ ਮੋਰਾਂਵਾਲੀ, ਜ਼ਿਲ੍ਹਾ ਹੁਸ਼ਿਆਰਪੁਰ ਦੇ ਸ: ਉਤਮ ਸਿੰਘ ਜੀ ਦੇ ਘਰ ਪੈਦਾ ਹੋਏ। ਆਪ ਸ਼ੁਰੂ ਤੋਂ ਹੀ ਦੇਸ਼ ਸੇਵਾ ਦੇ ਹਿਤੈਸ਼ੀ ਅਤੇ ਸਿੱਖੀ ਅਸੂਲਾਂ ਦੇ ਧਾਰਨੀ ਸਨ। ਅਕਾਲੀ ਲਹਿਰ ਸਮੇਂ ਆਪ ਅਕਾਲੀ ਸਜ ਕੇ ਅਨੰਦਪੁਰ ਸਾਹਿਬ ਦੇ ਗੁਰਦੁਆਰਿਆਂ ਦੇ ਸੁਧਾਰ ਹਿਤ ਨਿਰਵੈਰ ਸੇਵਕ ਜਥੇ ਵਿਚ ਸ਼ਾਮਿਲ ਹੋ ਕੇ ਗੁਰਦੁਆਰੇ 'ਤੇ ਕਬਜ਼ਾ ਕੀਤਾ। ਆਪ ਨੂੰ ਬਬਰ ਅਕਾਲੀਆਂ ਦੀ ਸੇਵਾ ਦੇ ਜੁਰਮ ਵਿਚ ੧੯ ਜੂਨ ੧੯੨੨ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਪਰ ਗਵਾਹ ਨਾ ਮਿਲਣ ਦੇ ਕਾਰਨ ਛੱਡ ਦਿੱਤਾ ਗਿਆ। ਪਰ ਸਰਕਾਰ ਇਹ ਕਦੋਂ ਬਰਦਾਸ਼ਤ ਕਰ ਸਕਦੀ ਸੀ ਕਿ ਆਪ ਜੈਸੇ ਸ਼ਖ਼ਸ ਆਜ਼ਾਦੀ ਦੀ ਹਵਾ ਮਾਣ ਸਕਣ ਇਸ ਕਰ ਕੇ ਉਸੇ ਵਕਤ ਉਸੇ ਥਾਂ ਆਪ ਨੂੰ ਫਿਰ ਗ੍ਰਿਫ਼ਤਾਰ ਕਰ ਲਿਆ ਤੇ ੩੧ ਜੁਲਾਈ ੧੯੨੨ ਨੂੰ ੪ ਮਹੀਨੇ ਦੀ ਸਜ਼ਾ ਦਿੱਤੀ ਗਈ। ਆਪ ਕੈਦ ਕੱਟ ਕੇ ਫਿਰ ਦੇਸ਼ ਸੇਵਾ ਹਿਤ ਜੁਟ ਗਏ ਤੇ ਪਿੰਡ ਦੀ ਸੰਗਤ ਨੇ ਪਿੰਡ ਦੇ ਜਥੇਦਾਰ ਆਪ ਨੂੰ ਥਾਪ ਦਿੱਤਾ। ਦੇਸ਼ ਕੌਮ ਨਾਲ ਪਿਆਰ ਕਰਨ ਦੇ ਜੁਰਮ ਵਿਚ ੨੨ ਅਪ੍ਰੈਲ ੧੯੨੩ ਨੂੰ ਗ੍ਰਿਫ਼ਤਾਰ ਕਰ ਜੇਲ੍ਹ ਸੁੱਟ ਦਿੱਤਾ। ੩੧ ਜੁਲਾਈ ੧੯੨੩ ਨੂੰ ਤਫ਼ਤੀਸ਼ ਤੋਂ ਬਾਅਦ ਆਪ ਦਾ ਚਲਾਨ ੧੦੭ ਵਿਚ ਕਰ ਦਿੱਤਾ ਗਿਆ ਪਰ ਸਬੂਤ ਨਾ ਮਿਲਣ ਕਾਰਨ ਕੁਝ ਅਰਸਾ ਬਾਅਦ ਮੁਕੱਦਮਾ ਵਾਪਸ ਲੈ ਗਿਆ। ੨ ਸਤੰਬਰ ੧੯੨੩ ਨੂੰ ਫਿਰ ਦੁਬਾਰਾ ਬਬਰ ਅਕਾਲੀ ਕੇਸ ਵ੍ਹਿਚ ਅੜਾਉਣ ਲਈ ਗ੍ਰਿਫ਼ਤਾਰ ਕਰ ਲਿਆ ਗਿਆ।

***ਭਾਈ ਹਰੀ ਸਿੰਘ ਜੀ 'ਖੰਡਾ', ਨੰ: ੫੨***

ਆਪ ਸ: ਬਸੰਤ ਸਿੰਘ ਜੀ ਦੇ ਘਰ ਪਿੰਡ ਚੈਲਾ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ੧੮੯੯ 'ਚ ਪੈਦਾ ਹੋਏ। ਛੋਟੀ ਉਮਰੇ ਹੀ ਆਪ ਜੀ ਦੇ ਪਿਤਾ ਜੀ ਨੇ ਆਪ ਨੂੰ ਵਿੱਦਿਆ ਪੜ੍ਹਨ ਲਾ ਦਿੱਤਾ। ਆਪ ਨੇ ਬੜੇ ਸ਼ੌਕ ਨਾਲ ਗੁਰਮੁਖੀ, ਉਰਦੂ, ਅੰਗ੍ਰੇਜ਼ੀ, ਹਿੰਦੀ

ਦੀ ਪੜ੍ਹਾਈ ਕੀਤੀ। ਆਪ ਨੂੰ ਸ਼ਾਇਰੀ ਦਾ ਵੀ ਬੜਾ ਸ਼ੌਂਕ ਸੀ। ਆਪ ਨੇ ਭਾਈ ਤਾਰਾ ਸਿੰਘ ਜੀ ਦੀ ਸ਼ਹੀਦੀ ਨੂੰ ਮਨੋਹਰ ਛੰਦਾ-ਬੰਦੀ ਵਿਚ ਰਚਿਆ। ਗੁਰਦੁਆਰਾ ਲਹਿਰ ਵੇਲੇ ਆਪ ਅਕਾਲੀ ਸਜ ਗਏ। ਆਪ ੨੧ ਫਰਵਰੀ ੧੯੨੨ ਦੇ ਦਿਨ ਦਫ਼ਾ ੧੦੭ ਹੇਠ ਗ੍ਰਿਫ਼ਤਾਰ ਹੋ ਹਏ ਪਰ ਆਪ ਜੀ ਦੇ ਖ਼ਿਲਾਫ਼ ਸਬੂਤ ਨਾ ਮਿਲਣ ਦੇ ਕਾਰਨ ਆਪ ਨੂੰ ੨੧ ਮਾਰਚ ੧੯੨੨ ਦੇ ਦਿਨ ਬਰੀ ਕਰ ਦਿੱਤਾ ਗਿਆ ਤੇ ਆਪ ਫਿਰ ਪਹਿਲੀ ਸੇਵਾ ਵਿਚ ਜੁਟ ਗਏ। ਬਬਰ ਅਕਾਲੀ ਦੁਆਬਾ ਵਿਚ ਆਪ ਦੀਆਂ ਕਵਿਤਾਵਾਂ ਛਪਦੀਆਂ ਹੁੰਦੀਆਂ ਸਨ। ਕਵਿਤਾਵਾਂ ਲਿਖਣ ਦੇ ਜੁਰਮ ਵਿਚ ਆਪ ਨੂੰ ੨੨ ਅਪ੍ਰੈਲ ੧੯੨੩ ਦੇ ਦਿਨ ਗ੍ਰਿਫ਼ਤਾਰ ਕਰ ਲਿਆ ਗਿਆ।

**ਭਾਈ ਹਰਬੰਸ ਸਿੰਘ ਜੀ, ਨੰ: ੫੩**

ਆਪ ਭਾਈ ਖੇਮ ਸਿੰਘ ਜੀ (ਪੈਨਸ਼ਨੀ ਹਵਾਲਦਾਰ) ਦੇ ਘਰ ਪਿੰਡ ਸਿਰਹਾ ਖੁਰਦ, ਜ਼ਿਲ੍ਹਾ ਹੁਸ਼ਿਆਰਪੁਰ, ਵਿਖੇ ਪੈਦਾ ਹੋਏ। ਆਪ ਦੇ ਪਿਤਾ ਪੂਰੇ ਗੁਰਸਿੱਖ, ਦੇਸ਼ ਭਗਤ ਅਤੇ ਪ੍ਰਚਾਰਕ ਸਨ। ਉਨ੍ਹਾਂ ਨੇ ਆਪ ਨੂੰ ਬਾਲ ਉਮਰੇ ਹੀ ਪੜ੍ਹਨੇ ਪਾ ਦਿੱਤਾ। ਦਸੰਬਰ ੧੯੨੧ ਵਿਚ ਆਪ ਦੇ ਪਿਤਾ ਜੀ ਪ੍ਰਚਾਰਕ ਦੀ ਹੈਸੀਅਤ ਵਿਚ ਇਕ ਸਾਲ ਕੈਦ ਹੋ ਗਏ ਤੇ ਆਪ ਉਨ੍ਹਾਂ ਦੀ ਥਾਂ ਪੂਰੀ ਕਰਨ ਹਿੱਤ ਪੜ੍ਹਾਈ ਛੱਡ ਕੇ ਸੇਵਾ ਦੇ ਮੈਦਾਨ ਵਿਚ ਆ ਗਏ। ਆਪਣੇ ਪਿਤਾ ਵਾਂਗ ਹੀ ਪ੍ਰਚਾਰ ਦੀ ਸੇਵਾ ਕਰਦੇ ਰਹੇ। ਗੁਰੂ ਕਾ ਬਾਗ਼ ਦੇ ਮੋਰਚੇ ਸਮੇਂ ਮਾਰ ਖਾਣ ਵਾਲੇ ਪਹਿਲੇ ਜਥੇ ਵਿਚ ਸ਼ਾਮਿਲ ਹੋ ਕੇ ਮਾਰ ਖਾਧੀ। ਦੁਬਾਰਾ ੧੫ ਅਕਤੂਬਰ ੧੯੨੨ ਨੂੰ ਆਪ ਗ੍ਰਿਫ਼ਤਾਰ ਹੋਣ ਵਾਲੇ ਜਥੇ ਵਿਚ ਸ਼ਾਮਿਲ ਹੋ ਕੇ ਗੁਰੂ ਕੇ ਬਾਗ਼ ਗਏ। ਆਪ ਨੂੰ ੧ ਸਾਲ ਦੀ ਸਖ਼ਤ ਕੈਦ ਦਿੱਤੀ ਗਈ। ੩੦ ਅਪ੍ਰੈਲ ੧੯੨੩ ਨੂੰ ਰਿਹਾ ਹੋ ਕੇ ਵਾਪਸ ਘਰ ਆਏ ਤੇ ਫਿਰ ਸੇਵਾ ਵਿਚ ਜੁਟ ਗਏ। ਬਬਰ ਅਕਾਲੀ ਜਥੇ ਦੇ ਮੈਂਬਰ ਹੋਣ ਦੇ ਕਾਰਨ ਆਪ ਨੂੰ ਫਿਰ ਸਤੰਬਰ ੧੯੨੩ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

**ਭਾਈ ਭਗਵਾਨ ਸਿੰਘ ਜੀ, ਨੰ: ੫੪**

ਆਪ ਭਾਈ ਦੂਲਾ ਸਿੰਘ ਦੇ ਘਰ ਪਿੰਡ ਫ਼ਤਹਪੁਰ ਕੋਠੀ, ਜ਼ਿਲ੍ਹਾ ਹੁਸ਼ਿਆਰਪੁਰ, ਵਿਚ ਪੈਦਾ ਹੋਏ। ਆਪ ਖੇਤੀਬਾੜੀ ਦਾ ਕੰਮ ਕਰਦੇ ਹੋਏ ਵੰਡ ਛਕਦੇ-ਛਕਾਉਂਦੇ ਰਹੇ। ਆਪ ਚੰਗੇ ਪ੍ਰੇਮੀ ਸਿੱਖ ਸਨ। ਅਕਾਲੀ ਲਹਿਰ ਵੇਲੇ ਆਪ ਅਕਾਲੀ ਸਜ ਗਏ ਤੇ ਦੇਸ਼ ਕੌਮ ਦੀ ਆਜ਼ਾਦੀ ਹਿਤ ਯੋਗ ਸੇਵਾ ਕਰਦੇ ਰਹੇ। ਆਖ਼ਿਰ ਪੁਲਿਸ ਨੇ ਅਸਲਾ ਐਕਟ ਹੇਠ ਗ੍ਰਿਫ਼ਤਾਰ ਕਰ ਕੇ ਇਕ ਮਹੀਨੇ ਦੀ ਕੈਦ ਦਿੱਤੀ। ਇਧਰੋਂ ਰਿਹਾਅ ਹੋ ਕੇ ਆਪ ਨੂੰ ਬਾਹਰਲੀ ਹਵਾ ਨਹੀਂ ਲੈਣ ਦਿੱਤੀ ਤੇ ਬਬਰ ਅਕਾਲੀਆਂ ਤੇ ਦੇਸ਼ ਦੀ ਸੇਵਾ ਦੇ ਜੁਰਮ ਵਿਚ ਜੇਲ੍ਹ ਵਿਚ ਹੀ ਬਬਰ ਅਕਾਲੀ ਸਾਜਿਸ਼ ਕੇਸ ਵਿਚ ਲਪੇਟ ਲਿਆ ਗਿਆ।

**ਭਾਈ ਦਲੇਲ ਸਿੰਘ ਜੀ, ਨੰ: ੫੫**

ਆਪ ਭਾਈ ਦੇਵੀਏ ਦੇ ਘਰ ਪਿੰਡ ਮੰਨਣਹਾਨਾ, ਜ਼ਿਲ੍ਹਾ ਹੁਸ਼ਿਆਰਪੁਰ, ਵਿਖੇ ਜਨਮੇ। ਆਪ ਖੇਤੀਬਾੜੀ ਕਰ ਕੇ ਛਕਦੇ-ਛਕਾਉਂਦੇ ਰਹੇ। ਆਪ ਬਬਰ ਅਕਾਲੀ

ਜਥੇ ਦੀ ਸੇਵਾ ਵੀ ਕਰਦੇ ਰਹੇ। ਇਸ ਸੇਵਾ ਨੂੰ ਅੰਗੇਰਜ਼ੀ ਰਾਜ ਵਿਚ ਗੁਨਾਹ ਸਮਝਿਆ ਜਾਂਦਾ ਸੀ। ਇਸ ਕਰ ਕੇ ਆਪ ਨੂੰ ੨੨ ਅਗਸਤ ੧੯੨੩ ਨੂੰ ਗ੍ਰਿਫ਼ਤਾਰ ਕਰ ਲਿਆ।

***ਭਾਈ ਸਰਦੂਲ ਸਿੰਘ ਜੀ, ਨੰ: ੫੬***

ਆਪ ਨੇ ਸ੍ਰ: ਪ੍ਰਤਾਪ ਸਿੰਘ ਦੇ ਘਰ ਪਿੰਡ ਬੂੜੋਬਾੜੀ, ਜ਼ਿਲ੍ਹਾ ਹੁਸ਼ਿਆਰਪੁਰ, ਵਿਚ ਜਨਮ ਲਿਆ। ਆਪ ਦੇ ਪਿਤਾ ਜੀ ਨੇ ਆਪ ਨੂੰ ਗੁਰਮੁਖੀ ਵਿੱਦਿਆ ਪੜ੍ਹਨ ਲਾਇਆ ਤੇ ਆਪ ਸ਼ੌਕ ਨਾਲ ਵਿੱਦਿਆ ਪ੍ਰਾਪਤ ਕਰਦੇ ਰਹੇ। ਵੱਡੇ ਹੋ ਕੇ ਮਿਲਟਰੀ ਪੁਲਿਸ ਬਰਮਾ ਵਿਚ ਭਰਤੀ ਹੋ ਕੇ ੧੫ ਨੰ: ਰਸਾਲੇ ਵਿਚ ਚਲੇ ਗਏ ਅਤੇ ਫਰਵਰੀ ੧੯੨੨ ਵਿਚ ਨਾ-ਮਿਲਵਰਤਣ ਦੇ ਅਸੂਲ ਅਨੁਸਾਰ ਨੌਕਰੀ ਛੱਡ ਆਏ ਤੇ ਅਕਾਲੀ ਸਜ ਗਏ ਤੇ ਧਰਮ, ਦੇਸ਼ ਤੇ ਕੌਮ ਦੀ ਆਜ਼ਾਦੀ ਹਿਤ ਜੁਟ ਗਏ। ਗੁਰੂ ਕੇ ਬਾਗ਼ ਦੇ ਮੋਰਚੇ ਸਮੇਂ ਅਕਾਲੀਆਂ ਨੂੰ ਗੁਰੂ ਕੇ ਬਾਗ਼ ਭੇਜਣ ਦੀ ਸੇਵਾ ਕਰਦੇ ਰਹੇ। ਦੇਸ਼ ਸੇਵਕਾਂ ਦੀ ਸੇਵਾ ਤਨ, ਮਨ ਦੁਆਰਾ ਕਰਦੇ ਸਨ। ਬਬਰ ਅਕਾਲੀ ਜਥੇ ਦੀ ਸੇਵਾ ਕਰਨ ਦੇ ਜੁਰਮ ਵਿਚ ਆਪ ਨੂੰ ੫ ਜੁਲਾਈ ੧੯੨੩ ਨੂੰ ਕਰਤਾਰ ਸਿੰਹੁ ਦੀ ਬੇਈਮਾਨੀ ਨਾਲ ਗ੍ਰਿਫ਼ਤਾਰ ਕੀਤਾ ਗਿਆ।

***ਭਾਈ ਛੱਜਾ ਸਿੰਘ ਜੀ, ਨੰ: ੫੭***

ਆਪ ਭਾਈ ਈਸ਼ਰ ਸਿੰਘ ਜੀ ਦੇ ਘਰ ਚਾਣਥੂ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਜਨਮੇ। ਵੱਡੇ ਹੋ ਕੇ ੨੫ ਨੰ: ਪਲਟਨ ਵਿਚ ਭਰਤੀ ਹੋ ਗਏ। ੧੯੨੩ ਵਿਚ ਨਾ-ਮਿਲਵਰਤਣ ਦੇ ਅਸੂਲ ਅਨੁਸਾਰ ਨੌਕਰੀ ਛੱਡ ਕੇ ਘਰ ਆ ਗਏ ਤੇ ਬਬਰ ਅਕਾਲੀ ਜਥੇ ਵਿਚ ਸ਼ਾਮਿਲ ਹੋ ਕੇ ਤਨ, ਮਨ ਦੁਆਰਾ ਸੇਵਾ ਕਰਦੇ ਰਹੇ। ੫ ਨਵੰਬਰ ੧੯੨੩ ਨੂੰ ਪੁਲਿਸ ਨੇ ਆਪ ਨੂੰ ਗ੍ਰਿਫ਼ਤਾਰ ਕਰ ਲਿਆ ਪਰ ਉਸੇ ਦਿਨ ਸ਼ਾਮ ਨੂੰ ਆਪ ਪੁਲਿਸ ਦੀ ਹਿਰਾਸਤ ਵਿੱਚੋਂ ਵੰਗਾਰ ਕੇ ਹਰਨ ਹੋ ਗਏ। ਆਪ ੧੨ ਦਸੰਬਰ ੧੯੨੩ ਨੂੰ ਮੁੜ ਗ੍ਰਿਫ਼ਤਾਰ ਕੀਤੇ ਗਏ ਤੇ ਫਿਰ ਬਬਰ ਅਕਾਲੀ ਮੁਕੱਦਮੇ ਵਿਚ ਅੜਾ ਲਏ ਗਏ।

***ਭਾਈ ਬੰਤਾ ਸਿੰਘ, ਨੰ: ੫੮***

ਆਪ ਸ੍ਰ: ਜੈਮਲ ਸਿੰਘ ਜੀ ਦੇ ਘਰ ਪਿੰਡ ਬਹਿਬਲਪੁਰ, ਜ਼ਿਲ੍ਹਾ ਹੁਸ਼ਿਆਰਪੁਰ, ਵਿਖੇ ਪੈਦਾ ਹੋਏ। ਕੁਝ ਚਿਰ ਖੇਤੀਬਾੜੀ ਦਾ ਕੰਮ ਕਰਦੇ ਰਹੇ ਅਤੇ ਵੱਡੇ ਹੋ ਕੇ ਪਲਟਨ ਨੰ: ੨੨ ਵਿਚ ਭਰਤੀ ਹੋ ਗਏ। ੧੯੨੦ ਵਿਚ ਨਾ-ਮਿਲਵਰਤਣ ਦੇ ਅਸੂਲ ਅਨੁਸਾਰ ਨੌਕਰੀ ਛੱਡ ਆਏ ਤੇ ਆ ਕੇ ਅਕਾਲੀ ਸਜ ਗਏ। ਗੁਰਦੁਆਰਾ ਹੋਠੀਆਂ (ਜ਼ਿਲ੍ਹਾ ਗੁਰਦਾਸਪੁਰ) ਦੇ ਸੁਧਾਰ ਵੇਲੇ ਭਾਈ ਕਰਮ ਸਿੰਘ ਜੀ ਦੇ ਜਥੇ ਵਿਚ ਸ਼ਾਮਿਲ ਹੋ ਗਏ। ੧੨ ਜਨਵਰੀ ੧੯੨੨ ਨੂੰ ਅਨੰਦਪੁਰ ਸਾਹਿਬ ਭੀ ਗਏ। ੧੬ ਸਤੰਬਰ ੧੯੨੨ ਨੂੰ ਗੁਰੂ ਕੇ ਬਾਗ਼ ਦੇ ਮੋਰਚੇ ਵਿਚ ਗ੍ਰਿਫ਼ਤਾਰ ਹੋ ਗਏ ਅਤੇ ਪੌਣੇ ਚਾਰ ਮਹੀਨੇ ਦੀ ਸਜ਼ਾ ਹੋਈ। ਆਪ ਸਜ਼ਾ ਨੂੰ ਖੁਸ਼ੀ ਨਾਲ ਭੁਗਤ ਕੇ ਮੁੜ ਦੇਸ਼ ਤੇ ਕੌਮ ਦੀ ਸੇਵਾ ਵਿਚ ਲੱਗ ਗਏ। ਨੌਕਰਸ਼ਾਹੀ ਨੂੰ ਇਹ ਗੱਲ ਨਾ ਭਾਈ,

ਜਿਸ ਕਰ ਕੇ ੧੯ ਸਤੰਬਰ ੧੯੨੨ ਨੂੰ ਆਪ ਨੂੰ ਬਬਰ ਅਕਾਲੀ ਸਾਜਿਸ਼ ਵਿਚ ਫ਼ਸਾਉਣ ਲਈ ਗ੍ਰਿਫ਼ਤਾਰ ਕਰ ਲਿਆ।

***ਭਾਈ ਹਰੀ ਸਿੰਘ ਜੀ, ਨੰ: ੫੯***

ਆਪ ਸ੍ਰ: ਸੁਰਜਨ ਸਿੰਘ ਜੀ ਦੇ ਘਰ ਪਿੰਡ ਜੱਸੋਵਾਲ, ਜ਼ਿਲ੍ਹਾ ਹੁਸ਼ਿਆਰਪੁਰ, ਵਿਚ ਜਨਮੇ ਸਨ। ਕੁਝ ਸਾਲ ਖੇਤੀਬਾੜੀ ਦਾ ਕੰਮ ਕਰਦੇ ਰਹੇ ਅਤੇ ਵੱਡੇ ਹੋ ਕੇ ੧੨ ਨੰ: ਪਲਟਨ ਵਿਚ ਭਰਤੀ ਹੋ ਗਏ। ਨਾ-ਮਿਲਵਰਤਣ ਦੇ ਅਸੂਲ ਅਨੁਸਾਰ ੧੯੨੦ ਵਿਚ ਨੌਕਰੀ ਛੱਡ ਆਏ ਤੇ ਸਿਵਲ ਨਾ-ਫ਼ੁਰਮਾਨੀ ਸ਼ੁਰੂ ਹੁੰਦਿਆਂ ਮੈਦਾਨ ਵਿਚ ਆ ਗਏ। ਪੰਥ ਦੀ ਸੇਵਾ ਕਰਦੇ ੧੨ ਜਨਵਰੀ ਨੂੰ ਅਨੰਦਪੁਰ ਸਾਹਿਬ ਗੁਰਦੁਆਰਾ ਸੁਧਾਰ ਹਿਤ ਪੁੱਜੇ। ਬਬਰ ਅਕਾਲੀਆਂ ਦੀ ਸੇਵਾ ਕਰਨ ਦੇ ਜੁਰਮ ਵਿਚ ਆਪ ਨੂੰ ਅਪ੍ਰੈਲ ੧੯੨੩ ਨੂੰ ਗ੍ਰਿਫ਼ਤਾਰ ਕੀਤਾ ਗਿਆ।

***ਭਾਈ ਕਰਮ ਸਿੰਘ, ਨੰ: ੬੦***

ਆਪ ਨੇ ਸ੍ਰ: ਭੁਲਾ ਸਿੰਘ ਜੀ ਦੇ ਧਾਮ ਜੱਸੋਵਾਲ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਜਨਮ ਲਿਆ। ਆਪ ਧਰਮ ਦੀ ਕਿਰਤ ਕਰ ਕੇ ਵੰਡ ਛਕਦੇ ਰਹੇ। ਕਾਂਗਰਸੀ ਜਲਸਿਆਂ ਵਿਚ ਪਹੁੰਚ ਕੇ ਵੀ ਸੇਵਾ ਕਰਦੇ ਰਹੇ। ੧੨ ਜਨਵਰੀ ੧੯੨੨ ਨੂੰ ਗੁਰਦੁਆਰਾ ਅਨੰਦਪੁਰ ਦੇ ਸੁਧਾਰ ਹਿੱਤ ਪੁੱਜੇ ਤੇ ਕਬਜ਼ਾ ਕੀਤਾ। ੨੨ ਅਪ੍ਰੈਲ ੧੯੨੩ ਨੂੰ ਬਬਰ ਅਕਾਲੀਆਂ ਦੀ ਸੇਵਾ ਦੇ ਜੁਰਮ ਵਿਚ ਪੁਲਿਸ ਨੇ ਗ੍ਰਿਫ਼ਤਾਰ ਕਰ ਲਏ।

***ਭਾਈ ਲਾਭ ਸਿੰਘ ਜੀ ਕਵੀਸ਼ਰ, ਨੰ: ੬੧***

ਆਪ ਨੇ ਭਾਈ ਸੂਬਾ ਸਿੰਘ ਜੀ ਦੇ ਘਰ ਪਿੰਡ ਜੱਸੋਵਾਲ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਜਨਮ ਲਿਆ। ਵੱਡੇ ਹੋ ਕੇ ਆਪ ਸੰਨ ੧੯੧੪ ਵਿਚ ਅਮਰੀਕਾ ਚਲੇ ਗਏ ਤੇ ਅਮਰੀਕਾ ਬੰਦ ਹੋ ਜਾਣ ਦੇ ਕਾਰਨ ਵਾਪਿਸ ਆਉਂਦੇ ਹੋਏ ਰੰਗੂਨ ਵਿਚ ਟਿਕ ਗਏ। ੧੦ ਅਪ੍ਰੈਲ ੧੯੨੧ ਨੂੰ ਨਾਮ ਕਟਾ ਕੇ ਵਾਪਿਸ ਪਿੰਡ ਆਏ। ਆਪ ਜੀ ਨੂੰ ਯੋਗ ਸਮਝ ਕੇ ਪਿੰਡ ਦੇ ਅਕਾਲੀ ਜਥੇ ਨੇ ਆਪ ਨੂੰ ਜਥੇਦਾਰ ਨੀਯਤ ਕਰ ਦਿੱਤਾ। ਦੇਸ਼, ਕੌਮ ਦੇ ਨਾਲ ਪੂਰਨ ਮੁਹੱਬਤ ਰਖਦੇ ਸਨ। ਗੁਰੂ ਕੇ ਬਾਗ਼ ਦੇ ਮੋਰਚੇ ਸਮੇਂ ਕਵਿਤਾ ਦੁਆਰਾ ਪ੍ਰਚਾਰ ਕਰ ਕੇ ਸਿੰਘਾਂ ਦੇ ਜਥੇ ਭੇਜਦੇ ਰਹੇ। ਆਪ ਕਵਿਤਾ (ਪੰਜਾਬੀ ਸ਼ਾਇਰੀ) ਦੇ ਡਾਢੇ ਧਨੀ ਸਨ। ਖੜਗਧਾਰੀ ਹੁਲਾਸ, ਜਿਸ ਵਿਚ ਗੁਰੂ ਹਰਿਗੋਬਿੰਦ ਜੀ ਦਾ ਜੀਵਨ ਹੈ, ਆਪ ਜੀ ਦੀ ਰਚਨਾ ਹੈ। ਦੇਸ਼ ਭਗਤਾਂ ਨਾਲ ਪੂਰਨ ਪ੍ਰੇਮ ਹੋਣ ਦੇ ਕਾਰਨ ਤਨੋਂ, ਮਨੋਂ, ਸੇਵਾ ਕਰਦੇ ਸਨ, ਜਿਸ ਕਰ ਕੇ ਆਪ ਨੂੰ ੨੨ ਅਪ੍ਰੈਲ ੧੯੨੩ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

***ਭਾਈ ਹਰਬਖ਼ਸ਼ ਸਿੰਘ ਜੀ, ਨੰ: ੬੨***

ਆਪ ਇਕ ਵੱਡੇ ਬਹਾਦਰ ਸਿੰਘ ਸਨ। ਆਪ ਬਾਰੇ ਮੈਂ ਪਿੱਛੇ ਲਿਖ ਆਇਆ ਹਾਂ। ਨੰਗਲ ਸ਼ਾਮਾਂ ਦੇ ਬੂਟੇ ਦੇ ਕਤਲ ਸਮੇਂ ਬਬਰ ਅਕਾਲੀ ਜਥੇ ਵਿਚ ਸ਼ਾਮਿਲ ਹੋ ਕੇ ਕਤਲ ਦੁਆਰਾ ਸੁਧਾਰ ਕੀਤਾ। ਇਸ ਜੁਰਮ ਵਿਚ ਆਪ ਗ੍ਰਿਫ਼ਤਾਰ ਕੀਤੇ ਗਏ ਸਨ।

### *ਭਾਈ ਹਰਦਿੱਤ ਸਿੰਘ ਜੀ, ਨੰ: ੬੩*

ਆਪ ਸ੍ਰ: ਮੁਨਸਾ ਜੀ ਦੇ ਘਰ ਪਿੰਡ ਜੱਸੋਵਾਲ, ਜ਼ਿਲ੍ਹਾ ਹੁਸ਼ਿਆਰਪੁਰ, ਵਿਚ ਪੈਦਾ ਹੋਏ। ਧਰਮ ਕਿਰਤ ਕਰ ਕੇ ਛਕਦੇ-ਛਕਾਉਂਦੇ ਰਹੇ। ਜਲ੍ਹਿਆਂ ਵਾਲੇ ਬਾਗ਼ ਦੇ ਸਾਕੇ ਸਮੇਂ ਅੰਗ੍ਰੇਜ਼ੀ ਸਰਕਾਰ ਨਾਲ ਆਪ ਜੀ ਨੂੰ ਨਫ਼ਰਤ ਹੋ ਗਈ। ਦੇਸ਼ ਸੇਵਾ ਦੇ ਨਾਲ ਆਪ ਦੀ ਪੂਰੀ ਮੁਹੱਬਤ ਸੀ। ੧੨ ਜਨਵਰੀ ੧੯੨੨ ਨੂੰ ਨਿਰਵੈਰ ਸੇਵਕ ਸ਼ਹੀਦਾਂ ਦੇ ਜਥੇ ਵਿਚ ਆਪ ਸ਼ਾਮਿਲ ਹੋ ਕੇ ਅਨੰਦਪੁਰ ਸਾਹਿਬ ਕਬਜ਼ੇ ਹਿਤ ਗਏ। ਆਪ ਬਬਰ ਅਕਾਲੀ ਦੇਸ਼ ਸੇਵਕਾਂ ਦੀ ਤਨ, ਮਨ ਦੁਆਰਾ ਸੇਵਾ ਕਰਦੇ ਹੋਏ ੨੨ ਅਪ੍ਰੈਲ ੧੯੨੩ ਨੂੰ ਗ੍ਰਿਫ਼ਤਾਰ ਕੀਤੇ ਗਏ।

### *ਬਾਬਾ ਚਰਨ ਸਿੰਘ ਜੀ, ਨੰ: ੬੪*

ਆਪ ਨੇ ਭਾਈ ਖੁਸ਼ਹਾਲ ਸਿੰਘ ਜੀ ਦੇ ਘਰ ਪਿੰਡ ਜੱਸੋਵਾਲ ਵਿਖੇ ਜਨਮ ਲਿਆ। ਆਪ ਇਕ ਸਿੱਧੇ ਸਾਦੇ ਸਾਧੂ ਸੁਭਾ ਹਨ। ਬਾਲ ਉਮਰੇ ਹੀ ਆਪ ਸਭ ਕੁਝ ਛੱਡ ਕੇ ਭਜਨ ਕਰਨ ਲੱਗ ਪਏ। ਆਪ ਨੇ ਪਿੰਡੋਂ ਬਾਹਰ ਕੁਟੀਆ ਪਾਈ ਹੋਈ ਸੀ। ਆਏ ਗਏ ਦੀ ਸੇਵਾ ਕੀਤਾ ਕਰਦੇ ਸਨ। ਬਬਰ ਅਕਾਲੀਆਂ ਦੀ ਸੇਵਾ ਕਰਨਾ ਵੀ ਆਪ ਆਪਣਾ ਇਕ ਖ਼ਾਸ ਫ਼ਰਜ਼ ਸਮਝਦੇ ਸਨ। ਬਬਰ ਅਕਾਲੀ ਆਪ ਪਾਸ ਆਉਂਦੇ ਜਾਂਦੇ ਰਹਿੰਦੇ ਸਨ। ਇਸੇ ਸ਼ੱਕ ਵਿਚ ਆਪ ਜੀ ਗ੍ਰਿਫ਼ਤਾਰ ਕੀਤੇ ਗਏ।

### *ਭਾਈ ਨਰੈਣ ਸਿੰਘ ਜੀ, ਨੰ: ੬੫*

ਆਪ ਨੇ ਸ੍ਰ: ਦਸੋਂਧਾ ਜੀ ਦੇ ਘਰ ਚਾਟੀਵਿੰਡ ਪਿੰਡ, ਜ਼ਿਲ੍ਹਾ ਅੰਮ੍ਰਿਤਸਰ, ਵਿਖੇ ਜਨਮ ਲਿਆ। ਪਹਿਲੇ ਕੁਝ ਅਰਸਾ ਖੇਤੀਬਾੜੀ ਕਰਦੇ ਹੋਏ ਤੇ ਗੁਰਮੁਖੀ ਵਿੱਦਿਆ ਸਿਖਦੇ ਰਹੇ। ਵੱਡੇ ਹੋ ਕੇ ੩੫ ਨੰ: ਸਿੱਖ ਪਲਟਨ ਵਿਚ ਭਰਤੀ ਹੋ ਗਏ। ਪਲਟਨ ਵਿਚ ਭਾਈ ਕਿਸ਼ਨ ਸਿੰਘ ਜੀ ਦੇ ਪ੍ਰਚਾਰ ਤੇ ਸਤਿਸੰਗ ਕਰ ਕੇ ਦੇਸ਼ ਭਗਤੀ ਦੀ ਰੰਗਣ ਚੜ੍ਹ ਗਈ। ਆਪ ਸਿੱਖੀ ਅਸੂਲਾਂ ਦੇ ਪੱਕੇ ਧਾਰਨੀ ਤੇ ਪਾਬੰਦ ਸਨ। ੬ ਜੂਨ ੧੯੨੧ ਨੂੰ ਪਲਟਨ ਵਿੱਚੋਂ ੧੯੨੧ ਦੀ ਸਾਜਿਸ਼ ਵਿਚ ਗ੍ਰਿਫ਼ਤਾਰ ਕੀਤੇ ਗਏ ਤੇ ਸਬੂਤ ਨਾ ਮਿਲਣ ਦੇ ਕਾਰਨ ੧੯ ਮਈ ੧੯੨੨ ਨੂੰ ਬਰੀ ਕੀਤੇ ਗਏ ਪਰ ਇਸ ਮੁਕੱਦਮੇ ਵਿਚ ਆਪ ਜੀ ਦੇ ਪਿਤਾ ਜੀ ਨੂੰ ਇਕ ਸਾਲ ਕੈਦ ਕੀਤੀ ਗਈ ਪਰ ਉਹ ਅਪੀਲ ਵਿਚ ਬਰੀ ਹੋ ਗਏ। ਆਪ ਪਿੰਡ ਦੇ ਅਕਾਲੀ ਜਥੇ ਦੇ ਜਥੇਦਾਰ ਸਨ। ਦੇਸ਼ ਤੇ ਕੌਮ ਨਾਲ ਪ੍ਰੇਮ ਰਖਦੇ ਸਨ। ਆਪ ਬਬਰ ਅਕਾਲੀਆਂ ਦੀ ਸੇਵਾ ਕਰਦੇ ਹੋਏ ੧੬ ਅਕਤੂਬਰ ੧੯੨੩ ਨੂੰ ਗ੍ਰਿਫ਼ਤਾਰ ਕੀਤੇ ਗਏ।

### *ਭਾਈ ਗੰਗਾ ਸਿੰਘ ਜੀ ਨੈਕ, ਨੰ: ੬੬*

ਆਪ ਪਿੰਡ ਲੀਲ ਕਲਾਂ, ਜ਼ਿਲ੍ਹਾ ਗੁਰਦਾਸਪੁਰ, ਦੇ ਵਸਨੀਕ ਸ੍ਰ: ਹੀਰਾ ਸਿੰਘ ਜੀ ਦੇ ਘਰ ਜਨਮੇ। ਗੁਰਮੁਖੀ ਵਿੱਦਿਆ ਪ੍ਰਾਪਤ ਕਰ ਕੇ ਆਪ ੫੨ ਨੰ: ਪਲਟਨ ਵਿਚ ਭਰਤੀ ਹੋ ਗਏ। ਪਲਟਨ ਵਿਚ ਰਹਿੰਦੇ ਹੋਏ ਦੇਸ਼ ਸੇਵਕ ਬਬਰ ਅਕਾਲੀਆਂ ਦੀ ਸੇਵਾ ਕਰਦੇ ਰਹੇ। ਬਬਰ ਅਕਾਲੀਆਂ ਨਾਲ ਪਿਆਰ ਹੋਣ ਤੇ ਕਾਰਤੂਸ ਦੇਣ

ਦੇ ਜੁਰਮ ਵਿਚ ਆਪ ਜੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

**ਭਾਈ ਪ੍ਰਤਾਪ ਸਿੰਘ ਜੀ ਗੁੰਥੀ, ਨੰ : ੬੭**

ਆਪ ਸ੍ਰ: ਲਾਲ ਸਿੰਘ ਜੀ ਦੇ ਘਰ ਪਿੰਡ ਛਬੀਲਪੁਰ, ਜ਼ਿਲ੍ਹਾ ਸਿਆਲਕੋਟ, ਵਿਖੇ ਪੈਦਾ ਹੋਏ। ਆਪ ਜੀ ਦੇ ਪਿਤਾ ਨੇ ਆਪ ਜੀ ਨੂੰ ਵੱਡੇ ਪ੍ਰੇਮ ਨਾਲ ਗੁਰਮੁਖੀ ਵਿੱਦਿਆ ਪੜ੍ਹਾਈ। ਆਪ ੫੨ ਨੰ: ਪਲਟਨ ਵਿਚ ਭਰਤੀ ਹੋ ਗਏ ਤੇ ਬਬਰ ਅਕਾਲੀ ਦੇਸ਼ ਸੇਵਕਾਂ ਦੀ ਤਨ, ਮਨ ਤੇ ਹਥਿਆਰ ਵਗੈਰਾ ਦੀ ਸੇਵਾ ਦਿਲੋਂ ਕਰਦੇ ਰਹੇ। ਇਸ ਕਰ ਕੇ ਆਪ ਜੀ ਨੂੰ ਉਕਤ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਗਿਆ।

**ਭਾਈ ਮਾਨ ਸਿੰਘ ਜੀ ਨੰ: ੬੮**

ਆਪ ਭਾਈ ਹੀਰਾ ਸਿੰਘ ਜੀ ਦੇ ਘਰ ਜ਼ਿਲ੍ਹਾ ਗੁਜਰਾਂਵਾਲਾ ਦੇ ਪਿੰਡ ਗੋਬਿੰਦਪੁਰ ਵਿਚ ਪੈਦਾ ਹੋਏ। ਪਹਿਲੋਂ ਕੁਝ ਸਾਲ ਖੇਤੀਬਾੜੀ ਦਾ ਕੰਮ ਕਰਦੇ ਰਹੇ ਅਤੇ ਵੱਡੇ ਹੋ ਕੇ ਪਲਟਨ ਨੰ: ੫੨ ਵਿਚ ਭਰਤੀ ਹੋ ਗਏ। ਗੁਰਬਾਣੀ ਦੇ ਚੰਗੇ ਪ੍ਰੇਮੀ ਸਨ। ਨਾਨਕਾਣੇ ਦੇ ਸਾਕੇ ਸਮੇਂ ਆਪ ਪਲਟਨ ਵਿਚ ਹੀ ਬਬਰ ਅਕਾਲੀ ਸਜ ਗਏ ਤੇ ਨਾ-ਮਿਲਵਰਤਣ ਦੇ ਅਸੂਲ ਨੌਕਰੀ ਛੱਡ ਗਏ। ਆਪ ਪਿੰਡ ਦੇ ਅਕਾਲੀ ਜਥੇ ਦੇ ਜਥੇਦਾਰ ਨੀਯਤ ਕਰ ਦਿੱਤੇ ਗਏ। ਆਪ ਦੇਸ਼ ਨਾਲ ਪੂਰਨ ਪ੍ਰੇਮ ਰਖਦੇ ਸਨ। ਬਬਰ ਅਕਾਲੀਆਂ ਨੂੰ ਅਸਲਾ, ਹਥਿਆਰ ਵਗੈਰਾ ਦੇਣ ਦੇ ਜੁਰਮ ਵਿਚ ਪੁਲਿਸ ਨੇ ਆਪ ਨੂੰ ਗ੍ਰਿਫ਼ਤਾਰ ਕਰ ਲਿਆ।

**ਬੇਅੰਤ ਸਿੰਘ ਜੀ ਜ਼ੈਲਦਾਰ, ਨੰ: ੬੯**

ਆਪ ਸ੍ਰ: ਚੰਦਾ ਸਿੰਘ ਜੀ ਦੇ ਘਰ ਪਿੰਡ ਨੰਗਲ ਕਲਾਂ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਪੈਦਾ ਹੋਏ। ਆਪ ਦੇ ਪਿਤਾ ਨੇ ਆਪ ਨੂੰ ਪੜ੍ਹਨ ਲਾ ਦਿੱਤਾ। ਆਪ ਨੇ ਦਸਵੀਂ ਤਕ ਤਾਲੀਮ ਹਾਸਿਲ ਕੀਤੀ। ਫਿਰ ਆਪ ੨-੨੪ ਪੰਜਾਬੀ ਪਲਟਨ ਵਿਚ ਭਰਤੀ ਹੋ ਗਏ ਪਰ ਥੋੜ੍ਹੀ ਦੇਰ ਬਾਅਦ ਆਪਣੀ ਖੁਸ਼ੀ ਨਾਲ ਨੌਕਰੀ ਛੱਡ ਆਏ ਤੇ ਪਿਤਾ ਦੇ ਥਾਂ ਜ਼ੈਲਦਾਰ ਹੋ ਗਏ। ਆਪ ਤਾਲੀਮਯਾਫ਼ਤਾ ਸਨ, ਇਸ ਲਈ ਆਪਣੀ ਜ਼ਮੀਰ ਦਾ ਘਾਤ ਕਰ ਕੇ ਦੇਸ਼ ਤੇ ਪੰਥ ਸੇਵਕਾਂ ਖ਼ਿਲਾਫ਼ ਦੂਜੇ ਝੋਲੀ-ਚੁੱਕ ਜ਼ੈਲਦਾਰਾਂ ਵਾਂਗ ਡਾਇਰੀਆਂ ਤੇ ਗਵਾਹੀਆਂ ਦੇਣ ਵਾਸਤੇ ਤਿਆਰ ਨਾ ਹੋਏ। ਬਲਕਿ ਕਾਰਤੂਸ ਭਰਨ ਵਾਲੀ ਮਸ਼ੀਨ ਦਿੱਤੀ। ਆਪ ਇਸ ਜੁਰਮ ਵਿਚ ਗ੍ਰਿਫ਼ਤਾਰ ਕੀਤੇ ਗਏ।

**ਭਾਈ ਊਧਮ ਸਿੰਘ ਜੀ, ਨੰ: ੭੦**

ਆਪ ਸ੍ਰ: ਗੁਰਦਿਤ ਸਿੰਘ ਜੀ ਦੇ ਘਰ ਪਿੰਡ ਜੰਡੂ ਸਿੰਘਾਂ, ਜ਼ਿਲ੍ਹਾ ਜਲੰਧਰ ਵਿਚ ਪੈਦਾ ਹੋਏ। ਆਪ ਜੀ ਦੇ ਪਿਤਾ ਜੀ ਨੇ ਛੋਟੀ ਉਮਰੇ ਹੀ ਪੜ੍ਹਨੇ ਪਾ ਦਿੱਤੇ ਤੇ ਆਪ ਨੇ ਐਂਟਰੈਂਸ ਤਕ ਤਾਲੀਮ ਹਾਸਿਲ ਕੀਤੀ। ਇਸ ਦੇ ਪਿੱਛੋਂ ੯ ਮਈ ੧੯੧੯ ਨੂੰ ਆਪ ਪਲਟਨ ਨੰ: ੨੨ ਵਿਚ ਕਲਰਕ ਬਣ ਕੇ ਨੌਕਰ ਹੋ ਗਏ। ਆਪ ਲਿਆਕਤ ਨਾਲ ਪਲਟਨ ਦੇ ਹੈੱਡ ਕਲਰਕ ਹੋ ਗਏ। ਨਾਨਕਾਣਾ ਸਾਹਿਬ ਦਾ ਸਾਕਾ ਤੇ ਸਿਵਲ ਨਾ-ਫ਼ੁਰਮਾਨੀ ਸ਼ੁਰੂ ਹੋਣ ਸਮੇਂ ਆਪ ਨੌਕਰੀ ਛੱਡਣ ਨੂੰ ਤਿਆਰ

ਹੋ ਗਏ। ਅਫ਼ਸਰਾਂ ਵੱਲੋਂ ਆਪ ਨੂੰ ਕਿਹਾ ਗਿਆ ਕਿ ਆਪ ਦੀ ਤਰੱਕੀ ਵਾਸਤੇ ਕਾਗਜ਼ ਗਿਆ ਹੋਇਆ ਹੈ, ਨੌਕਰੀ ਨਾ ਛੱਡੋ। ਪਰ ਆਪ ਜੀ ਦਾ ਦਿਲ ਜ਼ਖ਼ਮੀ ਹੋ ਚੁੱਕਾ ਸੀ। ਆਪ ਫ਼ੌਜ ਦੀ ਸਰਦਾਰੀ ਨਾਲੋਂ ਦੇਸ਼ ਦੀ ਸੇਵਾ ਨੂੰ ਬੇਹਤਰ ਸਮਝਦੇ ਸਨ। ਆਖ਼ਿਰ ਸਮੇਂ ਦੀ ਨਬਜ਼ ਪਛਾਣ ਕੇ ਨੌਕਰੀ ਨੂੰ ਤਿਲਾਂਜਲੀ ਦੇ ਕੇ ਸਰਦਾਰੀ ਨੂੰ ਲਤ ਮਾਰਦੇ ਹੋਏ, ੨੫ ਮਾਰਚ ੧੯੨੧ ਨੂੰ ਨਾਮ ਕਟਾ ਆਏ। ਆਪ ਜ਼ਿਲ੍ਹਾ ਜਲੰਧਰ ਦੇ ਅਕਾਲੀ ਦਲ ਦੇ ਵੱਡੇ ਸਕੱਤਰ ਨੀਯਤ ਕੀਤੇ ਗਏ। ਗੁਰੂ ਕੇ ਬਾਗ਼ ਦੇ ਮੋਰਚੇ ਸਮੇਂ ਪਿੰਡਾਂ ਵਿੱਚੋਂ ਸਿੰਘਾਂ ਨੂੰ ਮੋਰਚੇ ਵਿਚ ਭੇਜਦੇ ਰਹੇ। ੧੧ ਫਰਵਰੀ ੧੯੨੩ ਨੂੰ ਆਪ ਦੁਆਬਾ ਹਾਈ ਸਕੂਲ ਦੀ ਮੈਨੇਜਿੰਗ ਕਮੇਟੀ ਦੇ ਸੈਕਟਰੀ ਚੁਣੇ ਗਏ। ਉਕਤ ਦੋਹਾਂ ਸੇਵਾਵਾਂ ਨੂੰ ਚੰਗੀ ਤਰ੍ਹਾਂ ਨਿਭਾਉਂਦੇ ਰਹੇ। ਪਰ ਆਪ ਦੇਸ਼ ਕੌਮ ਦੀ ਸੇਵਾ ਕਰਦੇ ਹੋਏ, ਨੌਕਰਸ਼ਾਹੀ ਦੀ ਅੱਖ ਵਿਚ ਕੰਡੇ ਵਾਂਗ ਰੜਕਣ ਲੱਗ ਪਏ। ਇਸ ਕਰ ਕੇ ਪੁਲਿਸ ਨੇ ੨੧ ਸਤੰਬਰ ੧੯੨੩ ਨੂੰ ਬਬਰ ਅਕਾਲੀਆਂ ਨੂੰ ਪਨਾਹ ਦੇਣ ਤੇ ਇਕ ਪਿਸਤੌਲ ਦੇਣ ਦੇ ਜੁਰਮ ਵਿਚ ਗ੍ਰਿਫ਼ਤਾਰ ਕਰ ਲਿਆ।

***ਭਾਈ ਸੁੰਦਰ ਸਿੰਘ ਜੀ, ਨੰ: ੭੧***

ਆਪ ਭਾਈ ਦੇਵਾ ਸਿੰਘ ਜੀ ਦੇ ਘਰ ਪਿੰਡ ਕੋਲੇਵਾਲ, ਜ਼ਿਲ੍ਹਾ ਹੁਸ਼ਿਆਰਪੁਰ, ਵਿਚ ਪੈਦਾ ਹੋਏ। ਆਪ ਖੇਤੀਬਾੜੀ ਦਾ ਕੰਮ ਕਰ ਕੇ ਧਰਮ ਕਿਰਤ ਵਿੱਚੋਂ ਵੰਡ ਛਕਦੇ ਰਹੇ। ਆਪ ਗੁਰਬਾਣੀ ਤੇ ਸਿੱਖੀ ਅਸੂਲਾਂ 'ਤੇ ਪੂਰਾ ਅਮਲ ਕਰਦੇ ਸਨ। ਦੇਸ਼ ਕੌਮ ਦੀ ਸੇਵਾ ਉਤੋਂ ਵਿਕੇ ਹੋਏ ਸਨ। ਬਬਰ ਅਕਾਲੀਆਂ ਦੀ ਸਭ ਤੋਂ ਵੱਧ ਕੇ ਸੇਵਾ ਕਰਦੇ ਰਹੇ। ਪਰਉਪਕਾਰੀ ਤੇ ਧਰਮ ਹਿਤੂ ਹੋਣ ਕਰ ਕੇ ਬਬਰ ਅਕਾਲੀ ਲਹਿਰ ਤੋਂ ਪਹਿਲੇ ਹੀ ਅਕਾਲੀ ਸਨ, ਕਿਉਂਕਿ ਆਪ ਜੀ ਦੇ ਖ਼ਾਨਦਾਨੀ ਬਜ਼ੁਰਗ ਸਿੱਖ ਰਾਜ ਦੇ ਸਮੇਂ ਤੋਂ ਲੈ ਕੇ ਹੀ ਅਕਾਲੀ ਸਨ। ਇਸ ਬਜ਼ੁਰਗ ਨੂੰ ਦੇਸ਼ ਸੇਵਾ ਦੇ ਜੁਰਮ ਵਿਚ ੮੦ ਸਾਲ ਦੀ ਉਮਰ ਵਿਚ ਗ੍ਰਿਫ਼ਤਾਰ ਕੀਤਾ ਗਿਆ।

***ਭਾਈ ਊਧਮ ਸਿੰਘ ਜੀ ਵਲਦ ਵਸਾਖੀ ਨੰ: ੭੨***

***ਭਾਈ ਬਾਬਾ ਸਿੰਘ ਜੀ ਵਲਦ ਭੁਲਾ ਨੰ: ੭੩***

ਇਹ ਦੋਵੇਂ ਸੱਜਣ ਪਿੰਡ ਕੌਲਪੁਰ, ਜ਼ਿਲ੍ਹਾ ਹੁਸ਼ਿਆਰਪੁਰ, ਦੇ ਵਸਨੀਕ ਸਨ। ਦੇਸ਼ ਸੇਵਾ ਦੇ ਜੁਰਮ ਵਿਚ ਆਪ ਗ੍ਰਿਫ਼ਤਾਰ ਕੀਤੇ ਗਏ ਸਨ।

***ਭਾਈ ਧਰਮ ਸਿੰਘ ਜੀ, ਨੰ: ੭੪***

ਆਪ ਸ: ਸੋਭਾ ਸਿੰਘ ਜੀ ਦੇ ਘਰ ਪਿੰਡ ਹਿਆਤਪੁਰ ਰੁੜਕੀ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਪੈਦਾ ਹੋਏ। ਆਪ ਜੀ ਦੇ ਪਿਤਾ ਜੀ ਨੇ ਆਪ ਨੂੰ ਗੁਰਮੁਖੀ ਵਿੱਦਿਆ ਪੜ੍ਹਨੇ ਲਾ ਦਿੱਤਾ। ਚੰਗੀ ਵਿੱਦਿਆ ਹਾਸਿਲ ਕਰਨ ਤੋਂ ਬਾਅਦ ੧੯੦੬ ਵਿਚ ੩੨ ਨੰ: ਰਸਾਲੇ ਵਿਚ ਭਰਤੀ ਹੋ ਗਏ। ਆਪ ਜੀ ਦੇ ਦਾਦੇ ਸ: ਹਰੀ ਸਿੰਘ ਜੀ, ਸਰਦਾਰ ਹਮੀਰ ਸਿੰਘ ਜੀ ਤੇ ਸ: ਦੂਲਾ ਸਿੰਘ ਜੀ ਸ਼ੇਰੇ ਪੰਜਾਬ ਮਹਾਰਾਜਾ ਦੀ ਪਲਟਨ ਵਿਚ ਇਕ ਮੰਨੇ ਹੋਏ ਸਰਦਾਰ ਸਨ। ਜਥੇਦਾਰ ਸ: ਦੂਲਾ ਸਿੰਘ ਜੀ ਦੀ ਜੰਗ ਵਿਚ ਖੱਬੀ ਬਾਂਹ ਵੱਢੀ ਹੋਈ ਸੀ। ਰੌਲਟ ਐਕਟ ਤੇ ਜਲ੍ਹਿਆਂ ਵਾਲੇ

ਬਾਗ਼ ਦੇ ਸਾਕੇ ਤੋਂ ਬਾਅਦ ਆਪ ਸਿਵਲ ਨਾ-ਫ਼ੁਰਮਾਨੀ ਸ਼ੁਰੂ ਹੋਣ ਸਮੇਂ ਆਪ ਦਫ਼ੇਦਾਰੀ ਨੂੰ ਲਤ ਮਾਰਦੇ ਹੋਏ ਨਾ-ਮਿਲਵਰਤਣ ਦੇ ਅਸੂਲ ਅਨੁਸਾਰ ਪੈਨਸ਼ਨ ਲੈ ਕੇ ਨੌਕਰੀ ਛੱਡ ਆਏ। ਗੁਰਬਾਣੀ ਤੇ ਸਿੱਖੀ ਅਸੂਲਾਂ ਦੇ ਪੱਕੇ ਧਾਰਨੀ ਸਨ। ਸ਼ੁਰੂ ਤੋਂ ਹੀ ਆਪ ਪੋਲੀਟੀਕਲ ਖ਼ਿਆਲਾਂ ਦੇ ਸਨ। ਆਉਂਦਿਆਂ ਹੀ ਦੇਸ਼ ਦੀ ਸੇਵਾ ਹਿਤ ਕਮਰਕਸ ਲਈ ਤੇ ਪਿੰਡ ਦੇ ਜਥੇਦਾਰ ਥਾਪੇ ਗਏ (ਇਸ ਦੇ ਪਿਤਾ ਜੀ ਸੁਰਗਵਾਸ ਹੋਣ ਤੋਂ ਪਹਿਲਾਂ ਜਥੇਦਾਰ ਸਨ)। ਨਿਰਵੈਰ ਸੇਵਕ ਜਥਾ ਵਿਚ ਅਨੰਦਪੁਰ ਸਾਹਿਬ ਦੇ ਕਬਜ਼ੇ ਸਮੇਂ ਆਪ ਜਥੇ ਲੈ ਕੇ ਗਏ ਸਨ। ਗੁਰੂ ਕੇ ਬਾਗ਼ ਦੇ ਮੋਰਚੇ ਸਮੇਂ ਮਾਰ ਖਾਣ ਵਾਲੇ ਜਥੇ ਵਿਚ ਬੀ. ਟੀ. ਦੀਆਂ ਡਾਂਗਾਂ ਦਾ ਪਿਆਰ ਲਿਆ ਪਰ ਜੋਸ਼ ਮੱਠਾ ਨਾ ਹੋਇਆ, ਸਗੋਂ ਬੀਰ-ਰਸ ਦੀ ਅਜਿਹੀ ਰੰਗਤ ਚੜ੍ਹੀ ਕਿ ਆਪ ਬਬਰ ਅਕਾਲੀ ਜਥੇ ਦੇ ਸੁਧਾਰਕ ਮੈਂਬਰ ਬਣ ਕੇ, ਝੋਲੀ-ਚੁੱਕ ਦੀਵਾਨ ਦੇ ਕਤਲ ਵਿਚ ਸ਼ਾਮਿਲ ਹੋ ਕੇ, ਕਤਲ ਦੁਆਰਾ ਸੁਧਾਰ ਕੀਤਾ। ਦੇਸ਼ ਕੌਮ ਦੀ ਸੇਵਾ ਹਿਤ ਸਿਰਤੋੜ ਯਤਨ ਕਰਦੇ ਹੋਏ, ੬ ਜੁਲਾਈ ੧੯੨੩ ਨੂੰ ਗ੍ਰਿਫ਼ਤਾਰ ਕੀਤੇ ਗਏ।

***ਭਾਈ ਸੁਰਜਣ ਸਿੰਘ ਜੀ, ਨੰ: ੭੫***

ਆਪ ਵੱਡੇ ਗੁਰਮੁਖ ਤੇ ਪ੍ਰੇਮੀ, ਪੁਰਾਣੇ ਗੁਰਸਿੱਖਾਂ ਵਾਂਗ ਗੁਰਬਾਣੀ ਦੇ ਸ਼ਰਧਾਲੂ ਸਨ । ਪੰਜ ਕਕਾਰ ਦੀ ਰਹਿਤ ਤੇ ਨਿਤਨੇਮ ਵਿਚ ਟੱਬਰ ਸਣੇ ਹੀ ਤਿਆਰ-ਬਰ-ਤਿਆਰ ਸਨ। ਆਪ ਨੇ ਸ: ਹਮੀਰ ਸਿੰਘ ਜੀ ਦੇ ਘਰ ਪਿੰਡ ਹਿਆਤਪੁਰ ਰੁੜਕੀ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਜਨਮ ਲਿਆ। ਆਪ ਭਾਈ ਧਰਮ ਸਿੰਘ ਨੰ: ੭੪ ਤੇ ਭਾਈ ਸੁੰਦਰ ਸਿੰਘ ਜੀ ਦੇ ਸਕੇ ਚਾਚੇ ਸਨ। ਆਪ ਦੇਸ਼ ਤੇ ਕੌਮ ਉਤੋਂ ਵਿਕੇ ਹੋਏ ਸੱਜਣ ਸਨ। ਦੇਸ਼ ਸੇਵਕ ਬਬਰ ਅਕਾਲੀਆਂ ਦੀ ਸੇਵਾ ਸਭ ਤੋਂ ਵਧ ਕੇ ਕਰਦੇ ਸਨ। ੧੨ ਜਨਵਰੀ ੧੯੨੨ ਨੂੰ ਅਨੰਦਪੁਰ ਸਾਹਿਬ ਦੇ ਕਬਜ਼ੇ ਵੇਲੇ ਨਿਰਵੈਰ ਅਕਾਲੀ ਜਥੇ ਦੇ ਮੈਂਬਰ ਬਣ ਕੇ ਆਪ ਨੇ ਦੀਵਾਨ ਦੇ ਕਤਲ ਦੁਆਰਾ ਸੁਧਾਰ ਕਰਨ ਵਿਚ ਹਿੱਸਾ ਲਿਆ ਤੇ ਆਖ਼ਿਰ ਆਪ ੬ ਜੁਲਾਈ ੧੯੨੩ ਨੂੰ ਗ੍ਰਿਫ਼ਤਾਰ ਕੀਤੇ ਗਏ।

***ਭਾਈ ਧੰਨਾ ਸਿੰਘ ਜੀ, ਨੰ: ੭੬***

ਆਪ ਸ: ਨਿਹਾਲ ਸਿੰਘ ਜੀ ਪਿੰਡ ਸਾਂਧੜਾ, ਜ਼ਿਲ੍ਹਾ ਹੁਸ਼ਿਆਰਪੁਰ, ਦੇ ਘਰ ਜਨਮੇ। ਆਪ ਜੀ ਨੂੰ ਛੋਟੀ ਉਮਰ ਵਿਚ ਉਰਦੂ, ਅੰਗਰੇਜ਼ੀ ਤੇ ਗੁਰਮੁਖੀ ਵਿੱਦਿਆ ਪੜ੍ਹਾਈ ਗਈ। ਆਪ ਨੂੰ ਬਾਲ ਅਵੱਸਥਾ ਤੋਂ ਹੀ ਗੁਰਬਾਣੀ ਨਾਲ ਪ੍ਰੇਮ ਸੀ। ਮਗਰੋਂ ੧੯੧੪ ਵਿਚ ਆਪ ੨੨ ਨੰ: ਪੰਜਾਬੀ ਪਲਟਨ ਵਿਚ ਭਰਤੀ ਹੋ ਗਏ ਅਤੇ ੧੯੧੯ ਵਿਚ ਜਦੋਂ ਆਪ ਜੀ ਨੂੰ ਪਲਟਨ ਵਿਚ ਮਾਰਸ਼ਲ ਲਾਅ ਦਾ ਪਤਾ ਲੱਗਾ ਤਾਂ ਆਪ ਇਸ ਗੱਲ ਨੂੰ ਸੁਣ ਕੇ ਨਾ ਸਹਾਰਦੇ ਹੋਏ ਨਾ-ਮਿਲਵਰਤਣ ਦੇ ਅਸੂਲ ਅਨੁਸਾਰ ਦੇਸ਼ ਤੇ ਕੌਮ ਦੀ ਸੇਵਾ ਹਿਤ ਪਲਟਨ ਵਿੱਚੋਂ ਨਾਂ ਕਟਾ ਕੇ ਆ ਗਏ ਤੇ ਅਕਾਲੀ ਸਜ ਗਏ। ਆਪਣੇ ਇਲਾਕੇ ਵਿਚ ਕਾਂਗਰਸ ਦਾ ਪ੍ਰਚਾਰ ਕਰ ਕੇ ਕਾਂਗਰਸ ਕਮੇਟੀਆਂ ਬਣਾਈਆਂ। ਅਨੰਦਪੁਰ ਸਾਹਿਬ ਦੇ ਸੁਧਾਰ ਸਮੇਂ ਪਹਿਲੇ ਜਥੇ ਨੇ ਸੇਵਕ ਸ਼ਹੀਦ

ਜਥਾ ਦੁਆਬਾ ਵਿਚ ਸ਼ਾਮਿਲ ਹੋ ਕੇ ਤਨ, ਮਨ ਦੁਆਰਾ ਸੇਵਾ ਕੀਤੀ। ਆਪ ਤਹਿਸੀਲ ਗੜ੍ਹਸ਼ੰਕਰ ਦੇ ਸੈਕਟਰੀ ਮੁਕੱਰਰ ਕੀਤੇ ਗਏ। ਮੁਲਕ ਦੀ ਸੇਵਾ ਕਰਨ ਵਾਲੇ ਨੂੰ ਪੁਲਿਸ ਕਦੋਂ ਵੇਖ ਸਕਦੀ ਸੀ। ਆਖ਼ਿਰ ੨੨ ਅਪ੍ਰੈਲ ੧੯੨੩ ਨੂੰ ਰਾਤ ਦੇ ਬਾਰਾਂ ਵਜੇ ਜਦ ਦਫ਼ਤਰ ਵਿਚ ਸੁੱਤੇ ਪਏ ਸਨ ਤਾਂ ਅਚਾਨਕ ਹੀ ਪੁਲਿਸ ਦੀ ਧਾੜ ਆ ਪਈ ਤੇ ਗ੍ਰਿਫ਼ਤਾਰ ਕਰ ਲਿਆ। ਆਪ ਨੂੰ ਭਾਂਤ-ਭਾਂਤ ਦੀਆਂ ਤਕਲੀਫ਼ਾਂ ਦੇ ਕੇ, ਸਬੂਤ ਨਾ ਮਿਲਣ ਦੇ ਕਾਰਨ, ਤਿੰਨ ਮਹੀਨੇ ਬਾਅਦ ਆਪ ਨੂੰ ਛੱਡ ਦਿੱਤਾ ਗਿਆ। ਫਿਰ ਨੌਕਰਸ਼ਾਹੀ ਨੇ ਅਸਲਾ ਐਕਟ ਹੇਠ ਆਪ ਉੱਤੇ ਮੁਕੱਦਮਾ ਚਲਾਇਆ ਤੇ ਕਾਫ਼ੀ ਹੱਥ ਪੈਰ ਮਾਰੇ ਪਰ ਪੁਲਿਸ ਨੂੰ ਸਫ਼ਲਤਾ ਪ੍ਰਾਪਤ ਨਾ ਹੋਈ। ੩੦ ਅਗਸਤ ੧੯੨੩ ਨੂੰ ਫਿਰ ਬਬਰ ਅਕਾਲੀ ਸਾਜਿਸ਼ ਵਿਚ (ਰਾਮ ਸਿੰਹੁ ਹਦਾਰਾ ਕਾਂਵ ਤੇ ਮਤਾਬ ਸਿੰਹੁ ਭਕੜਦੀ ਨੂੰ ਸਿਖਾ ਕੇ) ਅੜਾ ਲਿਆ।

***ਭਾਈ ਗੁਰਬਚਨ ਸਿੰਘ ਜੀ, ਨੰ: ੭੭***

ਆਪ ਬਾਬਾ ਦਲੀਪ ਸਿੰਘ ਜੀ ਜਥੇਦਾਰ ਦੇ ਸੁਪੱਤਰ ਸਨ। ਛੋਟੀ ਉਮਰੇ ਹੀ ਉਰਦੂ, ਗੁਰਮੁਖੀ ਤੇ ਕੁਝ ਕੁ ਅੰਗ੍ਰੇਜ਼ੀ ਵਿੱਦਿਆ ਹਾਸਿਲ ਕੀਤੀ ਸੀ। (ਆਪ ਜੀ ਦੇ ਪਿਤਾ ਜੀ ਨੂੰ ੧੭ਬੀ ਹੇਠ ਇਕ ਸਾਲ ਸਜ਼ਾ ਦਿੱਤੀ ਜਾ ਚੁੱਕੀ ਸੀ)। ਇਸ ਦੇ ਮਗਰੋਂ ਦੇਸ਼ ਸੇਵਕ ਬਬਰ ਅਕਾਲੀਆਂ ਦੀ ਸੇਵਾ ਕਰਨ ਅਤੇ ਬਬਰ ਅਕਾਲੀ ਦੁਆਬਾ ਅਖ਼ਬਾਰ ਛਾਪਣ ਦੇ ਜੁਰਮ ਵਿਚ ੨੩ ਮਾਰਚ ੧੯੨੩ ਨੂੰ ਪੁਲਿਸ ਗ੍ਰਿਫ਼ਤਾਰ ਕਰਕੇ ਚਾਰਜ ਨਾ ਕਰ ਸਕੀ ਪਰ ਆਖ਼ਿਰ ੨੨ ਅਗਸਤ ੧੯੨੩ ਨੂੰ ਗ੍ਰਿਫ਼ਤਾਰ ਕੀਤਾ ਗਿਆ।

ਭਾਈ ਗੁਰਬਚਨ ਸਿੰਘ ਜੀ ਨੂੰ ੨੨ ਅਗਸਤ ੧੯੨੩ ਨੂੰ ਸਵੇਰੇ ਤਿੰਨ ਵਜੇ ਪੁਲਿਸ ਨੇ ਗ੍ਰਿਫ਼ਤਾਰ ਕੀਤਾ। ਜਦੋਂ ਮਾਤਾ ਜੀ (ਆਤਮਾ ਕੌਰ) ਨੂੰ ਪਤਾ ਲੱਗਾ ਤੇ ਹਵੇਲੀ ਆ ਕੇ ਕੰਡ ਉੱਤੇ ਹੱਥ ਰੱਖ ਕੇ ਆਖਿਆ ਕਿ ਵੇਖੀ ਪੁੱਤਰ ਕਿਤੇ ਮੌਤ ਤੋਂ ਡਰ ਕੇ ਕਿਸੇ ਉੱਤੇ ਵਾਅਦਾ ਮੁਆਫ਼ ਨਾ ਹੋ ਜਾਵੀ। ਅਸੀਂ ਉਸ ਗੁਰੂ ਗੋਬਿੰਦ ਸਿੰਘ ਜੀ ਦਾ ਅੰਮ੍ਰਿਤ-ਪਾਨ ਕੀਤਾ ਹੋਇਆ ਹੈ, ਜਿਸ ਨੇ ਕੌਮ ਦੀ ਆਜ਼ਾਦੀ ਖ਼ਾਤਿਰ ਆਪਣੇ ਪਰਿਵਾਰ ਨੂੰ ਵਾਰ ਕੇ ਸਾਨੂੰ ਸਬਕ ਸਿਖਾਇਆ ਤੇ ਅੰਮ੍ਰਿਤ ਛਕਾ ਕੇ ਗਿੱਦੜੋਂ ਸ਼ੇਰ ਬਣਾਇਆ। ਇਸ ਦਾ ਜ਼ਿਕਰ ਪੁਲਿਸ ਅਫ਼ਸਰ ਨੇ ਸ਼ੈਸ਼ਨ ਜੱਜ ਟਾਇਪ ਦੀ ਅਦਾਲਤ ਵਿਚ ਗਵਾਹੀ ਦਿੰਦਿਆਂ ਹੋਇਆ ਕੀਤਾ (ਇਹ ਲਫ਼ਜ਼ ਬਬਰ ਅਕਾਲੀ ਭਾਈ ਗੁਰਬਚਨ ਸਿੰਘ ਜੀ ਦੀ ਜ਼ਬਾਨੀ ਹਨ)।

***ਭਾਈ ਹਰਨਾਮ ਸਿੰਘ ਜੀ, ਨੰ: ੭੮***

ਆਪ ਨੇ ਭਾਈ ਰਲਾ ਸਿੰਘ ਦੇ ਘਰ ਪਿੰਡ ਗੜ੍ਹੀ ਕਾਨੂੰਗੋਆਂ, ਜ਼ਿਲ੍ਹਾ ਹੁਸ਼ਿਆਰਪੁਰ, ਵਿਖੇ ਜਨਮ ਲਿਆ। ਆਪ ਦੇ ਪਿਤਾ ਨੇ ਬਾਲ ਉਮਰੇ ਹੀ ਆਪ ਨੂੰ ਗੁਰਮੁਖੀ ਪੜ੍ਹਨੇ ਲਾ ਦਿੱਤਾ ਆਪ ਨੇ ਦਿਲ ਲਾ ਕੇ ਪੜ੍ਹਾਈ ਕੀਤੀ। ਵੱਡੇ ਹੋ ਕੇ ਆਪ ਪਲਟਨ ਨੰ: ੫੮ ਵਿਚ ਨੌਕਰ ਹੋ ਗਏ। ਆਪ ਸਤਿਸੰਗਤ ਤੇ ਗੁਰੂ ਘਰ ਦੇ ਨਾਲ ਬੜਾ ਪ੍ਰੇਮ ਰਖਦੇ ਸਨ। ਮਾਰਸ਼ਲ ਲਾਅ 'ਤੇ ਨਾਨਕਾਣਾ ਸਾਹਿਬ ਦੇ ਸਾਕੇ

ਹੋਣ 'ਤੇ ਆਪ ਨਾ-ਮਿਲਵਰਤਣ ਦੇ ਅਸੂਲ ਅਨੁਸਾਰ ਪੈਨਸ਼ਨ ਲੈ ਕੇ ਨੌਕਰੀ ਛੱਡ ਆਏ। ਆਉਂਦੇ ਹੀ ਦੇਸ਼ ਦੀ ਆਜ਼ਾਦੀ ਹਿਤ ਸੇਵਾ ਕਰਨ ਵਿਚ ਜੁਟ ਗਏ ਤੇ ਪਿੰਡ ਦੇ ਜਥੇ ਦਾ ਜਥੇਦਾਰ ਥਾਪ ਦਿੱਤਾ ਗਿਆ। ਨਿਰਵੈਰ ਸੇਵਕ ਸ਼ਹੀਦ ਜਥਾ ਦੁਆਬਾ ਵਿਚ ਸ਼ਾਮਿਲ ਹੋ ਕੇ ਅਨੰਦਪੁਰ ਸਾਹਿਬ ਦੇ ਗੁਰਦੁਆਰੇ ਦੇ ਸੁਧਾਰ ਹਿਤ ਪੁੱਜੇ ਤੇ ਯੋਗ ਸੇਵਾ ਕੀਤੀ। ਬਬਰ ਅਕਾਲੀਆਂ ਦੀ ਸੇਵਾ ਕਰਨ ਹਿਤ ਆਪ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ।

***ਗਿਆਨੀ ਕਰਤਾਰ ਸਿੰਘ ਜੀ, ਨੰ: ੭੯***

ਆਪ ਭਾਈ ਸੁਰਜਨ ਸਿੰਘ ਜੀ ਪਿੰਡ ਗੋਂਦਪੁਰ, ਜ਼ਿਲ੍ਹਾ ਹੁਸ਼ਿਆਰਪੁਰ, ਦੇ ਘਰ ਜਨਮੇ ਸਨ। ਵੱਡੇ ਹੋ ਕੇ ੪੧ ਸਿੱਖ ਪਲਟਨ ਵਿਚ ਭਰਤੀ ਹੋ ਗਏ। ਉੱਥੇ ਦੇ ਸਤਿਸੰਗ ਦੇ ਕਾਰਨ, ਆਪ ਪੈਨਸ਼ਨ ਆ ਗਏ। ੧੯੧੯ ਵਿਚ ਨੌਕਰੀ ਛੱਡ ਕੇ ਭਾਈ ਜਵਾਲਾ ਸਿੰਘ ਜੀ ਪਾਸੋਂ ਰਾਗ ਵਿੱਦਿਆ ਸਿੱਖਦੇ ਰਹੇ। ਰਾਗ ਦੇ ਚੰਗੇ ਜਾਣੂੰ ਹੋ ਕੇ ਗੁਰਮਤਿ ਦਾ ਪ੍ਰਚਾਰ ਕਰਨ ਲੱਗ ਗਏ। ਮਾਰਸ਼ਲ ਲਾਅ, ਜਲ੍ਹਿਆਂ ਵਾਲੇ ਬਾਗ਼ ਦੇ ਸਾਕੇ ਨੇ ਆਪ ਜੀ ਨੂੰ ਦੇਸ਼ ਦੀ ਆਜ਼ਾਦੀ ਵੱਲ ਰਜੂ ਕਰ ਦਿੱਤਾ। ਆਪ ਨੂੰ ਪਿੰਡ ਦੇ ਜਥੇ ਦੇ ਜਥੇਦਾਰ ਥਾਪ ਦਿੱਤਾ ਗਿਆ। ੨੨ ਜਨਵਰੀ ੧੯੨੨ ਨੂੰ ਨਿਰਵੈਰ ਸੇਵਕ ਸ਼ਹੀਦ ਜਥਾ ਦੁਆਬਾ ਵਿਚ ਸ਼ਾਮਿਲ ਹੋ ਕੇ ਅਨੰਦਪੁਰ ਸਾਹਿਬ ਗਏ। ਫ਼ਰਵਰੀ ੧੯੨੨ ਵਿਚ ੧੭ਬੀ ਹੇਠ ਆਪ ਜੀ ਦੇ ਵਰੰਟ ਜਾਰੀ ਹੋ ਗਏ। ੩੦ ਜੁਲਾਈ ੧੯੨੨ ਨੂੰ ਆਪ ਅਦਾਲਤ ਵਿਚ ਪੇਸ਼ ਹੋ ਗਏ। ੬ ਸਤੰਬਰ ੧੯੨੨ ਨੂੰ ਇਕ ਸਾਲ ਕੈਦ ਦਿੱਤੀ ਗਈ। ਆਪ ਵੱਡੀ ਖ਼ੁਸ਼ੀ ਨਾਲ ਕੱਟ ਕੇ ਆਏ ਤੇ ਮੁੜ ਦੇਸ਼ ਦੀ ਸੇਵਾ ਵਿਚ ਜੁਟ ਗਏ। ਆਪ੧੯ ਦਸੰਬਰ ੧੯੨੩ ਨੂੰ ਬਬਰ ਸਾਜਿਸ਼ ਵਿਚ ਗ੍ਰਿਫ਼ਤਾਰ ਕੀਤੇ ਗਏ।

***ਭਾਈ ਸੁਰਜਨ ਸਿੰਘ ਜੀ, ਨੰ: ੮੦***

ਆਪ ਪਿੰਡ ਡੁਮੇਲੀ ਰਿਆਸਤ ਕਪੂਰਥਲਾ ਦੇ ਭਾਈ ਸੁਚੇਤ ਸਿੰਘ ਜੀ ਦੇ ਘਰ ਪੈਦਾ ਹੋਏ। ਵੱਡੇ ਹੋ ਕੇ ੪੧ ਸਿੱਖ ਪਲਟਨ ਵਿਚ ਭਰਤੀ ਹੋ ਗਏ। ੧੯੧੭ ਵਿਚ ਆਪ ਪੈਨਸ਼ਨ ਆ ਗਏ ਤੇ ਧਰਮ ਕਿਰਤ ਕਰ ਕੇ ਛਕਦੇ-ਛਕਾਉਂਦੇ ਰਹੇ। ਆਪ ਬਬਰ ਅਕਾਲੀ ਚੱਕਰਵਰਤੀਆਂ ਦੀ ਸੇਵਾ ਤਨ, ਮਨ ਦੁਆਰਾ ਕੀਤਾ ਕਰਦੇ ਸਨ। ਇਸ ਜੁਰਮ ਵਿਚ ੯ ਸਤੰਬਰ ੧੯੨੩ ਨੂੰ ਗ੍ਰਿਫ਼ਤਾਰ ਕੀਤੇ ਗਏ।

***ਗਿਆਨੀ ਕਰਤਾਰ ਸਿੰਘ ਜੀ, ਨੰ: ੮੧***

ਆਪ ਭਾਈ ਬਸੰਤ ਸਿੰਘ ਜੀ ਦੇ ਘਰ ਪਿੰਡ ਡੁਮੇਲੀ, ਜ਼ਿਲ੍ਹਾ ਕਪੂਰਥਲਾ, ਵਿਚ ਪੈਦਾ ਹੋਏ। ਆਪ ਦੇ ਮਾਪਿਆਂ ਨੇ ਆਪ ਨੂੰ ਗੁਰਮੁਖੀ ਵਿੱਦਿਆ ਪੜ੍ਹਨ ਲਾ ਦਿੱਤਾ। ਚੰਗੀ ਵਿੱਦਿਆ ਪ੍ਰਾਪਤ ਕਰ ਕੇ, ਖੇਤੀਬਾੜੀ ਦਾ ਕੰਮ ਕਰਦੇ ਹੋਏ, ਧਰਮ ਕਿਰਤ ਵਿੱਚੋਂ ਵੰਡ ਛਕਦੇ ਰਹੇ। ਆਪ ਦੀਵਾਨਾਂ ਜਲਸਿਆਂ ਵਿਚ ਹਾਜ਼ਿਰ ਹੋ ਕੇ ਸੇਵਾ ਕਰਦੇ ਰਹੇ। ਗੁਰੂ ਕੇ ਬਾਗ਼ ਦੇ ਮੋਰਚੇ ਸਮੇਂ ਸਭ ਤੋਂ ਪਹਿਲਾਂ ਆਪ ਗਏ ਸਨ। ਫਿਰ ਸ਼ੁਰੂ ਸਤੰਬਰ ੧੯੨੨ ਵਿਚ ਆਪ ਨੇ ਮਾਰ ਖਾਣ ਵਾਲੇ ਜਥੇ ਵਿਚ ਸ਼ਾਮਿਲ

ਹੋ ਕੇ ਗੁਰੂ ਕੇ ਬਾਗ਼ ਜਾ ਕੇ ਮਾਰ ਖਾਧੀ। ਫਿਰ ੧੯ ਅਕਤੂਬਰ ੧੯੨੨ ਨੂੰ ਗ੍ਰਿਫ਼ਤਾਰ ਹੋਣ ਵਾਲੇ ਜਥੇ ਵਿਚ ਗਏ। ੧ ਨਵੰਬਰ ੧੯੨੨ ਨੂੰ ਆਪ ਨੂੰ ਢਾਈ ਸਾਲ ਦੀ ਕੈਦ ਕੀਤੀ ਗਈ ਪਰ ੧੯ ਅਪ੍ਰੈਲ ੧੯੨੩ ਨੂੰ ਆਪ ਅਕਾਲੀ ਕੈਦੀਆਂ ਨਾਲ ਰਿਹਾ ਹੋ ਕੇ ਘਰ ਆਉਂਦੇ ਹੀ ਮੁੜ ਦੇਸ਼ ਦੀ ਸੇਵਾ ਹਿਤ ਜੁਟ ਗਏ। ਪਰ ਐਸੇ ਸੇਵਕਾਂ ਦਾ ਜੇਹਲੋਂ ਬਾਹਰ ਰਹਿਣਾ ਪੁਲਿਸ ਨੂੰ ਕਦੋਂ ਭਾਉਂਦਾ ਸੀ। ਆਖ਼ਿਰ ੧ ਨਵੰਬਰ ੧੯੨੩ ਨੂੰ ਬਬਰ ਅਕਾਲੀ ਸਾਜਿਸ਼ ਵਿਚ ਗ੍ਰਿਫ਼ਤਾਰ ਕੀਤੇ ਗਏ।

***ਭਾਈ ਕਰਤਾਰ ਸਿੰਘ ਜੀ ਭੁਝੰਗੀ, ਨੰ: ੮੨***

ਇਹ ਭੁਝੰਗੀ ਭਾਈ ਦਗਾ ਸਿੰਘ ਜੀ ਦੇ ਘਰ ਪਿੰਡ ਡੁਮੇਲੀ, ਜ਼ਿਲ੍ਹਾ ਕਪੂਰਥਲਾ, ਵਿਖੇ ਪੈਦਾ ਹੋਇਆ ਅਰ ਖੇਤੀਬਾੜੀ ਦਾ ਕੰਮ ਕਰਦਾ ਰਿਹਾ। ਦੀਵਾਨ ਵਿਚ ਜਾਣ ਦੇ ਕਾਰਨ ਸਿੱਖੀ ਨਾਲ ਪ੍ਰੇਮ ਹੋ ਗਿਆ। ਦੇਸ਼ ਸੇਵਾ ਦਾ ਉਤਸ਼ਾਹ ਪੈਦਾ ਹੋ ਗਿਆ। ਬਬਰ ਅਕਾਲੀਆਂ ਦੇ ਪ੍ਰਚਾਰ ਸੁਣਨ ਤੇ ਕਰਾਉਣ ਅਤੇ ਦੇਸ਼ ਸੇਵਕਾਂ ਨੂੰ ਪਨਾਹ ਦੇਣ ਦੇ ਕਾਰਨ ਆਪ ਨੂੰ ੧੬ ਸਾਲ ਦੀ ਉਮਰ ਵਿਚ ਗ੍ਰਿਫ਼ਤਾਰ ਕਰ ਕੇ ਬਬਰ ਅਕਾਲੀ ਸਾਜ਼ਿਸ਼ ਵਿਚ ਲਪੇਟ ਲਿਆ ਗਿਆ।

***ਭਾਈ ਦਰਬਾਰਾ ਸਿੰਘ ਜੀ, ਨੰ: ੮੩***

ਆਪ ਸ੍ਰ: ਮੰਗਲ ਸਿੰਘ ਜੀ ਦੇ ਘਰ ਪਿੰਡ ਪਲਾਹੀ, ਜ਼ਿਲ੍ਹਾ ਕਪੂਰਥਲਾ, ਵਿਚ ਪੈਦਾ ਹੋਏ। ਖੇਤੀ ਦਾ ਕੰਮ ਕਰਦੇ ਹੋਏ ਧਰਮ ਕਿਰਤ ਕਰ ਵੰਡ ਛਕਦੇ ਰਹੇ ਤੇ ਦੇਸ਼ ਸੇਵਕਾਂ ਦੀ ਸੇਵਾ ਕਰਦੇ ਰਹੇ। ਗੁਰਸਿੱਖ ਹੋਣ ਦੇ ਕਾਰਨ ਹੀ ਆਪ ਜੀ ਨੂੰ ਪੁਲਿਸ ਨੇ ਫੜ ਕੇ ਬਬਰ ਸਾਜਿਸ਼ ਵਿਚ ਅੜਾ ਲਿਆ।

***ਭਾਈ ਚੰਦਾ ਸਿੰਘ ਜੀ, ਨੰ: ੮੪***

ਆਪ ਭਾਈ ਹੀਰਾ ਸਿੰਘ ਜੀ ਦੇ ਘਰ ਪਿੰਡ ਪਲਾਹੀ, ਰਿਆਸਤ ਕਪੂਰਥਲਾ ਵਿਚ ਪੈਦਾ ਹੋਏ। ਖੇਤੀ ਦਾ ਕੰਮ ਕਰਦੇ, ਧਰਮ ਕਿਰਤ ਵਿੱਚੋਂ ਵੰਡ ਛਕਦੇ ਰਹੇ। ਆਪ ਸਿੰਘ ਸਭਾ ਦੇ ਪੱਕੇ ਹਾਮੀ ਸਨ। ਆਪ ਦੇ ਉਦਮ ਨਾਲ ਹੀ ਆਪ ਜੀ ਦੇ ਪਿੰਡ ਵਿਚ ਖਾਲਸਾ ਸਕੂਲ ਸ਼ੁਰੂ ਹੋਇਆ ਸੀ। ਇਸ ਦੀ ਕਮੇਟੀ ਦੇ ਪਰੈਜ਼ੀਡੈਂਟ ਆਪ ਹੀ ਸਨ।

***ਭਾਈ ਮੂਲਾ ਸਿੰਘ ਜੀ, ਨੰ: ੮੫***

ਆਪ ਪਿੰਡ ਪਲਾਹੀ, ਰਿਆਸਤ ਕਪੂਰਥਲਾ ਦੇ ਭਾਈ ਰਣ ਸਿੰਘ ਦੇ ਘਰ ਪੈਦਾ ਹੋਏ। ਖੇਤੀ ਦਾ ਕੰਮ ਕਰਦੇ ਹੋਏ ਧਰਮ ਕਿਰਤ ਕਰਦੇ, ਵੰਡ ਛਕਦੇ ਤੇ ਛਕਾਉਂਦੇ ਰਹੇ। ਆਪ ਸ਼ੁਧੀ ਦੇ ਤਕੜੇ ਹਾਮੀ ਸਨ। ਸਭ ਤੋਂ ਵੱਧ ਕੇ ਆਪ ਜੀ ਵਿਚ ਇਹ ਖ਼ਾਸ ਗੁਣ ਸੀ ਕਿ ਦੇਸ਼ ਤੇ ਕੌਮ ਤੋਂ ਮਰ-ਮਿਟਣ ਵਾਲੇ ਸਨ। ਦੇਸ਼ ਸੇਵਕਾਂ ਦੀ ਸੇਵਾ ਤਨ, ਮਨ ਦੁਆਰਾ ਤਾਂ ਪਹਿਲੇ ਤੋਂ ਹੀ ਕਰਦੇ ਸਨ। ਬਬਰ ਅਕਾਲੀ ਜਥੇ ਦੇ ਮੈਂਬਰ ਹੋਣ ਦੇ ਕਾਰਨ ਆਪ ਨੂੰ ੫ ਅਕਤੂਬਰ ੧੯੨੩ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

***ਭਾਈ ਧਰਮ ਸਿੰਘ ਜੀ, ਨੰ: ੮੬***

ਆਪ ਭਾਈ ਬੇਲਾ ਸਿੰਘ ਜੀ ਦੇ ਘਰ ਪਿੰਡ ਪਲਾਹੀ, ਰਿਆਸਤ ਕਪੂਰਥਲਾ

ਵਿਚ ਜਨਮੇ। ਆਪ ਜੀ ਦੇ ਮਾਪਿਆਂ ਨੇ ਆਪ ਨੂੰ ਬਾਲੀ ਉਮਰੇ ਹੀ ਗੁਰਮੁਖੀ ਵਿੱਦਿਆ ਪੜ੍ਹਨ ਲਾ ਦਿੱਤਾ। ਚੰਗੀ ਵਿੱਦਿਆ ਹਾਸਿਲ ਕਰ ਕੇ ਧਰਮ ਕਿਰਤ ਕਰ ਕੇ ਛਕਦੇ ਤੇ ਛਕਾਉਂਦੇ ਰਹੇ ਤੇ ਪ੍ਰਚਾਰ ਦੀ ਸੇਵਾ ਵਿਚ ਜੁਟ ਗਏ। ਸਿੱਖੀ ਅਸੂਲਾਂ ਦੇ ਧਾਰਨੀ ਸਨ। ਡਾਢੇ ਪ੍ਰੇਮੀ ਤੇ ਗੁਰਸਿੱਖ ਸਿੱਖ ਸਨ। ਦੇਸ਼ ਸੇਵਕਾਂ ਦੀ ਸੇਵਾ, ਤਨ, ਮਨ ਨਾਲ ਕਰਦੇ ਸਨ। ਇਸ ਕਰ ਕੇ ੩ ਦਸੰਬਰ ੧੯੨੩ ਨੂੰ ਬਬਰ ਅਕਾਲੀ ਸਾਜਿਸ਼ ਦੇ ਸ਼ਿਕੰਜੇ ਵਿਚ ਜਕੜਨ ਲਈ ਗ੍ਰਿਫ਼ਤਾਰ ਕਰ ਕੇ ਜੇਲ੍ਹ ਵਿਚ ਪਾ ਦਿੱਤਾ ਗਿਆ।

***ਭਾਈ ਚੈਂਚਲ ਸਿੰਘ ਜੀ, ਨੰ: ੮੭***

ਆਪ ਨੇ ਭਾਈ ਵਰਿਆਮ ਸਿੰਘ ਜੀ ਦੇ ਘਰ ਪਿੰਡ ਸੰਗਤਪੁਰ, ਜ਼ਿਲ੍ਹਾ ਕਪੂਰਥਲਾ, ਵਿਚ ਜਨਮ ਲਿਆ। ਆਪ ਧਰਮ ਕਿਰਤ ਕਰ ਕੇ ਵੰਡ ਛਕਣ ਵਾਲੇ ਸ਼ਖ਼ਸ ਸਨ। ਬਬਰ ਜਥੇ ਦੀ ਸੇਵਾ ਦੇ ਜੁਰਮ ਵਿਚ ਆਪ ਗ੍ਰਿਫ਼ਤਾਰ ਕੀਤੇ ਗਏ।

***ਭਾਈ ਦਲੀਪ ਸਿੰਘ ਜੀ, ਨੰ: ੮੮***

ਆਪ ਨੇ ਪਿੰਡ ਮਾਣਕ, ਜ਼ਿਲ੍ਹਾ ਕਪੂਰਥਲਾ, ਦੇ ਭਾਈ ਦਸੌਂਧਾ ਸਿੰਘ ਜੀ ਦੇ ਘਰ ਜਨਮ ਲਿਆ। ਖੇਤੀ ਦਾ ਕੰਮ ਕਰਦੇ ਹੋਏ ਧਰਮ ਕਿਰਤ ਕਰ ਕੇ ਵੰਡ ਛਕਦੇ ਰਹੇ। ਆਪ ਚੰਗੇ ਪ੍ਰੇਮੀ ਗੁਰਮੁਖ ਸਨ। ਪਿੰਡ ਦੇ ਜਥੇ ਦੇ ਆਪ ਜਥੇਦਾਰ ਸਨ। ਆਪ ਤਨ, ਮਨ, ਨਾਲ ਸੇਵਾ ਕਰਦੇ ਰਹੇ। ਜਦੋਂ ਆਪ ਜੀ ਦਾ ਵਰੰਟ ਰਿਆਸਤ ਵੱਲੋਂ ਜਾਰੀ ਕੀਤਾ ਗਿਆ ਤਾਂ ਆਪ ਚੱਕਰਵਰਤੀ ਹੋ ਕੇ ਭਾਈ ਅਮਰ ਸਿੰਘ ਬਬਰ ਨਾਲ ਫਿਰ-ਟੁਰ ਕੇ ਪ੍ਰਚਾਰ ਦੀ ਸੇਵਾ ਕਰਦੇ ਰਹੇ। ਕੁਝ ਕਾਲ ਮਗਰੋਂ ਕੁਝ ਕੁ ਸਿੱਖਾਂ ਦੇ ਵਰੰਟ ਰਿਆਸਤ ਵੱਲੋਂ ਵਾਪਿਸ ਲਏ ਤੇ ਆਪ ਜੀ ਦਾ ਵਰੰਟ ਭੀ ਵਾਪਿਸ ਲੈ ਲਿਆ। ਫਿਰ ਆਪ ਪਿੰਡ, ਧਰਮ ਕਿਰਤ ਕਰ ਕੇ ਦੇਸ਼ ਸੇਵਕਾਂ ਦੀ ਸੇਵਾ ਕਰਦੇ ਰਹੇ ਤੇ ਆਖ਼ਿਰ ੫ ਅਕਤੂਬਰ ੧੯੨੩ ਨੂੰ ਫਿਰ ਗ੍ਰਿਫ਼ਤਾਰ ਕਰ ਕੇ ਬਬਰ ਅਕਾਲੀ ਜਥੇ ਦੀ ਸਾਜਿਸ਼ ਵਿਚ ਜਕੜ ਲਏ ਗਏ।

***ਸੂਬੇਦਾਰ ਅਮਰ ਸਿੰਘ ਜੀ, ਨੰ: ੮੯***

ਆਪ ਭਾਈ ਨੱਥਾ ਸਿੰਘ ਜੀ ਦੇ ਘਰ ਪਿੰਡ ਧਾਰੀਵਾਲ, ਜ਼ਿਲ੍ਹਾ ਕਪੂਰਥਲਾ, ਵਿਚ ਪੈਦਾ ਹੋਏ। ਵੱਡੇ ਹੋ ਕੇ ਰਿਆਸਤ ਕਪੂਰਥਲਾ ਦੀ ਪਹਿਲੀ ਪਲਟਨ ਵਿਚ ਭਰਤੀ ਹੋ ਗਏ। ਅਗਸਤ ੧੯੨੨ ਵਿਚ ਸੂਬੇਦਾਰੀ ਪੈਨਸ਼ਨ ਲੈ ਕੇ ਘਰ ਆ ਗਏ। ਰਿਆਸਤ ਕਪੂਰਥਲਾ ਦੇ ਜਥੇ ਵੱਲੋਂ ਆਪ ਨੂੰ ਜਥੇਦਾਰ ਥਾਪ ਦਿੱਤਾ ਗਿਆ। ਜਥੇ ਨੂੰ ਲੈ ਕੇ ਗੁਰੂ ਕੇ ਬਾਗ਼ ਜਾ ਕੇ ਮਾਰ ਖਾਣ ਵਾਲੇ ਜਥੇ ਦੇ ਮੀਤ ਜਥੇਦਾਰ ਹੋ ਕੇ ਗਏ। ੬ ਸਤੰਬਰ ੧੯੨੨ ਨੂੰ ਗੁਰੂ ਕੇ ਬਾਗ਼ ਜਾ ਕੇ ਮਾਰ ਖਾਧੀ। ਦੂਜੀ ਵਾਰ ਫਿਰ ਰਿਆਸਤ ਦੇ ਜਥੇ ਨੂੰ ਲੈ ਕੇ ੧੯ ਸਤੰਬਰ ੧੯੨੨ ਨੂੰ ਗੁਰੂ ਕੇ ਬਾਗ਼ ਗਏ। ਚੰਦ ਦਿਨ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸੰਦੇਸ਼ਾ ਪੁੱਜਣ 'ਪਰ ਆਪ ਅੰਮ੍ਰਿਤਸਰ ਪਹੁੰਚੇ ਤੇ ਪੈਨਸ਼ਨੀ ਜਥੇ ਦੇ ਜਥੇਦਾਰ ਨੀਯਤ ਕੀਤੇ ਗਏ। ਫਿਰ ੨੨ ਅਕਤੂਬਰ ੧੯੨੨ ਨੂੰ ਗੁਰੂ ਕੇ ਬਾਗ਼ ਜਥਾ ਲੈ ਕੇ ਗਏ। ਆਪ ਨੂੰ ਗ੍ਰਿਫ਼ਤਾਰ

ਕਰ ਕੇ ਢਾਈ ਸਾਲ ਕੈਦ ਦਿੱਤੀ ਗਈ। ਜਦ ਆਪ ਕੈਦ ਹੋ ਕੇ ਕੈਮਲਪੁਰ ਸਟੇਸ਼ਨ 'ਤੇ ਪੁੱਜੇ ਤਾਂ ਉੱਥੋਂ ਦੇ ਪੁਲਿਸ ਅਫ਼ਸਰ ਸੁਪਰਡੈਂਟ ਨੇ ਜੈਕਾਰਾ ਗਜਾਉਣ ਦੇ ਜੁਰਮ ਵਿਚ ਆਪ ਜੀ ਦੇ ਇਕ ਅਜਿਹਾ ਪੱਥਰ ਮਾਰਿਆ ਕਿ ਆਪ ਦਾ ਜਬਾੜਾ ਟੁੱਟ ਗਿਆ। ਆਪ ਨੂੰ ਬੁੱਢਿਆਂ ਵਿਚ ਦਸੰਬਰ ੧੯੨੨ ਵਿਚ ਛੱਡ ਦਿੱਤਾ ਗਿਆ। ਆਪ ਮੁੜ ਕੌਮੀ ਸੇਵਾ ਵਿਚ ਲੱਗ ਗਏ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਚੁਣੇ ਗਏ। ਆਪ ਦੇਸ਼ ਸੇਵਕ ਬਬਰ ਅਕਾਲੀਆਂ ਦੀ ਯੋਗ ਸੇਵਾ ਕਰਦੇ ੨੨ ਜੁਲਾਈ ੧੯੨੩ ਨੂੰ ਗ੍ਰਿਫ਼ਤਾਰ ਕੀਤੇ ਗਏ।

***ਭਾਈ ਲੱਖਾ ਸਿੰਘ ਜੀ, ਨੰ: ੯੦***

ਆਪ ਸ੍ਰ: ਗੰਗਾ ਸਿੰਘ ਜੀ ਦੇ ਘਰ ਕੋਟ ਫਤੂਹੀ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਪੈਦਾ ਹੋਏ। ਧਰਮ ਕਿਰਤ ਕਰ ਕੇ ਵੰਡ ਛਕਦੇ ਰਹੇ। ਆਪ ਆਪਣੇ ਪਿੰਡ ਰਾਜਸੀ ਦੀਵਾਨ ਰੱਖ ਕੇ ਆਜ਼ਾਦੀ ਹਿਤ ਪ੍ਰਚਾਰ ਕਰ ਕੇ ਤਨ, ਮਨ ਦੁਆਰਾ ਦੇਸ਼ ਸੇਵਾ ਕਰਦੇ ਰਹੇ। ੧੯੨੧-੨੨ ਵਿਚ ਆਪ ਨੇ ਆਪਣੇ ਪਿੰਡ ਵਿਚ ਪੋਲੀਟੀਕਲ ਦੀਵਾਨ ਕਰ ਕੇ ਮਾਸਟਰ ਮੋਤਾ ਸਿੰਘ ਜੀ ਦੇ ਲੈਕਚਰ ਕਰਵਾ ਕੇ ਇਲਾਕੇ ਵਿਚ ਦੇਸ਼ ਭਗਤੀ ਦਾ ਰੰਗ ਭਰਿਆ। ਗੁਰੂ ਕੇ ਬਾਗ਼ ਦੇ ਮੋਰਚੇ ਸਮੇਂ ਆਪ ਨੇ ਮਾਰ ਖਾਣ ਵਾਲੇ ਜਥੇ ਵਿਚ ਸ਼ਾਮਿਲ ਹੋ ਕੇ ਮਾਰ ਖਾਧੀ। ਦੇਸ਼ ਸੇਵਕ ਤੇ ਬਬਰ ਅਕਾਲੀ ਦੀ ਸੇਵਾ ਕਰਨ ਦੇ ਜੁਰਮ ਵਿਚ, ੨੨ ਅਪ੍ਰੈਲ ੧੯੨੩ ਨੂੰ ਆਪ ਨੂੰ ਗ੍ਰਿਫ਼ਤਾਰ ਕਰ ਕੇ ਬਬਰ ਸਾਜਿਸ਼ ਵਿਚ ਲਪੇਟ ਲਿਆ ਪਰ ਕਮਿੰਟਿੰਗ ਮੈਜਿਸਟਰੇਟ ਬੁਲ ਦੀ ਅਦਾਲਤ ਵਿੱਚੋਂ ਮੁਕੱਦਮਾ ਸੈਸ਼ਨ ਸਪੁਰਦ ਕਰਨ ਵੇਲੇ ਬਰੀ ਕਰ ਦਿੱਤਾ ਗਿਆ।

ਹੇਠ ਲਿਖੇ ਚਾਰ ਸੰਦੇਸ਼-ਸੇਵਕ ਕਿਰਤੀ ਹੋਣ ਤੇ ਦੇਸ਼ ਸੇਵਕਾਂ ਦੀ ਸੇਵਾ ਕਰਨ ਦੇ ਜੁਰਮ ਵਿਚ ੨੨ ਅਪ੍ਰੈਲ ੧੯੨੩ ਨੂੰ ਬਬਰ ਅਕਾਲੀ ਸਾਜਿਸ਼ ਕੇਸ ਵਿਚ ਪੁਲਿਸ ਨੇ ਗ੍ਰਿਫ਼ਤਾਰ ਕੀਤੇ ਪਰ ਕਮਿੰਟਿੰਗ ਮੈਜਿਸਟਰੇਟ ਬੁਲ ਨੇ ੪ ਅਪ੍ਰੈਲ ੧੯੨੪ ਨੂੰ ਬਰੀ ਕਰ ਦਿੱਤੇ।

ਭਾਈ ਭੋਲਾ ਸਿੰਘ ਵਲਦ ਬਸੰਤ ਸਿੰਘ ਜੀ, ਨੰ: ੯੧
ਭਾਈ ਬਾਵਾ ਸਿੰਘ ਵਲਦ ਪ੍ਰਤਾਪ ਸਿੰਘ ਜੀ, ਨੰ: ੯੨
ਭਾਈ ਗੋਕਲ ਸਿੰਘ ਵਲਦ ਪ੍ਰਤਾਪ ਸਿੰਘ ਜੀ, ਨੰ: ੯੩
ਭਾਈ ਜਗਤ ਸਿੰਘ ਵਲਦ ਮੰਗਲ ਸਿੰਘ ਜੀ, ਨੰ: ੯੪

ਹੇਠ ਲਿਖੇ ਪੰਜ ਬਬਰ ਅਕਾਲੀ ਸਿੰਘ ਨੌਕਰਸ਼ਾਹੀ ਦੀ ਬਦਇੰਤਜ਼ਾਮੀ, ਬੀਮਾਰੀ ਤੇ ਖੁਰਾਕ ਦਾ ਸਹੀ ਪ੍ਰਬੰਧ ਨਾ ਹੋਣ ਕਰ ਕੇ ਹੇਠ ਲਿਖੀਆਂ ਤਾਰੀਖਾਂ ਅਨੁਸਾਰ ਜੇਲ੍ਹ ਲਾਹੌਰ ਵਿਚ ਸ਼ਹੀਦ ਹੋ ਗਏ—

***ਭਾਈ ਚਤਰ ਸਿੰਘ ਜੀ, ਨੰ: ੯੫***

ਆਪ ਸ੍ਰ: ਭੂਪ ਸਿੰਘ ਜੀ ਦੇ ਘਰ ਪਿੰਡ ਕੌਂਦਲਾਂ, ਜ਼ਿਲ੍ਹਾ ਜਲੰਧਰ, ਵਿਖੇ ਪੈਦਾ ਹੋਏ ਸਨ। ਵੱਡੇ ਹੋ ਕੇ ਪਲਟਨ ਨੰ: ੧੯ ਪੰਜਾਬੀ ਵਿਚ ਨੌਕਰ ਹੋ ਗਏ। ਕੌਮੀ ਲਹਿਰ ਦੇ ਅਰੰਭ ਹੁੰਦਿਆਂ ਹੀ ੧੯੨੦ ਵਿਚ ਨਾ-ਮਿਲਵਰਤਣ ਦੇ ਅਸੂਲ ਅਨੁਸਾਰ

ਨਾਂ ਕਟਾ ਆਏ ਤੇ ਆਉਂਦੇ ਹੀ ਦੇਸ਼ ਦੀ ਆਜ਼ਾਦੀ ਹਿਤ ਪ੍ਰਚਾਰ ਕਰਨ ਵਿਚ ਜੁਟ ਗਏ। ੧੨੪ (ਓ) ਹੇਠ ਆਪ ਨੂੰ ੬ ਜੂਨ ੧੯੨੩ ਦੇ ਦਿਨ ਡੇਢ ਸਾਲ ਕੈਦ ਦਿੱਤੀ ਗਈ। ਸਜ਼ਾ ਪੂਰੀ ਹੋਣ ਤੋਂ ਪਹਿਲਾਂ ਹੀ ਆਪ ਨੂੰ ਬਬਰ ਅਕਾਲੀ ਸਾਜ਼ਿਸ਼ ਵਿਚ ਲਪੇਟਣ ਲਈ, ੧੬ ਜੁਲਾਈ ੧੯੨੩ ਨੂੰ ਮੁਲਜ਼ਮ ਬਣਾਇਆ। ਆਪ ਨਮੂਨੀਏ ਦੀ ਬੀਮਾਰੀ ਨਾਲ ੨੧ ਦਸੰਬਰ ੧੯੨੩ ਨੂੰ ਜੇਲ੍ਹ ਵਿਚ ਅਕਾਲ ਚਲਾਣਾ ਕਰ ਗਏ।

***ਭਾਈ ਸੁੰਦਰ ਸਿੰਘ ਜੀ, ਨੰ: ੯੬***

ਆਪ ਜਥੇਦਾਰ ਸ੍ਰ: ਸੋਭਾ ਸਿੰਘ ਜੀ ਦੇ ਘਰ ਪਿੰਡ ਹਿਆਤਪੁਰ ਰੁੜਕੀ, ਜ਼ਿਲ੍ਹਾ ਹੁਸ਼ਿਆਰਪੁਰ, ਵਿਚ ਪੈਦਾ ਹੋਏ। ਵੱਡੇ ਹੋ ਕੇ ੧੯੧੬ ਵਿਚ ੩੨ ਨੰ: ਰਸਾਲੇ ਵਿਚ ਭਰਤੀ ਹੋ ਗਏ ਪਰ ੧੯੨੦ ਵਿਚ ਨਾ-ਮਿਲਵਰਤਣ ਦੇ ਅਸੂਲ ਅਨੁਸਾਰ ਨੌਕਰੀ ਛੱਡ ਕੇ ਆ ਗਏ। ਦੇਸ਼ ਦੀ ਆਜ਼ਾਦੀ ਹਿਤ ਤਨ, ਮਨ ਦੁਆਰਾ ਸੇਵਾ ਕਰਦੇ ਰਹੇ। ੧੨ ਜਨਵਰੀ ੧੯੨੨ ਨੂੰ ਨਿਰਵੈਰ ਸੇਵਕ ਸ਼ਹੀਦ ਜਥਾ ਦੁਆਬਾ ਵਿਚ ਸ਼ਾਮਿਲ ਹੋ ਕੇ ਅਨੰਦਪੁਰ ਸਾਹਿਬ ਦੇ ਗੁਰਦੁਆਰੇ ਦੇ ਕਬਜ਼ੇ ਹਿੱਤ ਪੁੱਜੇ। ਦੇਸ਼ ਸੇਵਕ ਬਬਰ ਅਕਾਲੀ ਜਥੇ ਦੇ ਮੈਂਬਰ ਬਣ ਕੇ ਝੋਲੀ-ਚੁੱਕ ਦੀਵਾਨ ਦਾ (ਸੁਧਾਰ ਕਤਲ ਦੁਆਰਾ) ਭਾਈ ਉਦੈ ਸਿੰਘ ਜੀ ਨਾਲ ਮਿਲ ਕੇ ੧੩ ਫਰਵਰੀ ੧੯੨੩ ਨੂੰ ਕੀਤਾ। ਆਪ ਯੋਗ ਸੇਵਾ ਕਰਦੇ ਹੋਏ ੧ ਅਗਸਤ ੧੯੨੩ ਨੂੰ ਗ੍ਰਿਫ਼ਤਾਰ ਹੋ ਗਏ। ਆਪ ੧੩ ਦਸੰਬਰ ੧੯੨੪ ਨੂੰ ਨਮੂਨੀਏ ਦੀ ਬੀਮਾਰੀ ਨਾਲ ਫ਼ੈਸਲੇ ਤੋਂ ਪਹਿਲਾਂ ਹੀ ਅਕਾਲ ਚਲਾਣਾ ਕਰ ਗਏ।

***ਭਾਈ ਅਮਰ ਸਿੰਘ ਜੀ, ਨੰ: ੯੭***

ਆਪ ਭਾਈ ਬਸੰਤ ਸਿੰਘ ਜੀ ਦੇ ਘਰ ਪੰਡੋਰੀ ਨਿੱਝਰਾਂ, ਜ਼ਿਲ੍ਹਾ ਜਲੰਧਰ, ਵਿਚ ਪੈਦਾ ਹੋਏ। ਧਰਮ ਕਿਰਤ ਕਰ ਕੇ ਵੰਡ ਕੇ ਛਕਦੇ ਰਹੇ। ਡਾਢੇ ਪ੍ਰੇਮੀ ਪੁਰਸ਼ ਸਨ। ਦੇਸ਼ ਸੇਵਾ ਤਨ, ਮਨ ਦੁਆਰਾ ਕਰਦੇ ਹੋਏ ਪੁਲਿਸ ਨੇ ੨੭ ਅਪ੍ਰੈਲ ੧੯੨੩ ਨੂੰ ਗ੍ਰਿਫ਼ਤਾਰ ਕਰ ਲਏ। ਮੁਕੱਦਮੇਂ ਦਾ ਫ਼ੈਸਲਾ ਹੋਣ ਤੋਂ ਪਹਿਲਾਂ ਹੀ ੧੯ ਨਵੰਬਰ ੧੯੨੪ ਨੂੰ ਅਕਾਲ ਚਲਾਣਾ ਕਰ ਗਏ।

***ਭਾਈ ਸਾਧਾ ਸਿੰਘ ਜੀ, ਨੰ: ੯੮***

ਆਪ ਸ੍ਰ: ਨਰੈਣ ਸਿੰਘ ਦੇ ਘਰ ਪੰਡੋਰੀ ਨਿੱਝਰਾਂ, ਜ਼ਿਲ੍ਹਾ ਜਲੰਧਰ, ਵਿਚ ਪੈਦਾ ਹੋਏ। ਮਾਪਿਆਂ ਨੇ ਨਿੱਕੇ ਹੁੰਦੇ ਹੀ ਪੜ੍ਹਨੇ ਪਾ ਦਿੱਤੇ। ਆਪ ਕੁਝ ਕਾਲ ਉਰਦੂ ਤੇ ਗੁਰਮੁਖੀ ਪੜ੍ਹ ਕੇ ਖੇਤੀ ਦੇ ਕੰਮ ਵਿਚ ਲੱਗ ਕੇ ਧਰਮ ਕਿਰਤ ਕਰਨ ਲੱਗ ਪਏ। ਮਾਰਚ ੧੯੨੩ ਵਿਚ ਆਪ ਬਬਰ ਅਕਾਲੀ ਜਥੇ ਦੇ ਮੈਂਬਰ ਬਣ ਗਏ। ਆਪ ਨੇ ਨੰਗਲ ਸ਼ਾਮਾਂ ਵਾਲੇ ਬੂਟੇ ਨੰਬਰਦਾਰ ਦੇ ਕਤਲ ਵਿਚ ਸ਼ਾਮਿਲ ਹੋ ਕੇ ਉਸ ਦਾ ਸੁਧਾਰ ਕੀਤਾ। ਦੇਸ਼ ਸੇਵਕਾਂ ਦੀ ਸੇਵਾ ਕਰਦੇ ਹੋਏ, ਆਪ ੨੨ ਅਪ੍ਰੈਲ ੧੯੨੩ ਨੂੰ ਗ੍ਰਿਫ਼ਤਾਰ ਕੀਤੇ ਗਏ ਪਰ ਮੁਕੱਦਮੇਂ ਦੇ ਫ਼ੈਸਲੇ ਤੋਂ ਪਹਿਲਾਂ ਹੀ ੧੯ ਦਸੰਬਰ ੧੯੨੪ ਨੂੰ ਅਕਾਲ ਚਲਾਣਾ ਕਰ ਗਏ।

**ਬਾਬਾ ਵਰਿਆਮ ਸਿੰਘ ਜੀ, ਨੰ: ੯੯**

ਬਾਬਾ ਜੀ ਭਾਈ ਨਰੈਣ ਸਿੰਘ ਜੀ ਦੇ ਘਰ, ਪਿੰਡ ਕੋਟ ਫਤੂਹੀ, ਜ਼ਿਲ੍ਹਾ ਹੁਸ਼ਿਆਰਪੁਰ, ਵਿਖੇ ਪੈਦਾ ਹੋਏ ਸਨ। ਧਰਮ ਕਿਰਤ ਕਰ ਕੇ ਦੇਸ਼ ਸੇਵਕ ਬਬਰਾਂ ਦੀ ਜਲ ਪਾਣੀ ਦੀ ਸੇਵਾ ਕਰਦੇ ਰਹੇ। ਸਿੱਧੇ ਸਾਦੇ ਗੁਰਮੁਖ ਸਿੱਖ ਸਨ। ਗ੍ਰਿਫ਼ਤਾਰੀ ਦੇ ਮੌਕੇ ਤੇ, ੨੨ ਅਪ੍ਰੈਲ ੧੯੨੩ ਨੂੰ, ਆਪ ਜੀ ਦੀ ਉਮਰ ੮੦ ਸਾਲ ਦੇ ਕਰੀਬ ਸੀ। ਬਬਰ ਸਾਜਿਸ਼ ਦੇ ਫ਼ੈਸਲੇ ਤੋਂ ਪਹਿਲਾਂ ੨੯ ਦਸੰਬਰ ੧੯੨੪ ਨੂੰ ਅਕਾਲ ਚਲਾਣਾ ਕਰ ਗਏ।

**ਭਾਈ ਅਮਰ ਸਿੰਘ ਜੀ, ਨੰ: ੧੦੦**

ਆਪ ਭਾਈ ਨੱਥਾ ਸਿੰਘ ਜੀ ਪਿੰਡ ਮੰਢਿਆਣੀ, ਜ਼ਿਲ੍ਹਾ ਹੁਸ਼ਿਆਰਪੁਰ, ਦੇ ਘਰ ਪੈਦਾ ਹੋਏ। ਧਰਮ ਤੇ ਦੇਸ਼ ਨਾਲ ਬੜੀ ਮੁਹੱਬਤ ਰਖਦੇ ਸਨ। ਇਸ ਕਰ ਕੇ ਆਪ ਨੂੰ ਬਬਰ ਅਕਾਲੀ ਸਾਜ਼ਿਸ਼ ਵਿੱਚੋਂ ਮਫ਼ਰੂਰ ਕਰਾਰ ਦਿੱਤਾ ਗਿਆ।

**ਭਾਈ ਗੁਰਬਚਨ ਸਿੰਘ ਜੀ, ਨੰ: ੧੦੧**

ਆਪ ਨੇ ਭਾਈ ਮਾਲੀ ਦੇ ਘਰ ਪਿੰਡ ਦੌਲਤਪੁਰ, ਜ਼ਿਲ੍ਹਾ ਜਲੰਧਰ, ਵਿਚ ਜਨਮ ਲਿਆ ਸੀ। ਭਾਈ ਕਰਮ ਸਿੰਘ ਜੀ ਬਬਰ ਦੀ ਸੰਗਤ ਕਰ ਕੇ ਦੇਸ਼ ਸੇਵਾ ਕਰਦੇ ਸਨ। ਆਪ ਬਬਰ ਅਕਾਲੀ ਸਾਜਿਸ਼ ਕੇਸ ਵਿਚ ਮਫ਼ਰੂਰ ਕਰਾਰ ਦਿੱਤੇ ਗਏ ਸਨ।

**ਮੁਕੱਦਮੇਂ ਦਾ ਅਰੰਭ**

੬੩ ਬਬਰ ਅਕਾਲੀਆਂ ਦਾ ਮੁਕੱਦਮਾਂ ੨੪ ਸਤੰਬਰ ੧੯੨੩ ਨੂੰ ਸਪੈਸ਼ਲ ਮੈਜਿਸਟਰੇਟ ਬੁਲ ਦੀ ਅਦਾਲਤ ਵਿਚ ਸੈਂਟਰਲ ਜੇਲ੍ਹ ਲਾਹੌਰ ਪੇਸ਼ ਹੋਇਆ। ਮੁਕੱਦਮੇਂ ਦੀ ਕਾਰਵਾਈ ੨੮ ਅਗਸਤ ੧੯੨੩ ਨੂੰ ਸ਼ੁਰੂ ਹੋਈ। ਮੁਕੱਦਮੇਂ ਦਾ ਇੰਚਾਰਜ ਮੀਰ ਫ਼ਜ਼ਲ ਇਮਾਮ ਡਿਪਟੀ ਸੁਪਰਡੈਂਟ ਸੀ. ਆਈ. ਡੀ. ਤੇ ਸਰਕਾਰੀ ਵਕੀਲ ਪਿੰਡੀ ਦਾਸ ਲਾਹੌਰ ਵਾਲਾ ਸੀ।

**ਬੁਲ ਦੀ ਅਦਾਲਤ ਦੀ ਕਾਰਵਾਈ**

ਗੌਰਮਿੰਟ ਅੰਗ੍ਰੇਜ਼ੀ ਜਦੋਂ ਕਿਸੇ ਅਫ਼ਸਰ ਨੂੰ ਬੇਈਮਾਨੀ ਕਰਨ ਲਈ ਕਿਸੇ ਕੰਮ 'ਤੇ ਲਾਉਂਦੀ ਹੈ, ਉਸ ਨਾਲ ਇਕਰਾਰ ਕਰ ਲੈਂਦੀ ਹੈ ਕਿ ਇਸ ਦੇ ਸਿਲੇ ਵਿਚ ਉਸ ਨੂੰ ਫ਼ਾਇਦਾ ਦਿੱਤਾ ਜਾਵੇਗਾ। ਇਸੇ ਅਨੁਸਾਰ ਬੁਲ, ਪਿੰਡੀ ਦਾਸ ਤੇ ਮੀਰ ਫ਼ਜ਼ਲ ਇਮਾਮ ਨਾਲ ਵਾਅਦਾ ਕੀਤਾ ਗਿਆ ਸੀ। ਗੌਰਮਿੰਟ ਨੇ ਇਨ੍ਹਾਂ ਤਿੰਨਾਂ ਦੀ ਸਿਰੇ ਦੀ ਸ਼ੈਤਾਨੀ ਤੇ ਬੇਈਮਾਨੀ ਤੇ ਜ਼ੁਲਮ ਭਰੀ ਕਾਰਵਾਈ ਨੂੰ ਵੇਖ ਕੇ ਮੁਕੱਦਮੇਂ ਦੇ ਕੁਮਿਟਿੰਗ ਵਿਚ ਖ਼ਤਮ ਹੋਣ ਤੋਂ ਪਹਿਲੋਂ ਹੀ ਬੁਲ ਨੂੰ ਡਿਪਟੀ ਕਮਿਸ਼ਨਰ ਜਲੰਧਰ, ਫ਼ਜ਼ਲ ਇਮਾਮ ਨੂੰ ਇੰਸਪੈਕਟਰ ਤੋਂ ਡਿਪਟੀ ਸੁਪਰਡੈਂਟ ਅਤੇ ਪਿੰਡੀ ਦਾਸ ਨੂੰ ਦੀਵਾਨ ਬਹਾਦਰ ਬਣਾਇਆ ਗਿਆ। ਇਸ ਅਦਾਲਤ ਦੀ ਕਾਰਵਾਈ ਦਾ ਸੰਖੇਪ ਤੌਰ 'ਤੇ ਨਕਸ਼ਾ ਵੇਖਣਾ ਹੋਵੇ ਤਾਂ ਭਾਈ ਕਰਮ ਸਿੰਘ ਜੀ ਝਿੰਗੜ ਦੇ ਬਿਆਨ ਤੇ ਭਾਈ ਕਿਸ਼ਨ ਸਿੰਘ ਜੀ ਚੱਕਰਵਰਤੀ ਤੇ ਮਾਸਟਰ ਦਲੀਪ ਸਿੰਘ ਜੀ ਗੋਸਲ ਦੇ ਤਹਿਰੀਰੀ ਬਿਆਨਾਂ, ਜੋ ਇਨ੍ਹਾਂ ਬੁਲ ਦੀ ੧੨ ਫ਼ਰਵਰੀ ੧੯੨੪ ਨੂੰ ਤੇ ਸੈਸ਼ਨ ਜੱਜ ਦੀ ਅਦਾਲਤ

ਵਿਚ ਦਿੱਤੇ ਸਨ, ਵਿਚ ਪੇਸ਼ ਕੀਤਾ ਹੋਇਆ ਹੈ। ਮੈਂ ਇਥੇ ਮੁਖ਼ਤਸਰ ਹਾਲ ਆਪ ਜੀ ਦੇ ਪੇਸ਼ ਕਰਦਾ ਹਾਂ ਕਿਉਂਕਿ ਜੇਕਰ ਸੰਖੇਪ ਤੌਰ 'ਤੇ ਵੀ ਸਾਰਾ ਹਾਲ ਲਿਖਿਆ ਜਾਵੇ, ਤਾਂ ਇਸ ਤੋਂ ਦੋ ਗੁਣਾ ਹੋਰ ਜ਼ਿਆਦਾ ਕਿਤਾਬ ਬਣ ਸਕਦੀ ਹੈ। ਇਥੇ ਭਾਈ ਕਿਸ਼ਨ ਸਿੰਘ ਗੜਗੱਜ ਚੱਕਰਵਰਤੀ ਦੇ ਬਿਆਨ ਦੀ ਨਕਲ ਆਪ ਜੀ ਦੇ ਸਾਹਮਣੇ ਪੇਸ਼ ਕੀਤੀ ਜਾਂਦੀ ਹੈ–

"ਮੈਂ ਖੁਸ਼ ਹੂੰ ਕਿ ਮੈਂ ਕਿਆ, ਕਿਸ ਕੇ ਸਾਹਮਣੇ ਅਰ ਕਿਉਂ ਕਰ ਬਿਆਨ ਦੂੰ। ਮੇਰੇ ਖ਼ਿਆਲ ਮੇਂ ਇਸ ਅਦਾਲਤ ਕੀ ਤਮਾਮ ਕਾਰਵਾਈ ਕਿਸੀ ਮੁਨਸਫ਼ ਮਿਜ਼ਾਜ ਅਰ ਅਹਿਲੇ-ਈਮਾਨ ਕੀ ਨਿਗਾਹ ਮੇਂ ਇਕ ਡਰਾਮੇ ਸੇ ਜ਼ਿਆਦਾ ਵੁੱਕਤ ਨਹੀਂ ਰੱਖ ਸਕਤੀ। ਸਰਕਾਰੀ ਗਵਾਹ ਪੁਲਿਸ ਕੇ-ਮਾਰੇ ਪਿੱਟੇ ਬੜੇ ਖ਼ੌਫ਼ਜ਼ਦਾ ਔਰ ਪ੍ਰੇਸ਼ਾਨੀ ਹਾਲਤ ਮੇਂ ਅਦਾਲਤ ਕੇ ਸਾਹਮਣੇ ਪੇਸ਼ ਹੋਤੇ ਹੈਂ ਅਰ ਤੋਤੇ ਕੀ ਤਰਹ ਵੁਹੀ ਬਾਤੇਂ ਬਿਆਨ ਕਰਤੇ ਹੈ ਜੋ ਕਿ ਪੁਲਿਸ ਨੇ ਡਰਾ ਧਮਕਾ ਕਰ ਉਨੇਂ ਰਟਾ ਦੀ ਹੋਂ। ਲੇਕਿਨ ਪੁਲਿਸ ਕੀ ਬਦਕਿਸਮਤੀ ਜੋ ਉਨ ਕੋ ਜ਼ਹੀਨ ਔਰ ਸ਼ਊਰ ਵਾਲੇ ਗਵਾਹ ਮੁਸ਼ਕਲ ਸੇ ਹੀ ਦਸਤਯਾਬ ਹੋਤੇ ਹੈਂ। ਉਨ ਕੇ ਗਵਾਹੋਂ ਮੇਂ ਜ਼ਿਆਦਾਤਰ ਦਵਾਨੀ ਚੁਵਾਨੀ ਕੇ ਲੀਏ ਝੂਠੀ ਗਵਾਹੀਏਂ ਦੇਣੇ ਵਾਲੇ ਹੀ ਸ਼ਾਮਿਲ ਹੋਤੇ ਹੈਂ ਅਰ ਮਿਸਾਲ ਮਸ਼ਹੂਰ ਹੈ ਕਿ 'ਦਰੋਗ ਗੋਰਾ ਹਾਫ਼ਜ਼ਾ ਨਾ ਬਾਇਦ।' ਇਸ ਲੀਏ ਜ਼ਿਆਦਾਤਰ ਸਰਕਾਰੀ ਗਵਾਹ ਐਸੇ ਹੋਤੇ ਹੈਂ ਜੋ ਬਾਵਜੂਦ ਇਤਨੀ ਰਿਹਰਸਲੋਂ ਔਰ ਕਾਨਫ਼ੂਸੀਓਂ ਕੇ ਜੋ ਹਰ ਵਕਤ ਕਚਹਿਰੀ ਕੇ ਅੰਦਰ ਯਾ ਬਾਹਰ ਜੈਸਾ ਭੀ ਮੌਕਾ ਹਾਥ ਲੱਗੇ, ਨਿਕੰਮੇ ਸਾਬਤ ਹੋਤੇ ਹੈਂ।"

ਕੋਈ ਕੋਈ ਹੀ ਉਨ੍ਹਾਂ ਵਿੱਚੋਂ ਅਜਿਹਾ ਹੁੰਦਾ ਸੀ ਜੋ ਆਪਨਾ ਸਬਕ ਅਦਾਲਤ ਦੇ ਸਾਹਮਣੇ ਸਹੀ ਤੌਰ 'ਤੇ ਸੁਣਾਵੇ ਬਲਕਿ ਕਰੀਬ-ਕਰੀਬ ਹਰ ਇਕ ਗਵਾਹ ਨੂੰ ਸਰਕਾਰੀ ਵਕੀਲ ਨੂੰ ਮਦਦ ਦੇਣੀ ਪੈਂਦੀ ਕੀ ਕਿਤੇ ਅਜਿਹਾ ਨਾ ਹੋਵੇ ਜੋ ਗਵਾਹ ਦਾ ਪੈਰ ਉਖੜ ਜਾਵੇ ਤੇ ਗਵਾਹ ਧੜਮ ਮੂੰਹ-ਮੂੰਧੜੇ ਜਾ ਪਵੇ। ਲੇਕਿਨ ਤੋਤੇ ਤੋਂ ਕੋਈ ਕਿਤਨਾ ਕੁ ਉਮੀਦ ਰੱਖ ਸਕਦਾ ਹੈ। ਸਰਕਾਰੀ ਵਕੀਲ ਦੇ ਸਾਰੇ ਇਸ਼ਾਰੇ ਅਤੇ ਪਰੇਸ਼ਾਨੀ ਦੇ ਬਾਵਜੂਦ ਭੀ ਗਵਾਹ ਜਗ੍ਹਾ-ਜਗ੍ਹਾ ਗਲਤੀ ਖਾ ਜਾਂਦੇ ਸਨ। ਸਭ ਤੋਂ ਵੱਡੀ ਗੱਲ ਤਾਂ ਇਹ ਹੈ ਕਿ ਕਈ ਗੱਲਾਂ ਮੁਜਾਇਕਾਖੇਜ਼ ਕਹਿ ਦੇਂਦੇ। ਗੱਲਾਂ ਬਿਲਕੁਲ ਲਚਰ ਤੇ ਇਕ ਦੂਜੀ ਦੇ ਖ਼ਿਲਾਫ਼ ਸਨ। ਬਸ ਇਹੀ ਕਿੱਸਾ ਪੂਰੇ ਵਕਤ ਸ਼ਹਾਦਤਾਂ ਦੀ ਕਲਮਬੰਦੀ ਦੇ ਦੌਰਾਨ ਯਕੇ ਬਾਅਦ ਦੀਗਰੇ ਸਭ ਗਵਾਹਾਂ ਦੇ ਨਾਲ ਪੇਸ਼ ਆਉਂਦਾ ਹੈ। ਜਿਸ ਜਗ੍ਹਾ ਗਵਾਹ ਜ਼ਰਾ ਕੁ ਥਿੜਕੇ ਝਟ ਸਰਕਾਰੀ ਵਕੀਲ ਜਾਂ ਸੀ. ਆਈ. ਡੀ. ਦੇ ਅਫ਼ਸਰਾਂ ਵਿੱਚੋਂ ਕੋਈ ਨਾ ਕੋਈ ਗਵਾਹ ਦੀ ਪਿੱਠ ਉੱਤੇ ਹੱਥ ਫੇਰਨ ਲਈ ਵਿੱਚੇ ਬੋਲ ਉਠਦਾ ਹੈ। ਅੱਵਲ ਤਾਂ ਅੱਖ ਯਾ ਹੱਥ ਦੇ ਇਸ਼ਾਰੇ ਨਾਲ ਖ਼ਬਰਦਾਰ ਕੀਤਾ ਜਾਂਦਾ ਹੈ। ਭਲਾ ਜੇ ਕਰ ਗਵਾਹ ਇਨ੍ਹਾਂ ਰਮਜ਼ਾਂ ਨੂੰ ਭੀ ਨਾ ਸਮਝ ਸਕੇ ਤਾਂ ਸੀ. ਆਈ. ਡੀ. ਦਾ ਕੋਈ ਨਾ ਕੋਈ ਅਫ਼ਸਰ ਸਰਕਾਰੀ ਵਕੀਲ ਦੇ ਕੰਮ ਵਿਚ ਕੋਈ ਗੱਲ ਫੁਸਫੁਸਾ ਦਿੰਦਾ ਹੈ ਤੇ ਸਰਕਾਰੀ ਵਕੀਲ ਝੱਟ-ਪਟ

ਇਕ ਲੀਡਿੰਗ ਸਵਾਲ ਕਰ ਕੇ ਬਾਤ ਗਵਾਹ ਸੇ ਕਹਲਵਾਨੀ ਹੋਤੀ ਹੈ, ਉਸ ਦਾ ਅੱਧਾ ਹਿੱਸਾ ਖ਼ੁਦ ਬਤਾਇਆ ਜਾਂਦਾ ਹੈ ਅਰ ਯੂੰ ਗਵਾਹ ਕੋ ਰਾਹ 'ਪਰ ਲਾ ਕਰ ਸਰਕਾਰੀ ਮੁਲਾਜ਼ਮ ਆਪਣਾ ਮੁੱਦਾ ਹਾਸਿਲ ਕਰ ਲੇਤੇ ਹੈਂ। ਅਗਰ ਇਸ ਪਰ ਭੀ ਗਵਾਹ ਬਿਲਕੁਲ ਕੂੜ-ਮਗ਼ਜ਼ ਹੋ ਤੋਂ ਉਸੇ ਖੁਲਮ-ਖੁਲ੍ਹਾ ਅਦਾਲਤ ਕੇ ਕਮਰੇ ਸੇ ਬਾਹਰ ਲੇ ਜਾ ਕਰ ਦੁਬਾਰਾ ਸਿਖਲਾਈ ਹੋਤੀ ਹੈ ਅਰ ਜਬ ਤਕ ਵੋਹ ਅਫ਼ਸਰਾਨ ਕੀ ਹਸਬ ਮਨਸ਼ਾ ਠੀਕ ਠੀਕ ਬੋਲਨੇ ਨਾ ਲੱਗ ਜਾਏ ਤਬ ਤਕ ਅਦਾਲਤ ਕੇ ਕਮਰੇ ਮੇਂ ਉਸੇ ਨਹੀਂ ਲਾਇਆ ਜਾਤਾ। ਇਸ ਕੇ ਬਰਅਕਸ ਜਬ ਕੋਈ ਬਬਰ ਮੁਲਜ਼ਮ ਕਿਸੀ ਕਿਸਮ ਦਾ ਇਤਰਾਜ਼ ਉਠਾਨੇ ਕੀ ਖਵਾਹਸ਼ ਜ਼ਾਹਿਰ ਕਰੇ ਯਾ ਕਿਸੀ ਨਜਾਇਜ਼ ਕਾਰਵਾਈ ਕੀ ਤਰਫ਼ ਮੈਜਿਸਟਰੇਟ ਕੀ ਤਵੱਜੋਂ ਦਿਲਾਨਾ ਚਾਹੇ ਤੋ ਉਸ ਵਿਚਾਰੇ ਕਾ ਵੋਹੀ ਹਾਲ ਹੋਤਾ ਹੈ, ਜੈਸਾ ਕਿਸੀ ਬੀਆਬਾਨ ਮੇਂ ਪੁਕਾਰਨੇ ਵਾਲੇ ਕੀ ਆਵਾਜ਼ ਕਾ। ਨਾ ਮੈਜਿਸਟਰੇਟ ਉਸ ਦੀ ਬਾਤ ਕੋ ਕਾਨ ਦੇ ਕਰ ਕੇ ਸੁਨਤਾ ਹੈ ਅਰ ਨਾ ਹੀ ਸਰਕਾਰੀ ਵਕੀਲ ਔਰ. ਸੀ. ਆਈ. ਡੀ. ਕੇ ਅਫ਼ਸਰਾਨ ਉਨ ਕੋ ਬਾਤ ਕਰਨੇ ਕਾ ਮੌਕਾ ਦੇਤੇ ਹੈਂ। ਸਰਕਾਰੀ ਵਕੀਲ ਕੇ ਕਾਨ ਕੋ ਅਗਰ ਅਦਾਲਤ ਕੇ ਕਮਰੇ ਕਾ ਟੈਲੀਫੋਨ ਕਹਾ ਜਾਏ ਤੋ ਬੇਜਾ ਨਾ ਹੋਗਾ ਕਿਉਂਕਿ ਹਰ ਲਮਹਾ ਸੀ. ਆਈ. ਡੀ. ਕੇ ਅਫ਼ਸਰ (ਮੀਰ ਫ਼ਜ਼ਲ ਇਮਾਮ) ਕਾ ਮੂੰਹ ਸਰਕਾਰੀ ਵਕੀਲ ਕੇ ਕਾਨ ਪਰ ਹੀ ਲੱਗਾ ਰਹਿਤਾ ਹੈ। ਹੈਰਾਨਗੀ ਦੀ ਬਾਤ ਤੋ ਯਿਹ ਹੈ ਕਿ ਮੈਜਿਸਟਰੇਟ ਸਾਹਿਬ ਇਸ ਬੇਢੰਗੀ ਔਰ ਨਾਜਾਇਜ਼ ਕਾਰਵਾਈ ਕੋ ਬੜੀ ਲਾਪਰਵਾਹੀ ਸੇ ਦੇਖਤਾ ਰਹਿਤਾ ਹੈ ਔਰ ਕਿਸੀ ਵਕਤ ਭੀ ਖ਼ੁਦਾ ਕਾ ਖ਼ੌਫ਼ ਖਾ ਕੇ ਯਾ ਸਿਰਫ਼ ਇਨਸਾਨੀਅਤ ਕੇ ਲਿਹਾਜ਼ ਯਾ ਇਨਸਾਫ਼ ਕੇ ਤਕਾਜ਼ੇ ਸੇ ਇਤਨਾ ਕੁਛ ਭੀ ਨਹੀਂ ਕਰਤੇ ਕਿ ਮੁਲਜ਼ਮ ਕੇ ਹੱਕ ਮੇਂ ਜੋ ਸੱਚੀ ਬਾਤ ਹੋ, ਉਸ ਕੋ ਮਿਸਲ ਮੇਂ ਦਰਜ ਕਰ ਲੇਂ ਬਲਕਿ ਅਗਰ ਅਖ਼ਬਾਰ ਕਾ ਰਿਪੋਰਟ ਭੀ ਕਹੀਂ ਭੁਲ-ਚੁੱਕ ਸੇ ਕੋਈ ਬਾਤ ਐਸੀ ਦਰਜ਼ ਕਰ ਲੇਂ ਜਿਸ ਸੇ ਅਦਾਲਤ ਕੀ ਗ਼ਲਤੀ ਔਰ ਮੁਲਜ਼ਮ ਕੀ ਸਚਾਈ ਜ਼ਾਹਿਰ ਹੋ ਤੋ ਵੋਹ ਫ਼ੌਰਣ ਸੈਂਸਰ ਹੋ ਜਾਤੀ ਹੈ, ਤਾਂ ਕਿ ਐਸਾ ਨਾ ਹੋ ਕਿ ਦੁਨੀਆਂ ਪਰ ਕੋਈ ਸੱਚੀ ਬਾਤ ਰੌਸ਼ਨ ਹੋ ਜਾਏ। ਯੂੰ ਤੋ ਰਿਪੋਰਟ ਭੀ ਅਦਾਲਤ ਕੀ ਮਰਜ਼ੀ ਕੇ ਮੁਤਾਬਿਕ ਹੋਤੇ ਹੈਂ। ਇਕ ਕੌਮੀ ਔਰ ਆਜ਼ਾਦ ਖ਼ਿਆਲ ਰਿਪੋਰਟਰ ਕਾ ਤੋ ਦਾਖ਼ਲਾ ਹੀ ਅਦਾਲਤ ਮੇਂ ਬੰਦ ਹੈ। ਇਸ ਕੇ ਇਲਾਵਾ ਗਵਾਹੋਂ ਸੇ ਅਦਾਲਤ ਮੇਂ ਬਾਜ਼ ਐਸੀ ਬਾਤੇਂ ਕਹਿਲਵਾਈ ਜਾਤੀ ਹੈਂ, ਜਿਨ ਕਾ ਸਰਕਾਰ ਪਰ ਕੋਈ ਖ਼ਾਸ ਅਸਰ ਨਹੀਂ ਅਰ ਨਾ ਹੀ ਹਮਾਰੇ ਮੁਕੱਦਮੇਂ ਸੇ ਉਨ ਕਾ ਕੋਈ ਤੁਅੱਲਕ ਹੈ। ਵੋਹ ਮਹਿਜ਼ ਇਸ ਗ਼ਰਜ਼ ਸੇ ਕਹਿਲਵਾਈ ਜਾਤੀ ਹੈ ਕਿ ਬਬਰ ਜਥਾ ਬਦਨਾਮ ਹੋ ਜਾਏ ਔਰ ਉਸ ਕੇ ਜ਼ਿੰਮੇਂਦਾਰ ਹਕੀਰ ਔਰ ਜ਼ਲੀਲ ਬਣ ਜਾਏ। ਮਸਲਨ ਕਿਸ਼ਨ ਸਿੰਘ ਦੇ ਖ਼ਿਲਾਫ਼ ਯਿਹ ਕਹਿਲਵਾਇਆ ਹੈ ਕਿ ਕਿਸ਼ਨ ਸਿੰਘ ਨੇ ਕਹਾ ਥਾ ਕਿ ਕਾਂਗਰਸ ਸ਼ਾਂਤਮਈ ਜਮਾਤ ਹੈ, ਔਰ ਹਮ ਸ਼ਾਂਤਮਈ ਕੇ ਖ਼ਿਲਾਫ਼ ਹੈਂ ਔਰ ਵੋਹ ਬਨੀਏਂ ਹੈਂ। ਇਸ ਤਰ੍ਹਾਂ ਅਲਫ਼ਾਜ਼ ਕੇ ਇਲਜ਼ਾਮ ਮੁਝ ਪਰ ਲਗਾਏ ਗਏ ਥੇ। ਮੇਰੀ ੭੨੭ ਤਕਰੀਰੇਂ ਜੋ ਮੈਨੇ ਚਕਰ

ਦੌਰੇ ਕੇ ਦੌਰਾਨ ਮਾਝਾ, ਮਾਲਵਾ ਔਰ ਦੁਆਬੇ ਮੇਂ ਕੀ ਥੀ, ਉਨ ਮੇਂ ਸੇ ਮਿਸਲ ਮੇਂ ਮੇਰੇ ਖ਼ਿਲਾਫ਼ ਕੋਈ ੨੦ ਕੇ ਕਰੀਬ ਤਕਰੀਰੋਂ ਕੇ ਹਵਾਲੇ ਦੀਏ ਗਏ ਹੈਂ। ਇਨ ਕੇ ਮੁਤਅਲਕਾ ਗਵਾਹੋਂ ਨੇ ਮੁਖ਼ਤਲਿਫ਼ ਤਰੀਕੋਂ ਮੇਂ ਬਿਆਨ ਕੀਏ ਹੈਂ ਔਰ ਉਨ ਕੇ ਬਿਆਨੋਂ ਕੇ ਦੌਰਾਨ ਹਰ ਇਕ ਗਵਾਹ ਸੇ ਵਹੀ ਸਵਾਲ ਘੂਮ-ਘੂਮ ਕਰ ਕੀਏ ਜਾਤੇ ਹੈਂ। ਗਵਾਹ ਅਦਾਲਤ ਕੇ ਸਾਹਮਣੇ ਪੇਸ਼ ਹੋਤਾ ਹੈ ਔਰ ਸਰਕਾਰੀ ਵਕੀਲ ਨੀਚੇ ਲਿਖੇ ਹੂਏ ਤਰੀਕੇ ਸੇ ਉਸ ਸੇ ਸਵਾਲ-ਜਵਾਬ ਕਰਤਾ ਹੈ:-

ਸਰਕਾਰੀ ਵਕੀਲ : ਕਿਉਂ ਭਾਈ ਕਿਸ਼ਨ ਸਿੰਘ ਕੇ ਹਾਥ ਮੇਂ ਤਕਰੀਰ ਕਰਤੇ ਵਕਤ ਮੇਂ ਕਿਆ ਥਾਂ ?

**ਗਵਾਹ :** ਤਲਵਾਰ ਥੀ।

**ਸਰਕਾਰੀ ਵਕੀਲ :** ਕਿਆ ਮਿਆਨ ਮੇ ਥੀ ?

**ਗਵਾਹ :** ਨਹੀਂ ਜੀ, ਨੰਗੀ ਥੀ।

**ਸਰਕਾਰੀ ਵਕੀਲ :** ਕਿਸ਼ਨ ਸਿੰਘ ਨੇ ਤਕਰੀਰ ਮੇਂ ਕਿਆ ਕਹਾ ਥਾ ?

**ਗਵਾਹ :** ਝੋਲੀ-ਚੁੱਕ ਕੋ ਸਮਝਾਓ ਔਰ ਕਹੋ ਕਿ ਵੋਹ ਹਮਾਰੀ ਕੌਮ ਕੇ ਸਾਥ ਮਿਲ ਜਾਏ।

**ਸਰਕਾਰੀ ਵਕੀਲ :** ਅਗਰ ਝੋਲੀ-ਚੁੱਕ ਨਾ ਸਮਝੇ।

**ਗਵਾਹ :** ਤੋ ਉਨ ਕਾ ਸੁਧਾਰ ਕੀਆ ਜਾਵੇਗਾ।

**ਸਰਕਾਰੀ ਵਕੀਲ :** ਸੁਧਾਰ ਸੇ ਕਿਆ ਮੁਰਾਦ ਹੈ ?

**ਗਵਾਹ :** ਜੀ ਕਤਲ...।

**ਸਰਕਾਰੀ ਵਕੀਲ :** ਕਿਸ਼ਨ ਸਿੰਘ ਜੀ ਨੇ ਔਰ ਕਿਆ ਕਹਾ ਥਾ ?

**ਗਵਾਹ :** ਜੀ ਅੰਗ੍ਰੇਜ਼ੋਂ ਕੋ ਹਿੰਦੁਸਤਾਨ ਸੇ ਨਿਕਾਲ ਦੋ।

**ਸਰਕਾਰੀ ਵਕੀਲ :** ਕਿਸ ਕੇ ਸਾਥ ਕਹਾ ਥਾ ? ਅੰਗ੍ਰੇਜ਼ੋਂ ਕੋ ਨਿਕਾਲ ਦੋ ?

**ਗਵਾਹ :** ਜੀ ਤਲਵਾਰ ਸੇ ਵਗੈਰਾ ਵਗੈਰਾ....।

ਚੂੰਕਿ ਮੇਰਾ ਅਸਲ ਮੁਦਾਅ ਡੀਫੈਂਸ ਪੇਸ਼ ਕਰਨੇ ਕਾ ਨਹੀਂ ਹੈ ਔਰ ਨਾ ਹੀ ਮੈਂ ਕੋਈ ਬਚਾਉ ਕੀ ਸੂਰਤੇਂ ਢੂੰਡਨੇ ਕੇ ਦਰ ਪੈ ਹੂੰ, ਇਸ ਲੀਏ ਮੈਂ ਸਰਕਾਰੀ ਗਵਾਹ ਔਰ ਵਾਇਦਾ ਮੁਆਫ਼ ਪਰ ਕੋਈ ਜਿਰਾਹ ਨਹੀਂ ਕਰਨੀ ਚਾਹਤਾ ਔਰ ਨਾ ਹੀ ਅਦਾਲਤ ਸੇ ਕਿਸੀ ਰਹਿਮ ਯਾ ਇਨਸਾਫ਼ ਕਾ ਕਜ਼ੀਆ ਕਰਨਾ ਚਾਹਤਾ ਹੂੰ। ਮੇਰਾ ਮਕਸਦ ਸਿਰਫ਼ ਵੋਹ ਮੁਜ਼ਾਇਕਾ-ਖੇਜ਼ ਬਾਤੇਂ ਪਬਲਿਕ ਔਰ ਅਦਾਲਤ ਕੀ ਨਜ਼ਰ ਮੇਂ ਲਾਨੀ ਹੈ, ਜਿਨ ਸੇ ਕਿ ਇਕ ਬੱਚਾ ਭੀ ਸਮਝ ਜਾਏ ਕਿ ਅੰਗ੍ਰੇਜ਼ੀ ਰਾਜ ਮੇਂ ਨਿਹੱਥੇ ਔਰ ਬੇਬੱਸ ਮਜ਼ਲੂਮੋਂ ਕੇ ਫਸਾਨੇ ਔਰ ਉਨ ਸੇ ਹਮੇਸ਼ਾ ਕੇ ਲੀਏ ਨਿਜ਼ਾਤ ਹਾਸਿਲ ਕਰਨੇ ਕੀ ਕਿਨ-ਕਿਨ ਜ਼ਲੀਲ ਔਰ ਨਾ-ਮੁਰਦਾਨਾ-ਵਾਰ ਚਾਲੋਂ ਸੇ ਕੋਸ਼ਿਸ਼ ਕੀ ਜਾਤੀ ਹੈ...।

ਕਿਆ ਉਸ ਵਕਤ ਮੇਰੀ ਬਾਬਾ ਦਲੀਪ ਸਿੰਘ ਜੀ ਜਥੇਦਾਰ, ਭਾਈ ਕਰਮ ਸਿੰਘ ਜੀ ਝਿੰਗੜ, ਭਾਈ ਕਰਮ ਸਿੰਘ ਜੀ ਬਬਰ ਤੇ ਮਾਸਟਰ ਦਲੀਪ ਸਿੰਘ ਜੀ

ਗੋਸਲ ਆਦਿ ਬਬਰਾਂ ਦੀ ਲੈਕਚਰ ਕਰਨ ਵੇਲੇ ਅਕਲ ਫਿਰ ਗਈ ਸੀ ? ਕਿਉਂਕਿ ਇਸ ਕੇ ਬਰਅਕਸ ਇਸ ਕੇ ੯ ਸਤੰਬਰ ੧੯੨੨ ਕੇ ਅਖ਼ਬਾਰ ਬਬਰ ਅਕਾਲੀ ਦੁਆਬਾ ਮੇਂ "ਖੰਡੇ ਕਾ ਗੀਤ" ਨਾਮ ਕੀ ਇਕ ਪੰਜਾਬੀ ਨਜ਼ਮ ਛਪ ਚੁਕੀ ਹੈ। ਇਸ ਮੇਂ ਕਾਂਗਰਸ ਲੀਡਰੋਂ ਕੀ ਸ਼ਾਨ ਮੇਂ ਐਸੇ ਅਲਫ਼ਾਜ਼ ਇਸਤੇਮਾਲ ਕੀਏ ਗਏ ਹੈਂ ਜੋ ਨੀਚੇ ਦੀਏ ਜਾਤੇ ਹੈਂ ਔਰ ਚੰਦ ਇਕ ਡਾਰਾਂ (ਮਿਸਰੇ) ਮਿਸਲ ਮੇਂ ਦਰਜ ਹੈਂ। ਮਸਲਨ—

ਜੇਹਲ ਨਵਾਸੀ ਸ਼ੇਰ ਜਾਂ ਆ ਗਏ ਫੇਰ ਦੁੰਦ ਭੀ ਬੱਜੇਗਾ।
ਅਲੀ ਬਰਾਦਰ, ਕਿਚਲੂ ਯੋਧਾ, ਸੀ: ਆਰ. ਦਾਸ ਵੀ ਗੱਜੇਗਾ।
ਜੇਹਲੋਂ ਬਾਹਰ ਆ ਕੇ ਗਾਂਧੀ ਹਰ ਕਾ ਨਾਮ ਜਪਾਵੇਗਾ।
ਖੰਡਾ ਪਕੜ ਮੈਦਾਨੇ ਆ ਕੇ ਜੀਵਨ ਪਦਵੀ ਪਾਵੇਗਾ।
ਲਾਇਲਪੁਰੀ ਸਿੰਘ ਸੁੰਦਰ ਯੋਧਾ ਅਰ ਮੰਗਲ ਸ੍ਦਾਰ ਜੀ।
ਸਿੰਘ ਸਰਦੂਲ ਕਵੀਸ਼ਰ ਸਾਡਾ ਨਾਲੇ ਖੜਗ ਦੋ-ਧਾਰ ਜੀ।
ਨਾਲ ਖੰਡੇ ਦੇ ਸਿੰਘ ਕੇਸਰਾ ਜਿਹਲੋਂ ਬਾਹਰ ਲਿਆਵੇਗਾ।
ਖੰਡਾ ਪਕੜ ਮੈਦਾਨੇ ਆ ਜਾ ਜੀਵਨ ਪਦਵੀ ਪਾਵੇਗਾ।

ਅਬ ਦੇਖਣਾ ਚਾਹੀਏ, ਜਿਸ ਪਾਰਟੀ ਕੇ ਆਦਮੀ ਉਪਰ ਜ਼ਿਕਰ ਕੀਏ ਬਜ਼ੁਰਗੋਂ ਕੀ ਇਤਨੀ ਇੱਜ਼ਤ ਮਾਨਤੇ ਹੈਂ ਤੇ ਯਿਹ ਕੈਸੇ ਮੁਮਕਿਨ ਹੈਂ ਕਿ ਮੁਝ ਜੈਸਾ ਸ਼ਖ਼ਸ ਜਿਸ ਕੋ ਇਸ ਪਾਰਟੀ ਬਬਰ ਕੇਸ ਕੇ ਜਥੇ ਕਾ ਮੁਖੀਆ ਲੀਡਰ ਮਸ਼ਹੂਰ ਕੀਆ ਜਾਤਾ ਹੈ, ਉਨਹੀਂ ਬਜ਼ੁਰਗੋਂ ਕੇ ਖ਼ਿਲਾਫ਼ ਅਹਿਮਕਾਨਾ ਤਕਰੀਰੇਂ ਕਰਤਾ ਫਿਰੇ। ਇਸ ਜਥੇ ਕੇ ਉਕਤ ਲੀਡਰ ਕੇ ਇਲਾਵਾ ਸਤੰਬਰ ੧੯੨੨ ਕੇ ਗੜਗੱਜ ਅਕਾਲੀ ਕੇ ਪਰਚੇ ਮੇਂ ਮੇਰੀ ਆਪਣੀ ਤਿਆਰ ਸੁੰਦਰ ਪੰਜਾਬੀ ਨਜ਼ਮ ਛਾਇਆ ਹੋ ਚੁੱਕੀ ਹੈ। ਇਸ ਮੇਂ ਮੈਨੇ ਸ੍: ਮਹਿਤਾਬ ਸਿੰਘ ਜੀ ਪਰੈਜ਼ੀਡੈਂਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋ ਪਾਤਸ਼ਾਹ ਔਰ ਕਮੇਟੀ ਕੋ ਕੌਂਸਲ ਕੇ ਨਾਮੋਂ ਸੇ ਮੌਸੂਮ ਕੀਆ ਹੈ। ਇਸ ਕਾ ਏਕ ਮਿਸਰਾ, ਪਹਿਲਾ, ਯਿਹ ਹੈ : (ਸਾਡੇ ਸ਼ਾਹ ਮਤਾਬ ਨੂੰ ਸਣੇ ਕੌਂਸਲ, ਦਿੱਤਾ ਭੇੜੀ ਨੇ ਪਿੰਜਰੇ ਡਾਲ ਦੇਖੋ)

ਯੇਹ ਤਮਾਮ ਬਾਤੇਂ ਇਸ ਬਾਤ ਕੀ ਪੁਖ਼ਤਾ ਦਲੀਲ ਹੈ ਕਿ ਜੋ ਕੁਛ ਇਲਜ਼ਾਮ ਦੇਸ਼ ਕੇ ਗਰਾਮੀ ਲੀਡਰੋਂ ਕੇ ਬਾਰੇ ਮੇਂ ਹਮ ਪਰ ਲਗਾਇਆ ਗਿਆ ਹੈ ਵੋਹ ਮਹਿਜ਼ ਮਨਘੜਤ ਔਰ ਸਫ਼ੈਦ ਝੂਠ ਹੈ ਔਰ ਮੁਝ ਕੋ ਮੇਰੀ ਕੌਮ ਦਾ ਦੇਸ਼ ਸੇਵਕੋਂ ਕੀ ਨਜ਼ਰ ਮੇਂ ਗਿਰਾਨੇ ਕੀ ਜ਼ਲੀਲ ਚਾਲ ਹੈ। ਏਕ ਔਰ ਚਾਲ ਮੁਝ ਕੋ ਔਰ ਮੇਰੇ ਸਾਥੀਓਂ ਕੋ ਬਦਨਾਮ ਕਰਨੇ ਕੀ ਯੇਹ ਨਿਕਾਲੀ ਗਈ ਹੈ ਕਿ ਚੰਦ ਇਕ ਇਖ਼ਲਾਕੀ ਮੁਲਜ਼ਮੋਂ ਕੋ ਵਾਇਦਾ ਮੁਆਫ਼ ਬਣਾ ਲਿਆ ਗਿਆ ਹੈ, ਤਾਂ ਕਿ ਦੁਨੀਆਂ ਪਰ ਯੇਹ ਜ਼ਾਹਰ ਕੀਆ ਜਾਏ ਕਿ ਬਬਰ ਅਕਾਲੀ ਦੇਸ਼ ਸੇਵਕ ਔਰ ਕੌਮੀ ਬਲਕਿ ਚੋਰ, ਯਾਰ, ਡਾਕੂਆਂ ਦਾ ਏਕ ਜ਼ਲੀਲ-ਕੁਨ ਗਰੋਹ ਹੈ, ਜਿਨ ਕਾ ਪਕੜੌਣਾ ਔਰ ਕੈਦ ਕਰਨਾ ਹਰ ਏਕ ਅਮਨ-ਪਸੰਦ ਔਰ ਵਫ਼ਾਦਾਰ ਹਿੰਦੁਸਤਾਨੀ ਦਾ ਫ਼ਰਜ਼ ਹੈ। ਮਸਲਨ ਬੰਤਾ ਸਿੰਹੁ ਔਰ ਬੇਲਾ ਸਿੰਹੁ ਬੋਪਾਰਾਏ ਜੋ ਡਾਕੇ ਕੇ ਮੁਕੱਦਮੇਂ ਮੇਂ ਗ੍ਰਿਫ਼ਤਾਰ ਥੇ, ਅਬ ਉਸ ਮੁਆਫ਼ੀ

ਕੇ ਜ਼ਲੀਲ ਕਾਮ ਕੋ ਅੰਜ਼ਾਮ ਦੇ ਰਹੇ ਹੈਂ, ਇਨ ਕੇ ਖ਼ਿਲਾਫ਼ ਔਰ ਭੀ ਕਈ ਚੰਦ ਜੁਰਾਇਮ ਕੇ ਮੁਕੱਦਮੇ ਦਾਇਰ ਹੈਂ। ਲੇਕਿਨ ਇਨ ਮੇਂ ਭੀ ਯੇਹ ਬਦਬਖ਼ਤ ਵਾਅਦਾ ਮੁਆਫ਼ ਹੋਣੇ ਕੀ ਵਜਾ ਸੇ ਬਚੇ ਹੂਏ ਹੈਂ। ਉਨ ਕੇ ਸਾਥੀ ਕੈਦ ਕੀ ਮੁਸੀਬਤੋਂ ਕਾ ਸ਼ਿਕਾਰ ਹੋ ਗਏ ਹੈਂ। ਗ਼ੌਰ ਕਾ ਮੁਕਾਮ ਹੈ ਕਿ ਐਸੇ-ਐਸੇ ਜ਼ਿੰਮੇਵਾਰ ਆਸਥਾਂ ਕੋ ਪੁਲਿਸ ਔਰ ਹਕੂਮਤ ਉਨ ਕੀ ਤਮਾਮ ਅੰਸਰ-ਅੰਗ੍ਰਜ਼ੀ ਸਿਰਫ਼ ਇਸ ਗ਼ਰਜ਼ ਸੇ ਮੁਆਫ਼ ਕਰਨੇ ਕੋ ਤਿਆਰ ਹੈ ਕਿ ਕਿਸੀ ਤਰ੍ਹਾਂ ਅਪਣੇ ਦਲੇਰ ਔਰ ਹੱਕ-ਪ੍ਰਸਤ ਦੁਸ਼ਮਣੋਂ ਕੇ ਖ਼ਿਲਾਫ਼ ਕੁਛ ਨਾ ਕੁਛ ਜ਼ਹਿਰ ਉਗਲਵਾ ਕਰ ਗੁਨਾਹਗਾਰ ਠਹਿਰਾਇ ਕਰ ਅਪਣੇ ਰਸਤੇ ਸੇ ਕਾਂਟੇ ਕੀ ਤਰ੍ਹਾ ਨਿਕਾਲ ਫੈਂਕੇ, ਔਰ ਹਿੰਦੁਸਤਾਨ ਸੇ ਹੁਬਲਵਤਨੀ ਔਰ ਦੇਸ਼ ਭਗਤੀ ਕਾ ਨਾਮ ਮਿਟਾਨੇ ਕੇ ਨਾ-ਮੁਮਕਿਨ ਕਾਮੋਂ ਕੋ ਅੰਜ਼ਾਮ ਦੇਣੇ ਕਾ ਫ਼ਖ਼ਰ ਹਾਸਿਲ ਕਰੇਂ।

ਔਰ ਇਸੇ ਤਰ੍ਹਾਂ ਕੀ ਏਕ ਔਰ ਗਵਾਹੀ ਏਕ ਬਦਚਲਨ ਔਰਤ ਕੀ ਹਮਾਰੇ ਬਬਰ ਅਕਾਲੀਓਂ ਕੇ ਖ਼ਿਲਾਫ਼ ਦਿਲਵਾਈ ਗਈ ਹੈ ਕਿ ਸਾਧਣੀ ਮਹਾਂਦੇਵੀ ਕੋ ਕੋਈ ਚਾਰ ਆਦਮੀ ਨਿਕਾਲ ਕਰ ਲੈ ਜਾਤੇ ਹੈਂ, ਜਿਨ ਸੇ ਵੋਹ ਪੂਰੀ ਤਰ੍ਹਾਂ ਵਾਕਿਫ਼ ਭੀ ਨਹੀਂ। ਲੇਕਿਨ ਵੋਹ ਮਹਾਂਦੇਵੀ ਆਪਣੀ ਤਮਾਮ ਪਾਰਸਾਈ ਬਬਰ ਅਕਾਲੀ ਪਰ ਹੀ ਝਾੜਤੀ ਹੈ। ਯੇਹ ਲੀਜੀਏ ਹਮੇਂ ਚੋਰ ਔਰ ਡਾਕੂ ਮਸ਼ਹੂਰ ਕਰਨੇ ਸੇ ਜਬ ਸਰਕਾਰੀ ਮੁਲਾਜ਼ਮੋਂ ਕੇ ਦਿਲ ਮੇਂ ਠੰਡਕ ਨਾ ਪੜੀ ਤੋ ਹਮੇਂ ਜ਼ਾਨੀ, ਔਰ ਬਦਮੁਆਸ਼ ਸਾਬਿਤ ਕਰਨੇ ਕੀ ਠਾਨੀ। ਲੇਕਿਨ ਇਨ ਬਾਤੋਂ ਸੇ ਕਿਆ ਹਾਸਿਲ। ਅਗਰ ਸੀ. ਆਈ. ਡੀ. ਯਾ ਉਸ ਕੇ ਹਮ-ਰਕਾਬੋਂ ਨੇ ਇਨਸਾਫ਼ ਕੀ ਆਖੋਂ ਪਰ ਪੱਟੀ ਬਾਂਧ ਲੀ ਹੈ, ਤੋ ਕਿਆ ਖ਼ੁਦਾ ਕੀ ਖ਼ੁਦਾਈ ਮੇਂ ਸਬ ਇਨਸਾਫ਼-ਪਸੰਦ ਹੀ ਮਿਟ ਗਏ।

ਅਗਰ ਮੈਂ ਤਮਾਮ ਝੂਠੀ ਗਵਾਹੀਓਂ ਕੀ ਤਸਵੀਰ ਅਦਾਲਤ ਔਰ ਪਬਲਿਕ ਕੇ ਸਾਹਮਣੇ ਲਾਨਾ ਚਾਹੂੰ ਤੋਂ ਕਈ ਵਰਕੋਂ ਕੀ ਜ਼ਰੂਰਤ ਪੜੇਗੀ ਪਰ ਮੈਂ ਇਸ ਲੀਏ ਤਿਆਰ ਨਹੀਂ ਕਿਉਂਕਿ ਮੁਝੇ ਬਚਾਉ ਕੀ ਸੂਰਤੇਂ ਤਲਾਸ਼ ਨਹੀਂ ਕਰਨੀ। ਮੈਨੇ ਤੋ ਸਰਕਾਰੀ ਮੁਲਾਜ਼ਮੋਂ ਕੇ ਬਿਆਨਾਤ ਕੇ ਚੰਦ ਵਾਕਿਆਤ ਕਾ ਹੀ ਜ਼ਿਕਰ ਕਰਨਾ ਹੈ, ਔਰ ਬਸ ਇਸ ਮਕਸਦ ਕੇ ਲੀਏ ਜੇਲ੍ਹ ਕੀ ਚੰਦ ਮਸਾਲੇਂ ਹੀ ਹੋਂਗੀ—

ਨੰ: ੧ ਸਰਕਾਰੀ ਗਵਾਹ ਸਾਈਂ ਮੋਜ਼ਿਆ ਝਿੰਗੜਾਂ ਵਾਲੀ ਭਾਈ ਕਰਮ ਸਿੰਘ ਝਿੰਗੜ ਕੇ ਖ਼ਿਲਾਫ਼ ਸ਼ਹਾਦਤ ਮੇਂ ਬਿਆਨ ਕਰਤਾ ਹੈ ਕਿ ਉਸ ਨੇ ਭਾਈ ਜੀ ਕਾ ਇਕ ਤਮਾਮ ਲੈਕਚਰ ਝਿੰਗੜ ਮੇਂ ਸੁਨਾ ਔਰ ਲੈਕਚਰ ਕੀ ਰਿਪੋਰਟ ਥਾਣਾ ਮੇਂ ਬੰਗਾ ਪਹੁੰਚਾਈ। ਇਸ ਵਾਸਤੇ ਮੈਂ ਭਾਈ ਕਰਮ ਸਿੰਘ ਕੋ ਪਹਿਚਾਣ ਸਕਤਾ ਹੂੰ। ਜਿਸ ਵਕਤ ਸਾਈਂ ਅਦਾਲਤ ਕੇ ਸਾਹਮਣੇ ਸ਼ਨਾਖਤ ਕਰਨੇ ਲਗਾ ਤਬ ਭਾਈ ਕਰਮ ਸਿੰਘ ਜੀ ਝਿੰਗੜ ਕੀ ਸ਼ਕਲ ਔਰ ਸੂਰਤ ਭੀ ਨਾਅਸ਼ਨਾ ਸਾਬਤ ਹੋਈ ਔਰ ਸ਼ਨਾਖਤ ਨਾ ਕਰ ਸਕਾ। ਅਕਲਮੰਦ ਵਾਸਤੇ ਇਕ ਮਾਲੂਮ ਕਰਨੇ ਵਾਲਾ ਰਾਜ਼ ਹੈ ਕਿਉਂਕਿ ਇਹ ਗਵਾਹ ਸਾਈਂ ਭਾਈ ਸਾਹਿਬ ਕੋ ਗ੍ਰਿਫ਼ਤਾਰ ਕਰਾਣੇ ਕੇ ਸਿਲੇ ਮੇਂ (੫੦੦) ਪੰਜ ਸੌ ਰੁਪਈਆ ਸਾਲਾਨਾ ਜਾਗੀਰ ਲੇਤਾ ਹੈ ਪਰ ਅਦਾਲਤ ਮੇਂ ਸ਼ਨਾਖਤ ਨਹੀਂ ਕਰ ਸਕਤਾ।

ਨੰ: ੨ ਮੌਜ਼ਿਆ ਅਪਰਾ ਕਾ ਸਫ਼ੈਦਪੋਸ਼ ਜੈਮਨ ਬਿਆਨ ਕਰਤਾ ਹੈ ਕਿ ਇਸ ਨੇ ਮਾਸਟਰ ਦਲੀਪ ਸਿੰਘ ਗੋਸਲ ਕਾ ਇਕ ਲੈਕਚਰ ਮੁਕੰਮਲ ਸੁਨਾ ਜੋ ਉਸ ਨੇ ਅਪਰਾ ਮੇਂ ਕੀਆ ਥਾ ਔਰ ਉਸ ਕੀ ਡਾਇਰੀ ਥਾਣਾ ਬੰਗਾ ਮੇਂ ਦੀ ਥੀ। ਮਗਰ ਵੋਹ ਬੀ ਅਦਾਲਤ ਮੇਂ ਸ਼ਨਾਖਤ ਕਰਨੇ ਸੇ ਕਾਸਰ ਰਹਾ... ਇਕ ਔਰ ਮੁਜੀਮਾਂ।

ਨੰ: ੩ ਸਰਕਾਰੀ ਗਵਾਹ ਭਾਗ ਸਿੰਹੁ ਪੰਡੋਰੀ ਨਿੱਝਰਾਂ ਨੇ ਬਿਆਨ ਦੀਆ ਕਿ ਉਸ ਨੇ ਬਬਰ ਬਾਬੂ ਸੰਤ ਸਿੰਘ ਕੋ ਕਈ ਮਰਤਬਾ ਪੰਡੋਰੀ ਨਿੱਝਰਾਂ ਮੇਂ ਦੇਖਾ ਔਰ ਬਾਬੂ ਜੀ ਕੋ ਬਖ਼ੂਬੀ ਜਾਨਨੇ ਕਾ ਦਾਅਵਾ ਕਰਤਾ ਹੈ। ਲੇਕਿਨ ਇਸ ਦਾਅਵੇ ਪਰ ਭੀ ਬਾਬੂ ਜੀ ਕੀ ਸ਼ਨਾਖਤ ਕਰਨੇ ਸੇ ਮਜਬੂਰ ਹੈ। ਇਸ ਸੇ ਕਿਆ ਸਮਝਨਾ ਚਾਹੀਏ ਕਿ ਕਿਆ ਗਵਾਹੋਂ ਨੇ ਪੁਲਿਸ ਕੇ ਕਹਿਨੇ ਪਰ ਸਰੀਹਨ ਝੂਠ ਬੋਲਾ। ਉਸ ਕੀ ਜ਼ਮੀਰ ਨੇ ਉਸ ਕੋ ਮਲਾਮਤ ਕੀ ਔਰ ਵੋਹ ਪੁਲਿਸ ਕਾ ਆਖ਼ਿਰ ਤਕ ਸਾਥ ਦੇਨੇਂ ਸੇ ਪਸ਼ੇਮਾਨ ਹੂਆ। ਕੁਛ ਭੀ ਹੋ ਦੋਨੋਂ ਹਾਲਤੋਂ ਮੇਂ ਹਮਾਰੀ ਬੇਗੁਨਾਹੀ ਅਰ ਸਰਕਾਰੀ ਨਿਮਕ-ਖਾਹੋਂ ਕੀ ਖ਼ਿਆਨਤ ਕਾ ਪਰਦਾ ਫ਼ਾਸ਼ ਹੋਤਾ ਹੈ।

ਨੰ: ੪ ਲਾਭ ਸਿੰਹੁ ਪੰਡੋਰੀ ਨਿੱਝਰਾਂ ਭੀ ਬਾਬੂ ਸੰਤਾ ਸਿੰਘ ਕੋ ਕਈ ਮਰਤਬਾ ਦੇਖਨੇ ਅਰ ਉਨੇ, ਬਖ਼ੂਬੀ ਜਾਨਨੇ ਕਾ ਇਕਰਾਰ ਕਰਤਾ ਹੈ। ਲੇਕਿਨ ਸ਼ਨਾਖਤ ਕੇ ਵਕਤ ਵੋਹ ਭੀ ਕੋਰੀ ਬੇਇਲਮੀ ਕਾ ਸਬੂਤ ਦੇਤਾ ਹੈ। ਇਨ ਵਾਕਿਆਤ ਕੇ ਇਲਾਵਾ ਔਰ ਭੀ ਕਈ ਐਸੇ ਵਾਕਿਆਤ ਹੈਂ, ਜਿਨ ਸੇ ਖੁਲ੍ਹੇ ਤੌਰ ਪਰ ਸਰਕਾਰੀ ਮੁਲਾਜ਼ਮੋਂ ਕੀ ਦਿਆਨਤਦਾਰੀ ਪੇ ਸ਼ੱਕ ਕੀਆ ਜਾ ਸਕਦਾ ਹੈ। ਜੋ ਕਿ ਹਾਥ ਧੋ ਕਰ ਹਮੇਂ ਮੁਜਰਿਮ ਸਾਬਤ ਕਰਨੇ ਕੇ ਲੀਏ ਹਮਾਰੇ ਪਿੱਛੇ ਪੜੇ ਹੁਏ ਹੈਂ।

ਨੰ: ੧ ਸੰਤ ਹਰਦਾਸ ਮੌਜਿਆ ਘੁੜਿਆਲ ਸੂਬੇਦਾਰ ਗੇਂਦਾ ਸਿੰਹੁ ਘੁੜਿਆਲ ਵਾਲੇ ਕੇ ਕਤਲ ਕਾ ਜ਼ਿਕਰ ਕਰਤੇ ਹੁਏ ਕਹਿਤਾ ਹੈ ਕਿ ਜੇਲ੍ਹ ਜਲੰਧਰ ਮੇਂ ਮੈਜਿਸਟਰੇਟ ਅਬਦੂਲ ਫ਼ਤਹ ਕੇ ਸਾਹਮਣੇ ਇਸ ਸੇ ਬਾਬੂ ਸੰਤਾ ਸਿੰਘ ਕੀ ਸ਼ਨਾਖਤ ਕਰਵਾਈ ਗਈ। ਜਿਸ ਮੇਂ ਵੋਹ ਬਾਬੂ ਜੀ ਕੀ ਸ਼ਨਾਖਤ ਨਾ ਕਰ ਸਕਾ। ਯਹਾਂ ਪਰ ਇਸ ਅਦਾਲਤ ਮੇਂ ਹੀ ਵੋਹ ਬਾਬੂ ਸੰਤਾ ਸਿੰਘ ਕੋ ਸ਼ਨਾਖਤ ਨਾ ਕਰ ਸਕਨੇ ਕਾ ਇਕਰਾਰ ਕਰਤਾ ਹੈ। ਇਸ ਕੇ ਬਰਅਕਸ ਅਬਦੱਲ ਫ਼ਤਹ ਜਲੰਧਰ ਸੇ ਸ਼ਹਾਦਤ ਕਲਮ-ਬੰਦ ਕਰ ਕੇ ਭੇਜਤਾ ਹੈ ਕਿ ਗਵਾਹ ਹਰੀ ਦਾਸ ਨੇ ਬਾਬੂ ਸੰਤਾ ਸਿੰਘ ਕੋ ਸ਼ਨਾਖਤ ਕਰ ਲਿਆ ਹੈ।

ਅਬ ਖ਼ੁਦਾ ਜਾਣੇ ਕਿਸ ਕਾ ਝੂਠ ਔਰ ਕਿਸ ਕੀ ਗ਼ਲਤੀ ਹੈ। ਗਵਾਹ ਕੀ ਯਾ ਮੈਜਿਸਟਰੇਟ ਕੀ ?

ਨੰ: ੨ ਸਰਕਾਰੀ ਗਵਾਹ ਦੀਵਾਨ ਸਿੰਹੁ ਕੁਕੜ ਬੀੜ, ਹੁਸ਼ਿਆਰਪੁਰ, ਕੀ ਜ਼ਮਾਨਤ, ਜੋ ਅਦਾਲਤ ਨੇ ਤਲਬ ਕੀ, ਕਈ ਦਿਨ ਜੇਲ੍ਹ ਮੇਂ ਇਸ ਕੋ ਅਦਮ ਅਦਾਇਗੀ ਮੇਂ ਖਵਾਰ ਕੀਆ। ਇਸ ਕੀ ਵਜਹ ਸਿਰਫ਼ ਯਹੀ ਹੈ ਕਿ ਪਹਿਲੇ ਪੁਲਿਸ ਕੀ ਚਾਲੋਂ ਮੇਂ ਫੰਸ ਕਰ ਇਸ ਨੇ ਬਾਬੂ ਸੰਤਾ ਸਿੰਘ ਕੇ ਖ਼ਿਲਾਫ਼ ਸ਼ਹਾਦਤ ਦੀ ਔਰ ਉਨ ਲਾਭ ਸਿੰਘ ਕੀ ਕਤਲ ਕੀ ਹੈਸੀਯਤ ਮੇਂ ਸ਼ਨਾਖ਼ਤ ਕੀਆ। ਲੇਕਿਨ ਜਬ ਇਸ ਅਦਾਲਤ

ਮੇਂ ਮਿਸਟਰ ਬੁਲ ਕੇ ਸਾਹਮਣੇ ਸਰਕਾਰੀ ਵਕੀਲ ਨੇ ਇਸ ਸੇ ਧਰਮ ਕੀ ਕਸਮ ਲੀ ਔਰ ਇਸ ਸੇ ਕਹਿਲਵਾਇਆ ਕਿ ਤੁਮ ਕਹੋ ਕਿ ਮੈਂ ਧਰਮ ਸੇ ਸੱਚ-ਸੱਚ ਕਹੂੰਗਾ, ਇਸ ਕੇ ਦਿਲ ਨੇ ਜੁਰਅਤ ਨਾ ਕੀ ਕਿ ਵੋਹ ਧਰਮ ਦੇ ਝੂਠੇ ਬਿਆਨ ਦੇ। ਇਸ ਲੀਏ ਸੱਚ-ਸੱਚ ਬਿਆਨ ਕਰ ਦੀਆ ਔਰ ਕਹਾ ਕਿ ਨਾ ਹੀ ਮੈਂ ਬਾਬੂ ਸੰਤਾ ਸਿੰਘ ਕੋ ਜਾਨਤਾ ਥਾ ਔਰ ਨਾ ਹੀ ਮੁਝੇ ਅਬਦੁਲ ਫ਼ਤਹ ਕੇ ਸਾਹਮਣੇ ਸ਼ਨਾਖ਼ਤ ਕਰਤੇ ਵਕਤ ਯੇਹ ਮਾਲੂਮ ਥਾ ਕਿ ਮੁਝ ਸੇ ਕਿਸ ਬਾਰੇ ਮੇਂ ਬਾਬੂ ਸੰਤਾ ਸਿੰਘ ਕੀ ਸ਼ਨਾਖ਼ਤ ਕਰਵਾਈ ਜਾਤੀ ਥੀ। ਲੇਕਿਨ ਪੁਲਿਸ ਕੇ ਡਰਾਨੇ ਔਰ ਧਮਕਾਨੇ ਔਰ ਪੈਨਸ਼ਨ ਖੋ ਬੈਠਨੇ ਕਾ ਖੌਫ਼ ਦਿਲਾਨੇ ਪਰ ਮੈਂਨੇ ਬਾਬੂ ਸੰਤਾ ਸਿੰਘ ਕੀ ਸ਼ਨਾਖ਼ਤ ਕਰਨੇ ਕਾ ਝੂਠ ਬੋਲਾ... ਲੁਤਫ਼ ਕੀ ਬਾਤ ਯੇਹ ਹੈ ਕਿ ਇਸ ਝੂਠ ਕੋ ਸੱਚ ਕਾ ਰੰਗ ਚੜ੍ਹਾਨੇ ਕੇ ਲੀਏ ਪੁਲਿਸ ਨੇ ਬਾਬੂ ਸੰਤਾ ਸਿੰਘ ਕੀ ਦੀਵਾਨ ਸਿੰਘ ਸੇ ਸ਼ਨਾਖ਼ਤ ਕਰਾਨੇ ਸੇ ਪੇਸ਼ਤਰ ਇਕ ਮਕਾਨ ਮੇਂ ਦਿਖਾਲ ਦੀਆ ਥਾ ਔਰ ਦੀਵਾਨ ਸਿੰਘ ਕੋ ਕਹਾ ਕਿ ਤੁਮ ਨੇ ਇਸ ਸ਼ਖ਼ਸ (ਸੰਤਾ ਸਿੰਘ) ਕੋ ਸ਼ਨਾਖ਼ਤ ਕਰਨਾ ਹੈ। ਇਸ ਸੱਚ ਬੋਲਣੇ ਕੇ ਸਿਲੇ ਮੇਂ ਇਸ ਸੇ ਇਕ ਹਜ਼ਾਰ ਰੁਪਏ ਕੀ ਜ਼ਮਾਨਤ ਤਲਬ ਕੀ ਗਈ ਔਰ ਇਸ ਕੀ ਅਦਮ ਅਦਾਇਗੀ ਮੇਂ ਇਕ ਮਹੀਨਾ ਤਕ ਜੇਲ੍ਹ ਕੀ ਤਕਲੀਫ਼ ਬਰਦਾਸ਼ਤ ਕਰਨੀ ਪੜੀ।

ਇਨ ਗਵਾਹੀਓਂ ਸੇ ਕਹੀ ਦਿਲਚਸਪ ਜ਼ੈਲ ਕੀ ਗਵਾਹੀ ਹੈ। ਨੰ: ੩ ਸਰਕਾਰੀ ਗਵਾਹ ਬਸੰਤ ਸਿੰਘ ਰਹਿਸੀ ਵਾਲ ਬਿਆਨ ਕਰਤਾ ਹੈ ਕਿ ਜਲੰਧਰ ਕੀ ਪੁਲਿਸ ਨੇ ਉਸ ਕੇ ਗਲੇ ਮੇਂ ਪੱਗੜੀ ਡਾਲ ਕਰ ਉਸ ਕੋ ਬਹੁਤ ਮਾਰਾ-ਪੀਟਾ ਔਰ ਕਹਾ ਕਿ ਅਗਰ ਵੋਹ ਉਨ ਕੇ ਕਹਿਨੇ ਮੁਤਾਬਿਕ ਸ਼ਹਾਦਤ ਨਹੀਂ ਦੇਗਾ ਤੋਂ ਉਸੇ ਫ਼ਾਸੀ ਦਿਲਵਾ ਦੀ ਜਾਏਗੀ। ਅਗਰ ਵੋਹ ਇਸ ਮਾਰ-ਪੀਟ ਕਾ ਜ਼ਿਕਰ ਕਿਸੀ ਮੈਜਿਸਟਰੇਟ ਕੇ ਪਾਸ ਕਰੇਗਾ ਤੋਂ ਉਸੇ ਉਲਟਾ ਲਟਕਾ ਕਰ ਬਹੁਤ ਮਾਰੇਂਗੇ। ਇਸ ਲੀਏ ਉਸ ਨੇ ਪਹਿਲੇ ਮੈਜਿਸਟਰੇਟ ਕੀ ਅਦਾਲਤ ਜਲੰਧਰ ਮੇਂ ਮਾਰ-ਪੀਟ ਕਾ ਜ਼ਿਕਰ ਨਹੀਂ ਕੀਆ ਔਰ ਜੋ ਉਸ ਕੋ ਪੁਲਿਸ ਵਾਲੋਂ ਨੇ ਫ਼ਰਜ਼ੀ ਕਹਾਣੀ ਰਟਾ ਦੀ ਥੀ ਵੋਹੀ ਇਸ ਨੇ ਬਿਆਨ ਕਰ ਦੀ। ਦਰਅਸਲ ਉਸ ਕੋ ਕੁਝ ਖ਼ਬਰ ਨਹੀਂ ਥੀ, ਨਾ ਹੀ ਉਸ ਕੋ ਕੁਝ ਮਾਲੂਮ ਥਾ।"

ਭਾਈ ਕਿਸ਼ਨ ਸਿੰਘ ਜੀ ਗੜਗੱਜ ਚੱਕਰਵਰਤੀ ਦੇ ਇਨ੍ਹਾਂ ਬਿਆਨਾਂ ਤੋਂ ਪਾਠਕਾਂ ਨੂੰ ਸਾਫ਼-ਸਾਫ਼ ਪਤਾ ਲੱਗ ਗਿਆ ਹੋਵੇਗਾ ਕਿ ਬੁਲ ਦੀ ਅਦਾਲਤ ਵਿਚ ਕਿਵੇਂ ਹਨੇਰ ਗਰਦੀ ਮਚ ਰਹੀ ਸੀ, ਔਰ ਫ਼ਜ਼ਲ ਇਮਾਮ ਤੇ ਪਿੰਡੀ ਦਾਸ, ਬੁਲ ਨੂੰ ਕਿਵੇਂ ਕਠਪੁਤਲੀ ਬਣਾ ਕੇ ਨਚਾ ਰਹੇ ਸਨ।

ਨੌਕਰਸ਼ਾਹੀ ਨੇ ਇਹ ਸਾਬਿਤ ਕਰਨ ਦੀ ਕੋਸ਼ਿਸ਼ ਕੀਤੀ ਕਿ ਬਬਰ ਅਕਾਲੀ ਦੇਸ਼ ਸੇਵਕ ਤੇ ਕੌਮੀ ਕੰਮ ਕਰਨ ਵਾਲੇ ਬੰਦੇ ਨਹੀਂ ਸਗੋਂ ਡਾਕੂ, ਚੋਰ, ਬਦਮਾਸ਼ ਤੇ ਨਿਜ-ਸੁਆਰਥੀ ਹਨ। ਇਹੋ ਗੱਲਾਂ ਅਖ਼ਬਾਰਾਂ ਵਿਚ ਛਪਾ ਕੇ ਦੁਨੀਆਂ ਉੱਤੇ ਗ਼ਲਤ ਪ੍ਰਗਟ ਕੀਤਾ ਤੇ ਜੋ ਸਚਾਈ ਸੀ, ਉਸ ਨੂੰ ਗੁਪਤ ਰੱਖਿਆ।

ਜੇ ਨੌਕਰਸ਼ਾਹੀ ਦੇ ਉਤਰ ਵਿਚ ਅਸੀਂ ਬਿਲਕੁਲ ਆਪਣੇ ਲਿਖਤੀ ਬਿਆਨਾਂ

ਵਿਚ ਰੌਸ਼ਨੀ ਪਾਉਣ ਦੀ ਕੋਸ਼ਿਸ਼ ਕੀਤੀ ਤਾਂ ਉਹ ਨਿਸ਼ਫਲ ਗਿਆ ਕਿਉਂਕਿ ਕੇਵਲ ਬੁਲ ਦੀ ਤੇ ਟਾਇਪ ਦੀ ਟੋਕਰੀ ਦਾ ਸ਼ਿੰਗਾਰ ਹੀ ਬਣੇ ਕਿਉਂਕਿ ਬਿਆਨ ਸੱਚ ਪ੍ਰਗਟ ਕਰਨ ਵਾਲੇ ਲੇਖ ਨੂੰ ਨੌਕਰਸ਼ਾਹੀ ਕਦੋਂ ਦੁਨੀਆਂ ਦੇ ਸਾਹਮਣੇ ਜਾਣ ਦੇਂਦੀ ਸੀ। ਅਖ਼ਬਾਰਾਂ ਤੇ ਰਿਪੋਰਟਰਾਂ ਨੇ ਅਦਾਲਤ ਦੇ ਕਮਰੇ ਤਕ ਆਉਣ ਦੀ ਖੇਚਲ ਹੀ ਨਾ ਕੀਤੀ ਜਾਂ ਆਉਣ ਨਾ ਦਿੱਤਾ ਗਿਆ।

ਇਸ ਵੇਲੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਫ਼ਰਜ਼ ਸੀ ਕਿ ਕਿਸੇ ਬੰਦੇ ਨੂੰ ਭੇਜ ਕੇ ਕਿਸੇ ਬਬਰ ਅਕਾਲੀ ਮੁਲਜ਼ਮ ਨਾਲ ਮੁਲਾਕਾਤ ਕਰ ਕੇ ਦਰਖ਼ਾਸਤ ਕਰਦੀ ਕਿ ਬਾਹਰਲੀ ਦੁਨੀਆਂ ਵਿਚ ਤੁਸਾਂ ਸਬੰਧੀ ਇਹ ਪ੍ਰਗਟ ਕੀਤਾ ਗਿਆ ਹੈ ਕਿ ਤੁਸੀਂ ਚੋਰ, ਡਾਕੂ ਹੋ। ਅਸਲ ਗੱਲ ਕੀ ਹੈ ? ਤੁਸੀਂ ਜਾਂ ਤੁਹਾਡੇ ਵਿੱਚੋਂ ਕੋਈ ਬੰਦਾ ਇਸ ਉੱਤੇ ਰੌਸ਼ਨੀ ਪਾਉਣ ਦਾ ਯਤਨ ਕਰੇਗਾ ? ਪਰ ਕਮੇਟੀ ਨੇ ਬਬਰ ਅਕਾਲੀਆਂ ਦਾ ਪਰਛਾਵਾਂ ਲੈਣਾ ਵੀ ਗੁਨਾਹ ਸਮਝਿਆ ਤੇ ਜੋ ਕੁਝ ਨੌਕਰਸ਼ਾਹੀ ਨੇ ਪ੍ਰਗਟ ਕੀਤਾ ਸੀ, ਉਸ ਨੂੰ ਤਸਲੀਮ ਕਰ ਲਿਆ। ਜੇ ਕਮੇਟੀ ਬਬਰ ਅਕਾਲੀਆਂ ਤੋਂ ਡਰਦੀ ਸੀ ਕਿ ਉਹ ਉਸ ਦੇ ਸ਼ਾਂਤਮਈ ਵਾਲੇ ਢੰਗ ਤੋਂ ਉਲਟ ਚਲ ਰਹੇ ਸਨ ਤਾਂ ਇਹ ਵੀ ਗ਼ਲਤ ਗੱਲ ਹੈ ਕਿਉਂਕਿ ਉਸ ਕਮੇਟੀ (ਸ਼੍ਰੋਮਣੀ ਗੁ: ਪ੍ਰ: ਕਮੇਟੀ) ਦੇ ਮੈਂਬਰ ਜਥੇਦਾਰ ਬਬਰ ਅਕਾਲੀ ਬਾਬਾ ਦਲੀਪ ਸਿੰਘ ਜੀ ਪ੍ਰਧਾਨ ਹੁਸ਼ਿਆਰਪੁਰ ਸਾਂਧੜਾ, ਬਾਬੂ ਊਧਮ ਸਿੰਘ ਜੀ ਜੰਡੂ ਸਿੰਘਾਂ, ਸੂਬੇਦਾਰ ਅਮਰ ਸਿੰਘ ਜੀ ਧਾਰੀਵਾਲ (ਇਹ ਤਿੰਨੇ ਸਿੰਘ ਉਸ ਵਕਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸਨ) ਵੀ ਬਬਰ ਅਕਾਲੀ ਸਾਜਿਸ਼ ਵਿਚ ਪਕੜੇ ਹੋਏ ਸਨ। ਉਹ ਉਨ੍ਹਾਂ ਤੋਂ ਹੀ ਦਰਿਆਫ਼ਤ ਕਰ ਲੈਂਦੇ। ਕੌਮੀ ਅਖ਼ਬਾਰਾਂ ਦੇ ਪ੍ਰਬੰਧਕਾਂ ਨੇ ਭੀ ਅਜਿਹੀ ਚੁਪ ਧਾਰੀ ਕਿ ਉਹ ਕਿਸੇ ਕੋਠੀ ਵਿਚ ਵੜ ਕੇ ਘੂਕ ਨੀਂਦਰ ਸੁੱਤੇ ਹੋਏ ਸਨ। ਸ਼ੁਰੂ ਤੋਂ ਲੈ ਕੇ ਅੰਤ ਤੋੜੀ ਕਿਸੇ ਅਖ਼ਬਾਰ ਨੇ ਆਪਣੇ ਰਿਪੋਰਟਰ ਭੇਜਣ ਦੀ ਖੇਚਲ ਨਾ ਕੀਤੀ ਤੇ ਨਾ ਹੀ ਦੁਨੀਆਂ ਵਿਚ ਇਹ ਪ੍ਰਗਟ ਕੀਤਾ ਕਿ ਬਬਰ ਅਕਾਲੀ ਮੁਕੱਦਮੇ ਵਿਚ ਆਜ਼ਾਦ ਤੇ ਕੌਮੀ ਰਿਪੋਰਟਰਾਂ ਦਾ ਦਾਖ਼ਲਾ ਬੰਦ ਹੈ। ਅਜਿਹੀ ਸਮਾਧੀ ਲਾਈ ਕਿ ਤ੍ਰੇਤੇ ਜੁਗ ਤੋਂ ਲੈ ਕੇ ਪਹਾੜ ਦੀਆਂ ਕੰਦਰਾਂ ਵਿਚ ਅੱਜ ਤਕ ਤਾੜੀ ਲਾਈ ਹੋਈ ਹੈ। ਆਪਣੇ ਫ਼ਰਜ਼ ਨੂੰ ਉਕਾ ਅਨੁਭਵ ਹੀ ਨਾ ਕੀਤਾ ਬਲਕਿ ਮੁਲਜ਼ਮ ਭਰਾਵਾਂ ਦੇ ਬਿਆਨ ਹੋਣ ਸਮੇਂ ਭੀ ਅਦਾਲਤ ਤਕ ਫੇਰਾ ਨਾ ਪਾਇਆ। ਬਸ ਫੇਰ ਕੀ ਸੀ ਦਿਨ-ਦੀਵੀਂ ਜੋ ਲੁੱਟ ਸਰਕਾਰੀ ਗ਼ੁਲਾਮਾਂ ਨੇ ਮਚਾਈ, ਉਹੀ ਸੱਚੀ ਮਨਾਈ ਗਈ। ਕੌਮੀ ਸੋਸਾਇਟੀਆਂ ਤੇ ਅਖ਼ਬਾਰਾਂ ਦੀ ਅਣਗਹਿਲੀ ਕਾਰਨ ਨੌਕਰਸ਼ਾਹੀ ਨੇ ਦੇਸ਼ ਸੇਵਕ ਬੀਰ ਬਹਾਦਰ ਬਬਰ ਅਕਾਲੀਆਂ ਨੂੰ ਪੂਰੀ ਤਰ੍ਹਾਂ ਡਾਕੂ ਤੇ ਬਦਮਾਸ਼ ਕਰਨ ਹਿਤ ਜੋ ਡਾਕੂ ਡਕੈਤੀਆਂ ਤੇ ਜੁਰਮ ਵਿਚ ਪਕੜੇ, ਉਹ ਭੀ ਦੁਨੀਆਂ ਵਿਚ ਬਬਰ ਅਕਾਲੀ ਪ੍ਰਗਟ ਕੀਤੇ, ਇਸ ਮੁਕੱਦਮੇ ਵਿਚ ੨੩ ਵਾਅਦਾ ਮੁਆਫ਼ ਤੇ ੪੭੫ ਗਵਾਹ ਭੁਗਤੇ, ਜਿਨ੍ਹਾਂ ਦੇ ਨਾਂ ਤੇ ਗਵਾਹੀ ਦਾ ਨਤੀਜਾ ਮੈਂ ਕਿਤੇ ਅੱਗੇ ਲਿਖਾਂਗਾ।

**ਸ਼ਨਾਖ਼ਤਾਂ**

ਮੁਲਜ਼ਮ ਬਬਰ ਅਕਾਲੀਆਂ ਨੂੰ ਜੇਲ੍ਹੋਂ ਹਵਾਲਾਤ ਵਿਚ ਰੱਖ ਕੇ ਝੂਠੇ ਵਾਅਦਾ

ਮੁਆਫ਼ ਤੇ ਗਵਾਹਾਂ ਨੂੰ ਚੰਗੀ ਤਰ੍ਹਾਂ ਦਿਖਲਾਇਆ ਜਾਂਦਾ ਸੀ ਤੇ ਉਸ ਦੇ ਪਿੱਛੋਂ ਕਿਸੇ ਗ਼ੁਲਾਮ ਮੈਜਿਸਟਰੇਟ ਦੇ ਸਾਹਮਣੇ ਜੇਲ੍ਹ ਵਿਚ ਉਪਰ ਦੱਸੇ ਵਾਅਦਾ ਮੁਆਫ਼ ਤੇ ਗਵਾਹਾਂ ਪਾਸੋਂ ਸ਼ਨਾਖ਼ਤ ਕਰਵਾਈ ਜਾਂਦੀ ਸੀ। ਇਸ ਵੇਲੇ ਮੈਜਿਸਟਰੇਟ ਦੇ ਨਾਲ ਪੁਲਿਸ ਅਫ਼ਸਰ ਜੇਲ੍ਹ ਵਿਚ ਹੋਇਆ ਕਰਦੇ ਸਨ। ਸ਼ਨਾਖ਼ਤ ਵਾਲੇ ਬੰਦਿਆਂ ਨੂੰ ਕੱਪੜੇ ਬਦਲਣ ਦੀ ਇਜਾਜ਼ਤ ਨਹੀਂ ਹੁੰਦੀ ਸੀ ਤੇ ਕਤਾਰ ਵਿਚ ਖੜ੍ਹੇ ਕਰ ਕੇ ਉਨ੍ਹਾਂ ਦੇ ਨਾਮ ਲਿਖੇ ਜਾਂਦੇ ਸਨ। ਜਿਹੜੀ ਥਾਂ 'ਤੇ ਉਹ ਖੜੇ ਹੁੰਦੇ ਸੀ, ਉਹ ਥਾਂ ਛੱਡਣ ਦੀ ਆਗਿਆ ਬਿਲਕੁਲ ਨਹੀਂ ਹੁੰਦੀ ਸੀ ਤੇ ਪੁਲਿਸ ਅਫ਼ਸਰਾਂ ਨੂੰ ਜੇਲ੍ਹੋਂ ਬਾਹਰ ਜਾਣ ਤੇ ਬਾਹਰੋਂ ਅੰਦਰ ਆਉਣ ਦੀ ਖੁਲ੍ਹ ਸੀ। ਫਿਰ ਭੀ ਸ਼ਨਾਖ਼ਤ ਹੋਣ ਵਾਲੇ ਬੰਦੇ ਦੇ ਕੱਪੜੇ ਤੇ ਥਾਂ ਗਵਾਹਾਂ ਨੂੰ ਦੱਸਿਆ ਕਰਦੇ ਸਨ। ਇਸ ਕਰ ਕੇ ਸ਼ਨਾਖ਼ਤ ਕਰਨ ਵਿਚ ਉਸ ਨੂੰ ਕੋਈ ਦਿੱਕਤ ਪੇਸ਼ ਨਹੀਂ ਆਉਂਦੀ ਸੀ। ਬੂਲ ਦੀ ਅਦਾਲਤ ਵਿਚ ਪੁਲਿਸ ਦੇ ਕਹਿਣੇ ਮੁਤਾਬਿਕ ਸ਼ਨਾਖ਼ਤ ਹੋਇਆ ਕਰਦੀ ਸੀ। ਜਿਸ ਆਦਮੀ ਨੂੰ ਗਵਾਹ ਜਾਣਦਾ ਹੋਵੇ, ਬਾਵਜੂਦ ਮੁਲਜ਼ਮਾਂ ਦੇ ਕਹਿਣ ਦੇ ਭੀ ਉਸ ਦੀ ਹੱਥਕੜੀ ਤੇ ਕੱਪੜੇ ਨਹੀਂ ਬਦਲੇ ਜਾਂਦੇ।

### *ਮਿਸਟਰ ਟਾਈਪ ਸੈਸ਼ਨ ਜੱਜ*

ਬੂਲ ਦੀ ਕਚਹਿਰੀ ਦਾ ਬਤੌਰ ਨਮੂਨਾ ਜ਼ਿਕਰ ਕਰ ਚੁੱਕਾ ਹਾਂ ਕਿ ਕਿਵੇਂ ਪਿੰਡੀ ਦਾਸ ਤੇ ਫ਼ਜ਼ਲ ਇਮਾਮ ਨੇ ਬਬਰ ਅਕਾਲੀਆਂ ਉੱਤੇ ਜੋ ਜੀ ਚਾਹਿਆ ਬੂਲ ਤੋਂ ਮਿਸਲ ਵਿਚ ਲਿਖਵਾਇਆ। ਗਵਾਹ ਕਹੇ ਯਾ ਨਾ ਕਹੇ ਕੋਈ ਜ਼ਰੂਰੀ ਨਹੀਂ। ਹੁਣ ੨ ਜੂਨ ੧੯੨੪ ਨੂੰ ਮਿਸਟਰ ਟਾਈਪ ਦਾ ਜ਼ਮਾਨਾ ਆ ਗਿਆ। ਉਕਤ ਤਾਰੀਖ਼ ਨੂੰ ਟਾਈਪ ਦੀ ਅਦਾਲਤ ਸੈਂਟਰਲ ਜੇਲ੍ਹ ਲਾਹੌਰ ਵਿਚ ਬਬਰ ਅਕਾਲੀ ਸਾਜਿਸ਼ ਦਾ ਮੁਕੱਦਮਾ ਸ਼ੁਰੂ ਹੋਇਆ। ਸਭ ਤੋਂ ਪਹਿਲਾਂ ਭਾਈ ਕਰਮ ਸਿੰਘ ਜੀ ਝਿੰਗੜ ਤੇ ਭਾਈ ਕਿਸ਼ਨ ਸਿੰਘ ਜੀ ਬੜਿੰਗ, ਮਾਸਟਰ ਦਲੀਪ ਸਿੰਘ ਜੀ ਗੋਸਲ ਤੇ ਜਥੇਦਾਰ ਬਾਬਾ ਦਲੀਪ ਸਿੰਘ ਜੀ ਸਾਂਧੜਾ ਨੂੰ ਟਾਈਪ ਨੇ ਪੁੱਛਿਆ "ਕਿਉਂ ਬਾਬਾ ਜੀ ਕਿਆ ਆਪ ਵਕੀਲ ਦਿਓਗੇ ? ਕਿ ਸਰਕਾਰੀ ਦੀਆ ਜਾਵੇ।" ਬਾਬਾ ਜੀ ਨੇ ਜਵਾਬ ਦਿੱਤਾ "ਮੈਂ ਤਾਂ ਗੌਰਮਿੰਟ ਨੂੰ ਅਦਾਲਤ ਹੀ ਨਹੀਂ ਮੰਨਦਾ ਵਕੀਲ ਦੀ ਕੀ ਲੋੜ ਹੈ ਅਤੇ ਨਾ ਹੀ ਅੰਗ੍ਰੇਜ਼ੀ ਹਕੂਮਤ ਦੀਆਂ ਅਦਾਲਤਾਂ ਇਨਸਾਫ਼ ਕਰ ਸਕਦੀਆਂ ਹਨ।" ਜੱਜ ਨੇ ਕਿਹਾ ਕਿ "ਹਮ ਇਨਸਾਫ਼ ਕਰੇਗਾ।" ਮਗਰ ਭਾਈ ਕਰਮ ਸਿੰਘ ਝਿੰਗੜ ਤੇ ਭਾਈ ਕਿਸ਼ਨ ਸਿੰਘ ਜੀ ਨੇ ਮੂੰਹ-ਤੋੜ ਜਵਾਬ ਦਿੱਤਾ ਕਿ "ਅਸੀਂ ਨਹੀਂ ਮੰਨਦੇ" ਕਿ ਤੂੰ ਇਨਸਾਫ਼ ਕਰਦਾ ਹੈਂ। ਇਨ੍ਹਾਂ ਕੁਰਸੀਆਂ 'ਤੇ ਬੈਠ ਕੇ ਕੋਈ ਸ਼ਖ਼ਸ ਵੀ ਇਨਸਾਫ਼ ਨਹੀਂ ਕਰ ਸਕਦਾ। ਫਿਰ ਜੱਜ ਨੇ ਕਿਹਾ ਕਿ "ਕਾਨੂੰਨ ਕੀ ਰੂਹ ਮੇਂ ਹਮ ਆਪ ਕੋ ਸਰਕਾਰ ਕੀ ਤਰਫ਼ ਸੇ ਜ਼ਰੂਰ ਵਕੀਲ ਦੇਂਗੇ"। ਭਾਈ ਕਿਸ਼ਨ ਸਿੰਘ ਜੀ ਨੇ ਕਿਹਾ ਕਿ "ਮੈਂ ਤਸਲੀਮ ਨਹੀਂ ਕਰੂੰਗਾ।" ਜੱਜ ਨੇ ਕਿਹਾ ਕਿ "ਆਪ ਕੀ ਮਰਜ਼ੀ ?" ਇਸ ਦੇ ਪਿੱਛੋਂ ਭਾਈ ਸੁੰਦਰ ਸਿੰਘ ਜੀ ਬਬਰ ਤੇ ਬਾਬੂ ਸੰਤਾ ਸਿੰਘ ਜੀ ਨਿਧੜਕ, ਭੁਝੰਗੀ ਦਲੀਪ ਸਿੰਘ ਜੀ ਧਾਮੀਆਂ, ਬਾਬਾ ਸੁੰਦਰ ਸਿੰਘ ਜੀ ਕੁਲੇਵਾਲ, ਗਿ: ਕਰਤਾਰ ਸਿੰਘ ਗੋਂਦਪੁਰ ਨੇ ਕਿਹਾ ਕਿ ਉਹ

ਨਾ-ਮਿਲਵਰਤਨੀਏ ਹਨ, ਇਸ ਲਈ ਉਹ ਕੋਈ ਵਕੀਲ ਨਹੀਂ ਦੇਣਗੇ। ਆਖ਼ਿਰ ਉਪਰ ਜ਼ਿਕਰ ਕੀਤੇ ੯ ਬਬਰ ਅਕਾਲੀਆਂ ਦੇ ਮੱਥੇ ਬਦੋਬਦੀ ਇਕ ਨਖਿੱਧ ਵਕੀਲ ਰਾਮ ਲਾਲ (ਜੋ ਸਰਕਾਰੀ ਵਕੀਲ ਪਿੰਡੀ ਦਾਸ ਦਾ ਰਿਸ਼ਤੇਦਾਰ ਸੀ) ਮੜ੍ਹਿਆ ਗਿਆ ਤੇ ਤਮਾਸ਼ਾ ਸ਼ੁਰੂ ਹੋਇਆ। ਇਸ ਦਾ ਬਿਆਨ ਕਰਨਾ ਬੜਾ ਹੀ ਮੁਸ਼ਕਿਲ ਹੈ। ਬੁਲ ਤਾਂ ਪੁਲਿਸ ਦੇ ਸਰਕਾਰੀ ਵਕੀਲ ਦੇ ਕਹਿਣੇ ਹੀ ਲਿਖ ਦਿੰਦਾ ਸੀ ਪਰ ਇਹ ਆਪਣੀ ਸਫ਼ਾਈ ਦਿਖਾਉਣ ਹਿੱਤ ਗਵਾਹ ਦੇ ਮੂੰਹੋਂ ਗੱਲ ਅਖਵਾਉਣ ਦੀ ਕੋਸ਼ਿਸ਼ ਕਰਦਾ ਸੀ। ਜੇ ਗਵਾਹ ਪਿਛਲੀ ਕਹਾਣੀ ਤੋਂ ਉਕਦਾ ਹੋਵੇ ਤਾਂ ਇਹ ਭਦਰ-ਪੁਰਸ਼ ਤਿੰਨ ਚਾਰ ਵਾਰੀ ਉਲਟਾ-ਪੁਲਟਾ ਕਰ ਕਰ ਕੇ ਮਿਸਲ ਵਿਚ ਦਰਜ ਕਰਿਆ ਕਰਦਾ ਸੀ। ਜੇ ਨਾ ਹੀ ਕਰੇ ਤਾਂ ਅੰਤ ਇਹ ਭੀ ਕਹਿ ਦਿੰਦਾ ਹੈ ਕਿ ਤੇਰੇ ਬੁਲ ਵਾਲੇ ਬਿਆਨ ਵਿਚ ਤਾਂ ਇਉਂ ਲਿਖਿਆ ਹੈ ਤੇ ਹੁਣ ਇਉਂ ਕਹਿੰਦਾ ਹੈ। ਗਵਾਹ ਨੇ ਝੱਟ-ਪੱਟ ਕਹਿ ਦੇਣਾ ਕਿ ਬੁਲ ਵਾਲਾ ਹੀ ਠੀਕ ਹੈ। ਇਕ ਦਿਨ ਦੀ ਗੱਲ ਹੈ ਕਿ ਜਦੋਂ ਕਿ ਗੰਡਾ ਸਿੰਹੁ ਪੁਲਸੀਆ ਥਾਨਾ ਬੰਗਾ ਵਾਲਾ ਗਵਾਹੀ ਦੇ ਰਿਹਾ ਸੀ। ਜੱਜ ਨੇ ਆਖਿਆ ਸ਼ੇਰ ਸਿੰਹੁ ਗਵਾਹ ਤੋ ਕਹਿਤਾ ਹੈ ਕਿ ਤੁਮ ਥਾਣਾ ਬੰਗਾ ਕੋ ਜਾਣਾ ਚਾਹਤੇ ਥੇ ਮਗਰ ਤੁਮ ਕਹਿਤੇ ਹੋ ਕਿ ਸ਼ੇਰ ਸਿੰਹੁ ਜਾਣਾ ਚਾਹਤਾ ਥਾ ? ਇਸ ਪਰ ਝਟ ਗਵਾਹ ਨੇ ਕਹਿ ਦਿੱਤਾ ਕਿ ਹਾਂ ਜੀ, ਮੈਂ ਹੀ ਜਾਣਾ ਚਾਹਤਾ ਥਾ। ਇਸ ਪਰ ਭਾਈ ਕਰਮ ਸਿੰਘ ਜੀ ਝਿੰਗੜ ਤੇ ਭਾਈ ਕਿਸ਼ਨ ਸਿੰਘ ਨੇ ਕਿਹਾ ਕਿ ਤੂੰ ਏਹੋ ਜਿਹਾ ਹੀ ਇਨਸਾਫ਼ ਕਰਨੇ ਨੂੰ ਕਹਿੰਦਾ ਸੀ ? ਜਦ ਤੂੰ ਇਖ਼ਤਲਾਫ਼ ਨਾਲ ਦੀ ਨਾਲ ਹੀ ਦੱਸੀ ਜਾਂਦਾ ਹੈ ਤਾਂ ਮਿਸਲ ਵਿਚ ਇਖ਼ਤਲਾਫ਼ ਕਿਵੇਂ ਰਹਿ ਸਕਦਾ ਹੈ ? ਕੀ ਤੇਰਾ ਇਹ ਕਹਿਣਾ ਜਾਇਜ਼ ਹੈ ? ਇਸ ਪਰ ਜੱਜ ਨੇ ਕਿਹਾ ਕਿ ਹਮਾਰੀ ਮਰਜ਼ੀ ਹੈ। ਹਾਂ ਜਾਇਜ਼ ਹੈ। "ਭਾਈ ਸਾਹਿਬ ਨੇ ਕਿਹਾ ਕਿ ਮੈਂ ਤੈਨੂੰ ਕਹਿੰਦਾ ਸੀ ਕਿ ਇਨਸਾਫ਼ ਦੀਆਂ ਡੀਂਗਾਂ ਨਾ ਮਾਰ, ਤੂੰ ਇਨਸਾਫ਼ ਨਹੀਂ ਕਰ ਸਕਦਾ ਤੇ ਨਾ ਹੀ ਸਾਨੂੰ ਇਨਸਾਫ਼ ਦੀ ਉਮੀਦ ਹੈ। ਹੋਰ ਭੀ ਅਜਿਹੀਆਂ ਘਟਨਾਵਾਂ ਬਹੁਤ ਹਨ। ਜੇ ਸਾਰੀਆਂ ਦਾ ਜ਼ਿਕਰ ਕਰਨ ਲੱਗਾ ਤਾਂ ਇਕ ਵੱਖਰੀ ਕਿਤਾਬ ਬਣ ਸਕਦੀ ਹੈ।

### *ਪਿੰਡੀ ਦਾਸ ਸਰਕਾਰੀ ਵਕੀਲ*

ਇਹ ਸ਼ਖ਼ਸ ਪਰਲੇ ਦਰਜੇ ਦਾ ਬੇਈਮਾਨ ਤੇ ਚਾਲਾਕ ਸੀ। ੧੯੨੧ ਦੀ ਸਾਜਿਸ਼ ਵਿਚ ਇਹੋ ਸਰਕਾਰੀ ਵਕੀਲ ਸੀ ਇਸ ਬਬਰ ਅਕਾਲੀ ਸਾਜਿਸ਼ ਵਿਚ ਵੀ ਇਸ ਨੇ ਪੈਸਾ ਲੁੱਟ ਕੇ ਖ਼ੂਬ ਕੁਟੰਬ ਪਾਲਿਆ। ਧਨਰਾਜ, ਜੋ ਸਟੈਨੋ ਸੀ, ਇਸ ਦੀ ਮਾਸੀ ਦਾ ਪੁੱਤਰ ਸੀ, ਰਾਮ ਲਾਲ ਵਕੀਲ (ਜੋ ਨਾ-ਮਿਲਵਰਤਨੀਆਂ ਦੇ ਮੱਥੇ ਮੜ੍ਹਿਆ ਗਿਆ ਸੀ), ਜਿਸ ਨੇ ਕਿਸੇ ਗਵਾਹ ਉੱਤੇ ਕੋਈ ਜਿਰਹ ਨਹੀਂ ਕੀਤੀ, ਕਿਉਂਕਿ ਨਾ-ਮਿਲਵਰਤਨੀਏ ਬਬਰ ਅਕਾਲੀਆਂ ਵੱਲੋਂ ਕਿਸੇ ਨੂੰ ਹੱਕ ਹਾਸਿਲ ਨਹੀਂ ਸੀ, ਉਹ ਸਿਰਫ਼ ਕੁਰਸੀ ਉੱਤੇ ਬੈਠ ਕੇ ਚਲਾ ਜਾਂਦਾ ਸੀ, ਇਹ ਭੀ ਧਨ ਰਾਜ ਦੇ ਸਕੇ ਤਾਏ ਦਾ ਪੁੱਤਰ ਹੋਣ ਕਰ ਕੇ ਇਸ ਦਾ ਰਿਸ਼ਤੇਦਾਰ ਸੀ। ਬਸ ਮਿਲ ਕੇ ਚੰਗੀ ਲੁੱਟ ਮਚਾਈ ਤੇ ਜਿਸ ਵੇਲੇ ਮੁਲਜ਼ਮਾਂ ਦਾ ਵਕੀਲ ਗਵਾਹ ਉੱਤੇ ਜਿਰਹ ਕਰਦਾ ਸੀ, ਉਸ ਵੇਲੇ

ਇਹ ਬਦਜ਼ਾਤ ਵਿੱਚੇ ਬੋਲ ਕੇ ਗਵਾਹ ਦੀ ਥਾਂ ਖ਼ੁਦ ਜਵਾਬ ਦੇਈ ਜਾਇਆ ਕਰਦਾ ਸੀ। ਬੁਲ ਦੇ ਸਮੇਂ ਤਾਂ ਰਾਜ ਹੀ ਇਸ ਦਾ ਸੀ, ਪਰ ਟਾਇਪ ਭੀ ਇਸ ਨੂੰ ਅਯੋਗ ਕੰਮ ਤੋਂ ਬੰਦ ਨਹੀਂ ਸੀ ਕੀਤਾ ਕਰਦਾ। ਕਈ ਵਾਰ ਮੁਲਜ਼ਮਾਂ ਦੇ ਵਕੀਲ ਲਾਲਾ ਰਘੁਨਾਥ ਸਹਾਏ ਨੇ ਇਤਰਾਜ਼ ਕੀਤਾ ਕਿ ਮੇਰੇ ਜਿਰਹ ਦੇ ਵਕਤ ਇਸ ਨੂੰ ਬੋਲਣ ਦਾ ਕੋਈ ਹੱਕ ਨਹੀਂ ਪਰ ਕੌਣ ਸੁਣਦਾ ਸੀ ? ਜਦ ਕੋਈ ਮੁਲਜ਼ਮ (ਬਬਰ) ਕਿਸੇ ਪ੍ਰਕਾਰ ਦਾ ਇਤਰਾਜ਼ ਕਰਦਾ ਸੀ, ਉਸ ਵੇਲੇ ਇਹ ਬਦਮਾਸ਼ ਖ਼ੁਦ ਹੀ ਝਾੜ ਕੇ ਬਿਠਾ ਦਿਆ ਕਰਦਾ ਸੀ।

***ਮੀਰ ਫ਼ਜ਼ਲ ਇਮਾਮ ਡਿਪਟੀ ਸੁਪਰਡੈਂਟ ਸੀ. ਆਈ. ਡੀ. :***

ਇਹ ਸ਼ਖ਼ਸ ਸ਼ੁਰੂ ਜਨਵਰੀ ੧੯੨੩ ਤੋਂ ਇਸ ਮੁਕੱਦਮੇ ਦੀ ਤਫ਼ਤੀਸ਼ 'ਤੇ ਲਾਇਆ ਗਿਆ ਸੀ। ਇਹ ਹੁਸ਼ਿਆਰ ਸੀ ਪਰ ਬੇਈਮਾਨ, ਚਾਲਾਕ ਤੇ ਧੋਖੇਬਾਜ਼ ਵੀ ਪੂਰਾ ਸੀ। ਮੁਲਜ਼ਮ ਬਬਰ ਅਕਾਲੀਆਂ ਦੇ ਇਕਬਾਲ ਕਰਾਉਣ ਹਿੱਤ ਮਾਰ-ਕੁਟਾਈ ਤੇ ਧਾਰਮਿਕ ਬੇਇਜ਼ਤੀ ਵੀ ਪੂਰੀ-ਪੂਰੀ, ਆਪਣੇ ਮਾਤਹਿੱਤਾਂ ਤੋਂ ਕਰਵਾਈ ਸੀ, ਜਿਸ ਸਖ਼ਤੀ ਦਾ ਜ਼ਿਕਰ ਨਮੂਨੇ ਮਾਤਰ ਮੈਂ ਕਰ ਆਇਆ ਹਾਂ। ਇਸ ਨੇ ਪਹਿਲੇ ੬੨ ਮੁਲਜ਼ਮ ਬਬਰ ਅਕਾਲੀਆਂ ਦਾ ਚਲਾਣ ਕਰ ਕੇ ਮੁਕੱਦਮਾ ਬੁਲ ਦੇ ਪੇਸ਼ ਕੀਤਾ ਸੀ ਤੇ ਦਰੋਗਾ ਖ਼ੈਰ ਦੀਨ ਜੇਲ੍ਹ ਲਾਹੌਰ ਨੂੰ ਹੱਥ ਵਿਚ ਲੈ ਕੇ ਬਬਰ ਅਕਾਲੀਆਂ ਉੱਤੇ ਬਹੁਤ ਸਖ਼ਤੀ ਕਰਾਈ ਸੀ। ਸਭ ਬਬਰ ਬੇੜੀਆਂ ਨਾਲ ਜਕੜੇ ਹੋਏ ਰਹਿੰਦੇ ਸਨ ਪਰ ਇਹ ਸ਼ੈਤਾਨ ਦੋ ਚਾਰ ਆਦਮੀਆਂ ਦੀਆਂ ਬੇੜੀਆਂ ਕਦੇ-ਕਦਾਈ ਲੁਹਾ ਦਿੰਦਾ ਸੀ। ਇਹ ਇਸ ਲਈ ਲੁਹਾ ਦਿੰਦਾ ਸੀ ਕਿ ਇਨ੍ਹਾਂ ਵਿਚ ਬੇਇਤਫ਼ਾਕੀ ਪੈ ਜਾਵੇ। ਜੈਸਾ ਕਿ ਗੌਰਮਿੰਟ ਨੇ ਏ ਤੇ ਬੀ ਕਲਾਸ ਦਾ ਤਰੀਕਾ ਜਾਰੀ ਕੀਤਾ ਹੋਇਆ ਹੈ ਕਿ ਦੇਸ਼ ਭਗਤ ਆਪੋ ਵਿਚ ਲੜਦੇ ਰਹਿਣਗੇ ਪਰ ਉਨ੍ਹਾਂ ਮਹਾਂ-ਪੁਰਸ਼ਾਂ ਨੇ ਜਿਨ੍ਹਾਂ ਨੂੰ ਏ ਜਾਂ ਬੀ ਕਲਾਸ ਦਿੰਦੇ ਰਹੇ, ਫੌਰਨ ਲੱਤ ਮਾਰ ਕੇ ਪਰੇ ਤਿਆਗ ਕਰ ਛੱਡਿਆ ਕਰਦੇ ਸੀ। ਇਸ ਤਰ੍ਹਾਂ ਬਬਰ ਅਕਾਲੀ ਵੀ ਇਸ ਚਾਲਾਕ ਦੀਆਂ ਚਾਲਾਕੀਆਂ ਤੋਂ ਬਚਦੇ ਰਹੇ। ਕਦੇ ਪਹਿਲਿਆਂ ਦੇ ਬੇੜੀਆਂ ਲੁਵਾ ਦਿੱਤੀਆਂ ਕਦੇ ਦੂਜਿਆਂ ਦੇ ਲੁਵਾ ਦੇਣੀਆਂ। ਕਈ ਬਬਰਾਂ ਨੂੰ ਇਹ ਬਦਮਾਸ਼, ਖੈਰਦੀਨ ਦੇ ਰਾਹੀਂ ਡਿਊਟੀ ਬੁਲਾ ਕੇ ਪ੍ਰੇਰਨਾ ਕਰਦਾ ਰਿਹਾ ਕਿ ਉਹ ਇਕਬਾਲ ਕਰ ਲੈਣ ਔਰ ਉਹ ਉਨ੍ਹਾਂ ਨੂੰ ਛੁਡਾ ਦੇਵੇਗਾ ਪਰ ਇਸ ਚਾਲਾਕੀ ਵਿਚ ਭੀ ਕੋਈ ਬਬਰ ਅਕਾਲੀ ਨਾ ਆਇਆ। ਇਸ ਦੇ ਕਹਿਣੇ ਕਰ ਕੇ ਮੁਖੀ ਬਬਰ ਅਕਾਲੀਆਂ ਨੂੰ ਵੱਖਰੀ ਸੰਗੀਨ-ਕੋਠੀ ਵਿਚ ਰੱਖਿਆ ਜਾਂਦਾ ਸੀ ਤੇ ਬਾਕੀ ਬਬਰ ਅਕਾਲੀਆਂ ਉੱਤੇ "ਪਰਲੇ ਦਰਜੇ ਦੇ ਬੇਈਮਾਨ" ਨੰਬਰਦਾਰ ਲਾਏ ਜਾਂਦੇ ਸਨ। ਜੋ ਆਪਣੇ ਆਪ ਨੂੰ ਦਰੋਗੇ ਪਾਸ ਇਹ ਮੰਨ ਕੇ ਆਏ ਸਨ ਕਿ ਉਹ ਆਪਣੇ ਪਿਉ ਦੇ ਪੁੱਤਰ ਨਹੀਂ ਹਰਾਮਦੇ ਹਨ। ਅਜਿਹੇ ਬੇਜ਼ਮੀਰੇ ਸ਼ਖ਼ਸ ਬਬਰ ਅਕਾਲੀਆਂ ਦੇ ਪ੍ਰਬੰਧ-ਹਿਤ ਨੀਯਤ ਕੀਤੇ ਗਏ। ਜਿਸ ਕਿਸੇ ਬਬਰ ਦੀ ਇਹ ਸ਼ਖ਼ਸ, ਦਰੋਗੇ ਪਾਸ ਸ਼ਿਕਾਇਤ ਕਰਦੇ ਸਨ, ਬਗ਼ੈਰ ਪੇਸ਼ੀ ਯਾ ਪੁੱਛ-ਗਿੱਛ ਕਰਨ 'ਤੇ ਉਨ੍ਹਾਂ ਨੂੰ ਕੋਠੀ-ਬੰਦ ਕੀਤਾ ਜਾਂਦਾ ਸੀ। ਕਈਆਂ ਨੂੰ ਹੱਥਕੜੀਆਂ ਦੀ

ਸਜ਼ਾ, ਝੂਠੀਆਂ ਸ਼ਿਕਾਇਤਾਂ ਦੇ ਆਧਾਰ ਉੱਤੇ, ਦਿੱਤੀ ਜਾਂਦੀ ਰਹੀ। ਖ਼ਾਸ ਕਰ ਮਾਸਟਰ ਦਲੀਪ ਸਿੰਘ ਜੀ ਗੋਸਲ, ਭਾਈ ਕਰਮ ਸਿੰਘ ਜੀ ਝਿੰਗੜ ਨੂੰ ਚੱਕੀ ਵਿਚ ਰੱਖ ਕੇ ਤਾਰੀਖ਼ ਉੱਤੇ ਜਾਣ ਵਾਲੇ ਦਿਨ ਵੀ ਚੱਕੀ ਪਿਸਾਈ ਜਾਂਦੀ ਸੀ। ਅਗਰ ਫ਼ਜ਼ਲ ਇਮਾਮ ਦੇ ਪੂਰੇ-ਪੂਰੇ ਹਾਲ ਦਾ ਜ਼ਿਕਰ ਕਰਾਂ ਤਾਂ ਇਕ ਵੱਖਰੀ ਕਿਤਾਬ ਬਣ ਸਕਦੀ ਹੈ ਪਰ ਸਮਝਦਾਰ ਲੋਕ ਏਨੇ ਤੋਂ ਹੀ ਸਮਝ ਜਾਣਗੇ ਕਿ ਅੰਗ੍ਰੇਜ਼ੀ ਰਾਜ ਵਿਚ ਕਿਹੋ ਜਿਹੇ ਬੇਈਮਾਨ ਈਮਾਨ-ਫਰੋਸ਼, ਬੇ-ਜ਼ਮੀਰ ਗ਼ੁਲਾਮਾਂ ਦੀ ਕਦਰ ਹੈ। ਇਸ ਬੇਈਮਾਨੀ ਦੇ ਸਿਲੇ ਵਿਚ ਹੀ ਇਸ ਨੂੰ ਇੰਸਪੈਕਟਰ ਤੋਂ ਡਿਪਟੀ ਸੁਪਰਡੈਂਟ ਤੇ ਖ਼ਾਨ ਬਹਾਦਰ ਬਣਾਇਆ ਗਿਆ ਸੀ।

ਬਬਰ ਅਕਾਲੀਆਂ ਦੇ ਖ਼ਿਲਾਫ਼ ਇਸਤਗਾਸਾ ਨੇ ਜੋ ਕੁਝ ਸਾਬਿਤ ਕਰਨ ਦੀ ਕੋਸ਼ਿਸ਼ ਕੀਤੀ ਸੀ, ਉਹ ਮੈਂ ਇਕੱਲੇ-ਇਕੱਲੇ ਬਬਰਾਂ ਦੇ ਨਾਂ ਲਿਖਦਾ ਹਾਂ; ਪਰ ਅਸਲ ਹਾਲ ਉਪਰ ਲਿਖ ਚੁੱਕਾ ਹਾਂ—

***ਭਾਈ ਕਿਸ਼ਨ ਸਿੰਘ ਜੀ ਬਬਰ, ਨੰ: ੧***

੧. ਜੋਸ਼ ਦਿਵਾਉਣ ਵਾਲੇ ਲੈਕਚਰ ਕਰ ਕੇ ਲੋਕਾਂ ਨੂੰ ਭੜਕਾਇਆ।
੨. ਬਬਰ ਅਕਾਲੀ ਜਥੇ ਦਾ ਮੈਂਬਰ ਬਣਿਆ।
੩. ਬਬਰ ਅਕਾਲੀ ਦੁਆਬਾ ਅਖ਼ਬਾਰ ਛਾਪਿਆ ਤੇ ਵੰਡਿਆ।
੪. ਜਥੇ ਲਈ ਹਥਿਆਰ ਤੇ ਕਾਰਤੂਸ ਇਕੱਠੇ ਕੀਤੇ ਤੇ ਕਤਲ ਕਰਨ ਲਈ ਬਬਰਾਂ ਨੂੰ ਦਿੱਤੇ।

***ਭਾਈ ਕਰਮ ਸਿੰਘ ਕੈਨੇਡੀਅਨ ਨੰ: ੨***

੧. ਭੜਕਾਉਣ ਵਾਲੇ ਲੈਕਚਰ ਦੇਣੇ।
੨. ਝੋਲੀ-ਚੁੱਕਾਂ ਦੇ ਕਤਲ ਤੇ ਡਾਕੇ ਮਾਰਨ ਦੇ ਮਤੇ ਕਰਨੇ।
੩. ਬਬਰ ਅਕਾਲੀ ਦੁਆਬਾ ਅਖ਼ਬਾਰ ਦੇ ਛਾਪਣ ਤੇ ਵੰਡਣ ਵਿਚ ਹਿੱਸਾ।
੪. ਬਬਰ ਅਕਾਲੀ ਦੁਆਬਾ ਜਥਾ ਬਨਾਉਣ ਵਿਚ ਸ਼ਾਮਿਲ ਹੋਣਾ।
੫. ਅਰਜਨ ਸਿੰਹੁ ਪਟਵਾਰੀ ਹਰੀਪੁਰ ਨੂੰ ਮਾਰਨ ਜਾਣਾ।

ਇਨ੍ਹਾਂ ਦੇ ਖ਼ਿਲਾਫ਼ ਹੇਠ ਲਿਖੇ ਵਾਇਦਾ ਮੁਆਫ਼ ੯ ਗਵਾਹ ਸਨ :

੧. ਮਤਾਬ ਸਿੰਹੁ ਭਕੌੜਦੀ।
੨. (ਸੰਤ) ਕਰਤਾਰ ਸਿੰਹੁ ਤੇਲੀ।
੩. (ਸੰਤ) ਮਿਤ ਸਿੰਹੁ।
੪. ਬੇਲਾ ਸਿੰਹੁ ਪ੍ਰਾਗਪੁਰ।
੫. ਸਾਧੂ ਸਿੰਹੁ ਪ੍ਰਾਗਪੁਰ।
੬. ਚੰਦਾ ਸਿੰਹੁ ਡੁਮੇਲੀ।
੭. ਵਤਨ ਸਿੰਹੁ ਝੀਉਰ ਪੰਡੋਰੀ ਨਿੱਝਰਾਂ।
੮. ਰਾਮ ਸਿੰਹੁ ਮਜ਼ਾਰਾ ਕਾਵਾਂ।
੯. ਅਮਰ ਸਿੰਹੁ ਕੋਟ ਬਾਰੇ ਖਾਂ।

*ਮਾਸਟਰ ਦਲੀਪ ਸਿੰਘ ਜੀ, ਨੰ: ੩*

ਆਪ ਦੇ ਬਰਖ਼ਿਲਾਫ਼ ਭਾਈ ਕਰਮ ਸਿੰਘ ਜੀ ਝਿੰਗੜ ਵਾਲੇ ਹੀ ਜੁਰਮ ਹਨ। ਇਸ ਤੋਂ ਇਲਾਵਾ ਇਹ ਹੈ ਕਿ ਅਕਾਲੀ ਦੁਆਬਾ ਅਖ਼ਬਾਰ ਮਜ਼ਮੂਨ ਆਪਣੀ ਕਲਮ ਨਾਲ ਲਿਖਣਾ। ਆਪ ਦੇ ਬਰਖ਼ਿਲਾਫ਼ ਵਾਅਦਾ ਮੁਆਫ਼ ਗਵਾਹ ਵੀ ਭਾਈ ਕਰਮ ਸਿੰਘ ਜੀ ਵਾਲੇ ਹੀ ਹਨ।

*ਭਾਈ ਸੁੰਦਰ ਸਿੰਘ ਜੀ, ਨੰ: ੪*

੧. ਭੜਕਾਉਣ ਵਾਲੇ ਲੈਕਚਰ ਦੇਣੇ।
੨. ਬਬਰ ਅਕਾਲੀ ਜਥੇ ਦੀ ਬੁਨਿਆਦ ਰੱਖਣ ਵਾਲਿਆਂ ਵਿੱਚੋਂ ਇਕ ਹੋਣਾ।
੩. ਝੋਲੀ-ਚੁੱਕਾਂ ਦੇ ਨੱਕ ਕੱਟਣ ਜਾਣਾ।
੪. ਝੋਲੀ-ਚੁੱਕਾਂ ਦੇ ਨੱਕ ਕੱਟਣ ਦਾ ਮਤਾ ਕਰਨਾ।
੫. ਲਾਇਸੈਂਸ ਤੋਂ ਬਗ਼ੈਰ ਹਥਿਆਰ ਰੱਖਣੇ।

ਆਪ ਜੀ ਦੇ ਖ਼ਿਲਾਫ਼ ਵਾਅਦਾ ਮੁਆਫ਼ :-

੧. (ਸੰਤ) ਕਰਤਾਰ ਸਿੰਹੁ।
੨. ਸਾਧੂ ਸਿੰਹੁ।
੩. ਬੇਲਾ ਸਿੰਹੁ ਪ੍ਰਾਗਪੁਰ।
੪. ਅਨੂਪ ਸਿੰਹੁ ਮਾਣੋਕੇ।
੫. ਚੰਦਾ ਸਿੰਹੁ ਡੁਮੇਲੀ।
੬. ਮਤਾਬ ਸਿੰਹ ਭਕੋੜਦੀ।
੭. ਵਤਨ ਸਿੰਹ ਝੀਉਰ।
੮. ਤੁਫੈਲ ਮੁਹੰਮਦ ਪੰਡੋਰੀ ਨਿੱਝਰਾਂ।

*ਭਾਈ ਬੰਤਾ ਸਿੰਘ ਪ੍ਰਾਗਪੁਰ, ਨੰ: ੫*

ਆਪ ਦੇ ਉੱਤੇ ਇਹ ਇਲਜ਼ਾਮ ਲਾਇਆ ਗਿਆ ਸੀ : ਜਮਸ਼ੇਰ ਸਟੇਸ਼ਨ ਨੂੰ ਲੁੱਟਣਾ।

ਆਪ ਜੀ ਦੇ ਖ਼ਿਲਾਫ਼ ਵਾਅਦਾ ਮੁਆਫ਼ :-

ਸਾਧੂ ਸਿੰਹੁ ਪ੍ਰਾਗਪੁਰ।

*ਭਾਈ ਪ੍ਰੇਮ ਸਿੰਘ ਜੀ ਪ੍ਰਾਗਪੁਰ, ਨੰ: ੬*

੧. ਅਰਜਨ ਸਿੰਹੁ ਪਟਵਾਰੀ ਹਰੀਪੁਰ ਨੂੰ ੨੩ ਫਰਵਰੀ ੧੯੨੩ ਨੂੰ ਮਾਰਨ ਜਾਣਾ।
੨. ਬਬਰ ਅਕਾਲੀ ਜਥੇ ਨੂੰ ਪਨਾਹ ਦੇਣੀ।

ਵਾਅਦਾ ਮੁਆਫ਼ :-

ਆਪ ਜੀ ਦੇ ਖ਼ਿਲਾਫ਼ ਵਾਅਦਾ ਮੁਆਫ਼ :-

੧. ਸਾਧੂ ਸਿੰਹੁ।
੨. ਬੇਲਾ ਸਿੰਹੁ ਪ੍ਰਾਗਪੁਰ।
੩. ਰਾਮ ਸਿੰਹੁ ਮਜ਼ਾਰਾ ਕਾਵਾਂ।

**ਜਸਵੰਤ ਸਿੰਘ ਬੀ. ਏ. ਖੁਸਰੋਪੁਰ ਨੰ: 7**

੧ ਬਬਰ ਅਕਾਲੀ ਜਥੇ ਨੂੰ ਕਾਰਤੂਸ ਦੇਣੇ।

੨ ਬਬਰ ਅਕਾਲੀਆਂ ਨੂੰ ਪਨਾਹ ਦੇਣੀ।

ਆਪ ਜੀ ਦੇ ਖ਼ਿਲਾਫ਼ ਵਾਅਦਾ ਮੁਆਫ਼ :-

੧ (ਸੰਤ) ਕਰਤਾਰ ਸਿੰਹੁ

੨. ਅਨੂਪ ਸਿੰਹੁ ਮਾਣਕੋ

**ਭਾਈ ਆਤਮਾ ਸਿੰਘ ਜੀ ਖੁਸਰੋਪੁਰ, ਨੰ: ੮**

ਸ੍ਰ: ਜਸੰਵਤ ਸਿੰਘ ਵਾਲਾ ਹੀ ਜੁਰਮ ਤੇ ਉਹੀ ਵਾਅਦਾ ਮੁਆਫ਼।

**ਭਾਈ ਉਜਾਗਰ ਸਿੰਘ ਜੀ ਬਿਸਰਾਮਪੁਰ, ਨੰ: ੯**

੧. ਲਾਭ ਸਿੰਹੁ ਢੱਡਾ ਫ਼ਤਹਪੁਰ ਨੂੰ ਕਤਲ ਕਰਨ ਜਾਣਾ।

੨. ਬਬਰ ਅਕਾਲੀ ਜਥੇ ਨੂੰ ਕਰਤੂਸ ਦੇਣੇ।

੩. ਬਬਰ ਅਕਾਲੀ ਦੁਆਬੇ ਦੇ ਪਰਚੇ ਵੰਡਣਾ।

ਆਪ ਜੀ ਦੇ ਖ਼ਿਲਾਫ਼ ਵਾਅਦਾ ਮੁਆਫ਼ :-

(ਸੰਤ) ਕਰਤਾਰ ਸਿੰਹੁ, ਵਤਨ ਸਿੰਹੁ, ਧੰਨਾ ਸਿੰਹੁ ਕੋਟਲੀ, ਸਾਧੂ ਸਿੰਹੁ ਪ੍ਰਾਗਪੁਰ

**ਭਾਈ ਸ਼ਿਵ ਸਿੰਘ ਹਰੀਪੁਰ, ਨੰ: ੧੦**

ਲਾਭ ਸਿੰਹੁ ਢੱਡਾ ਹਰੀਪੁਰ ਨੂੰ ਮਾਰਨ ਜਾਣਾ

ਵਾਅਦਾ ਮੁਆਫ਼ : (ਸੰਤ) ਕਰਤਾਰ ਸਿੰਹੁ ਤੋਂ ਬਿਨਾਂ ਨੰ: ੯ ਵਾਲੇ ਸਾਰੇ ਹੀ ਗਵਾਹ।

**ਭਾਈ ਮੁਣਸ਼ਾ ਸਿੰਘ ਜੀ ਜੌਹਲ, ਨੰ: ੧੧**

੧. ਬਬਰ ਅਕਾਲੀ ਜਥੇ ਨੂੰ ਪਨਾਹ ਦੇਣੀ।

੨. ਬਬਰ ਅਕਾਲੀ ਜਥੇ ਨੂੰ ਪਿਸਤੌਲ ਦੇ ਕਾਰਤੂਸ ਤੇ ਬੰਬ ਦੇਣੇ।

ਵਾਅਦਾ ਮੁਆਫ਼ : ਜਵੰਦ ਸਿੰਹੁ ਉਸ ਦਾ ਸਕਾ ਭਾਈ।

**ਭਾਈ ਨੰਦ ਸਿੰਘ ਜੀ ਘੁੜਿਆਲ, ਨੰ: ੧੨**

੧. ਸੂਬੇਦਾਰ ਗੇਂਦਾ ਸਿੰਹੁ ਘੁੜਿਆਲ ਨੂੰ ਕਤਲ ਕਰਨਾ।

੨. ਬਬਰ ਅਕਾਲੀ ਜਥੇ ਨੂੰ ਪਿਸਤੌਲ ਦੇਣੇ।

੩. ਤਲਾਸ਼ੀ ਸਮੇਂ ਕਾਰਤੂਸ ਬਰਾਮਦ ਹੋਣੇ।

ਵਾਅਦਾ ਮੁਆਫ਼ :- ਵਤਨ ਸਿੰਹੁ ਝੀਉਰ ਪੰਡੋਰੀ, ਅਨੂਪ ਸਿੰਹੁ ਮਾਣਕੋ।

**ਭਾਈ ਕਰਮ ਸਿੰਘ ਜੀ ਹਰੀਪੁਰ, ਨੰ: ੧੩**

੧. ਸੂਬੇਦਾਰ ਗੇਂਦਾ ਸਿੰਹੁ ਨੂੰ ਕਤਲ ਕਰਨਾ।

ਵਾਅਦਾ ਮੁਆਫ਼ : ਅਨੂਪ ਸਿੰਹੁ ਮਾਣਕੋ, ਵਤਨ ਸਿੰਹੁ ਪੰਡੋਰੀ ਨਿੱਝਰਾਂ।

**ਭਾਈ ਨਿਰਵੈਰ ਸਿੰਘ ਢਾਡੀ ਪੰਡੋਰੀ ਨਿੱਝਰਾਂ, ਨੰ: ੧੫**

ਬਬਰ ਅਕਾਲੀ ਜਥੇ ਨੂੰ ਪਨਾਹ ਦੇਣੀ ਤੇ ਨਾਲ ਜਾ ਕੇ ਲੈਕਚਰ ਕਰਵਾਉਣੇ।

ਵਾਅਦਾ ਮੁਆਫ਼ : ਮਤਾਬ ਸਿੰਘ ਭਕੌੜਦੀ, ਵਤਨ ਸਿੰਘ ਝੀਉਰ, ਤੁਫ਼ੈਲ ਮੁਹੰਮਦ ਪੰਡੋਰੀ ਨਿੱਝਰਾਂ।

***ਭਾਈ ਕਰਤਾਰ ਸਿੰਘ ਪੰਡੋਰੀ ਨਿੱਝਰਾਂ, ਨੰ: ੧੫***

ਬਬਰਾਂ ਨੂੰ ਪਨਾਹ ਦੇਣੀ, ਲਾਭ ਸਿੰਘ ਫ਼ਤਹਪੁਰ ਦੇ ਵਕੀਲ ਦੀ ਸਾਜਿਸ਼ ਵਿਚ ਸ਼ਾਮਿਲ ਹੋਣਾ।

ਵਾਅਦਾ ਮੁਆਫ਼ : ਵਤਨ ਸਿੰਘ ਝੀਉਰ, ਤੁਫ਼ੈਲ ਮੁਹੰਮਦ ਪੰਡੋਰੀ ਨਿੱਝਰਾਂ।

***ਹੁਕਮ ਸਿੰਘ ਜੀ ਪੰਡੋਰੀ ਨਿੱਝਰਾਂ, ਨੰ: ੧੬***

ਬਬਰ ਅਕਾਲੀਆਂ ਨੂੰ ਪਨਾਹ ਦੇਣੀ।

ਵਾਅਦਾ ਮੁਆਫ਼ : ਵਤਨ ਸਿੰਘ ਝੀਉਰ ਪੰਡੋਰੀ।

***ਭਾਈ ਮਹਿੰਗਾ ਸਿੰਘ ਜੀ ਪੰਡੋਰੀ, ਨੰ: ੧੭***

ਪੰਡੋਰੀ ਨਿੱਝਰਾਂ ਦੇ ਨੰਬਰਦਾਰ ਤੇ ਚੌਕੀਦਾਰਾਂ ਦੇ ਕਤਲ ਵਾਲੇ ਗਿਰੋਹ ਵਿਚ ਸ਼ਰੀਕ ਹੋਣਾ।

ਵਾਅਦਾ ਮੁਆਫ਼ : ਚੰਦਾ ਸਿੰਘ ਡੁਮੇਲੀ, ਅਨੂਪ ਸਿੰਘ ਮਾਣਕੋ।

***ਭਾਈ ਊਧਮ ਸਿੰਘ ਜੀ ਭੁਝੰਗੀ, ਪੰਡੋਰੀ ਨਿੱਝਰਾਂ ਨੰ: ੧੮***

੧. ਪੰਡੋਰੀ ਨਿੱਝਰਾਂ ਦੇ ਨੰਬਰਦਾਰਾਂ ਤੇ ਚੌਕੀਦਾਰਾਂ ਦੇ ਨੱਕ, ਕੰਨ ਕੱਟਣ ਦੀ ਧਮਕੀ ਵਾਲੇ ਪਰਚੇ ਲਿਖ ਕੇ ਇਨ੍ਹਾਂ ਦੇ ਬੂਹੇ 'ਤੇ ਲਾਉਣੇ।

੨. ਬਬਰ ਅਕਾਲੀ ਦੁਆਬੇ ਦੇ ਪਰਚੇ ਲਿਖਣੇ ਤੇ ਬਬਰਾਂ ਨੂੰ ਪਨਾਹ ਦੇਣੀ।

੩. ਲਾਭ ਸਿੰਘ ਢੱਡਾ ਫ਼ਤਹਿਪੁਰ ਦੇ ਕਤਲ ਦੀ ਸਾਜਿਸ਼ ਵਿਚ ਸ਼ਰੀਕ ਹੋਣਾ।

ਵਾਅਦਾ ਮੁਆਫ਼ : ਤੁਫ਼ੈਲ ਤੇ ਵਤਨ ਸਿੰਘ ਪੰਡੋਰੀ ਨਿੱਝਰਾਂ।

***ਮਿਲਖਾ ਸਿੰਘ ਜੀ ਪਿੰਡ ਨਿੱਝਰਾਂ, ਨੰ; ੧੯***

੧. ਬਬਰਾਂ ਨੂੰ ਪਨਾਹ ਦੇਣੀ।

੨. ਲਾਭ ਸਿੰਘ ਢੱਡਾ ਫ਼ਤਹਿਪੁਰ ਨੂੰ ਕਤਲ ਵਾਲੇ ਗਿਰੋਹ ਵਿਚ ਸ਼ਾਮਿਲ ਹੋਣਾ।

੩. ਅਰਜਨ ਸਿੰਘ ਪਟਵਾਰੀ ਦੇ ਕਤਲ ਸਬੰਧੀ ਮਸ਼ਵਰੇ ਵਿਚ ਸ਼ਰੀਕ ਹੋਣਾ।

ਵਾਅਦਾ ਮੁਆਫ਼ : ਰਾਮ ਸਿੰਘ ਮਜ਼ਾਰਾ ਕਾਵਾਂ, ਵਤਨ ਸਿੰਘ, ਤੁਫ਼ੈਲ ਪੰਡੋਰੀ ਨਿੱਝਰਾਂ, ਸਾਧੂ ਸਿੰਘ ਪ੍ਰਾਗਪੁਰ।

***ਭਾਈ ਠਾਕਰ ਸਿੰਘ ਜੀ ਪੰਡੋਰੀ ਨਿੱਝਰਾਂ, ਨੰ: ੨੦***

ਲਾਭ ਸਿੰਘ ਢੱਡਾ ਫ਼ਤਹਿਪੁਰ ਦੇ ਕਤਲ ਵਾਲੇ ਗਿਰੋਹ ਵਿਚ ਸ਼ਾਮਿਲ ਹੋਣਾ।

***ਭਾਈ ਬਖ਼ਸ਼ੀਸ਼ ਸਿੰਘ ਜੀ ਪੰਡੋਰੀ ਨਿੱਝਰਾਂ, ਨੰ: ੨੧***

ਲਾਭ ਸਿੰਘ ਢੱਡਾ ਨੂੰ ਕਤਲ ਕਰਨ ਵਾਲੇ ਗਿਰੋਹ ਵਿਚ ਸ਼ਰੀਕ ਹੋਣਾ।

ਵਾਅਦਾ ਮੁਆਫ਼ : ਵਤਨ ਸਿੰਘ ਪੰਡੋਰੀ ਨਿੱਝਰਾਂ, ਸਾਧੂ ਸਿੰਘ ਪ੍ਰਾਗਪੁਰ।

***ਹਰਨਾਮ ਸਿੰਘ ਸਹੀਪੁਰ, ਨੰ: ੨੨***

ਲਾਭ ਸਿੰਘ ਢੱਡਾ ਨੂੰ ਕਤਲ ਕਰਨ ਵਾਲੇ ਗਿਰੋਹ ਵਿਚ ਸ਼ਾਮਿਲ ਹੋਣਾ।

ਵਾਅਦਾ ਮੁਆਫ਼ : ਵਤਨ ਸਿੰਘ ਪੰਡੋਰੀ ਨਿੱਝਰਾਂ, ਸਾਧੂ ਸਿੰਘ ਪ੍ਰਾਗਪੁਰ।

***ਭਾਈ ਬੂਟਾ ਸਿੰਘ ਜੀ ਪੰਡੋਰੀ ਨਿੱਝਰਾਂ, ਨੰ: ੨੩***

੧. ਝੋਲੀ-ਚੁੱਕਾਂ ਨੂੰ ਮਾਰਨ ਤੇ ਡਾਕੇ ਮਾਰਨ ਦੇ ਮਤੇ ਕਰਨੇ।
੨. ਅਰਜਨ ਸਿੰਘ ਪਟਵਾਰੀ ਹਰੀਪੁਰ ਨੂੰ, ੨੩ ਜਨਵਰੀ ੧੯੨੩ ਨੂੰ, ਕਤਲ ਕਰਨ ਹਿਤ ਜਲੰਧਰ ਜਾਣਾ।
੩. ਮਫ਼ਰੂਰ ਹੋ ਕੇ ਬਬਰ ਜਥੇ ਵਿਚ ਰਹਿਣਾ।

ਵਾਅਦਾ ਮੁਆਫ਼ : ਮਤਾਬ ਸਿੰਘ, ਅਮਰ ਸਿੰਘ ਕੋਟ ਵਾਰੇ ਖਾਂ, (ਸੰਤ) ਕਰਤਾਰ ਸਿੰਘ, ਰਾਮ ਸਿੰਘ ਮਜ਼ਾਰਾ ਕਾਵਾਂ, (ਸੰਤ) ਮਿੱਤ ਸਿੰਘ, ਬੇਲਾ ਸਿੰਘ, ਸਾਧੂ ਸਿੰਘ ਪ੍ਰਾਗਪੁਰ।

ਹੇਠ ਲਿਖੇ ਬਬਰਾਂ 'ਤੇ ਜਾਡਲੇ ਦੇ ਡਾਕੇ ਦਾ ਇਲਜ਼ਾਮ ਲਾਇਆ ਗਿਆ :-

੧. ਭਾਈ ਠਾਕਰ ਸਿੰਘ ਦੌਲਤਪੁਰ, ਨੰ: ੨੩
੨. ਭਾਈ ਹਰੀ ਸਿੰਘ ਜੀ ਦੌਲਤਪੁਰ, ਨੰ: ੨੪
੩. ਭਾਈ ਬੰਤਾ ਸਿੰਘ ਜੀ ਦੌਲਤਪੁਰ, ਨੰ: ੨੫
੪. ਭਾਈ ਵਰਿਆਮ ਸਿੰਘ ਜੀ ਦੌਲਤਪੁਰ, ਨੰ: ੨੬
੫. ਭਾਈ ਵਰਿਆਮ ਸਿੰਘ ਜੀ ਮਜ਼ਾਰਾ ਕਾਵਾਂ, ਨੰ: ੨੭
੬. ਭਾਈ ਕਰਤਾਰ ਸਿੰਘ ਜੀ ਮਜ਼ਾਰਾ ਕਾਵਾਂ, ਨੰ: ੨੮
੭. ਭਾਈ ਰਾਮ ਸਿੰਘ ਜੀ ਮਜ਼ਾਰਾ ਕਾਵਾਂ, ਨੰ: ੨੯

ਇਹ ਤਿੰਨ ਵਾਅਦਾ ਮੁਆਫ਼ ਉਪਰ ਜ਼ਿਕਰ ਕੀਤੇ ਬਬਰ ਅਕਾਲੀਆਂ 'ਤੇ ਭੁਗਤਾਏ ਗਏ ਸਨ :-

੧. ਰਾਮ ਸਿੰਘ ਮਜ਼ਾਰਾ ਕਾਵਾਂ।
੨. ਰਾਮ ਸਿੰਘ ਹਿਆਤਪੁਰ।
੩. ਮਤਾਬ ਸਿੰਘ ਭਕੌੜਦੀ।

ਹੇਠ ਲਿਖੇ ਬਬਰਾਂ 'ਤੇ ਨੰਗਲ ਸ਼ਾਮਾਂ ਦੇ ਕਤਲ ਦਾ ਇਲਜ਼ਾਮ ਸੀ :

ਬਾਬੂ ਦਲੀਪ ਸਿੰਘ ਜੀ ਧਾਮੀਆਂ, ਨੰ: ੩੦
ਭਾਈ ਪਿਆਰਾ ਸਿੰਘ ਧਾਮੀਆਂ, ਨੰ: ੩੧
ਭਾਈ ਰਤਨ ਸਿੰਘ ਜੀ ਸੀਂਗੜੀ ਵਾਲੇ, ਨੰ: ੩੨

ਵਾਅਦਾ ਮੁਆਫ਼ : ਧੰਨਾ ਸਿੰਘ, ਸਾਧੂ ਸਿੰਘ, ਵਤਨ ਸਿੰਘ।

***ਭਾਈ ਅਰਜਨ ਸਿੰਘ ਸੂੰਢ ਮਖ਼ਸੂਦਪੁਰ, ਨੰ: ੩੩***

ਬਬਰ ਅਕਾਲੀ ਜਥੇ ਵਿਚ ਸ਼ਾਮਿਲ ਹੋ ਕੇ ਸੂੰਢ ਦੇ ਨੰਬਰਦਾਰਾਂ ਦੇ ਨੱਕ, ਕੰਨ ਕੱਟਣ ਦੀ ਸਾਜਿਸ਼ ਵਿਚ ਸ਼ਾਮਿਲ ਹੋਣਾ, ਬਬਰਾਂ ਨੂੰ ਪਨਾਹ ਦੇਣੀ।

ਵਾਅਦਾ ਮੁਆਫ਼ : ਬੇਲਾ ਸਿੰਘ ਕਾਣਾ ਪ੍ਰਾਗਪੁਰ, (ਸੰਤ) ਕਰਤਾਰ ਸਿੰਘ ਤੇਲੀ।

***ਭਾਈ ਆਤਮਾ ਸਿੰਘ ਜੀ ਬੰਕਾ, ਨੰ: ੩੪***

ਬਬਰਾਂ ਨਾਲ ਫਿਰਦੇ ਰਹਿਣਾ, ਬਬਰ ਅਕਾਲੀ ਦੁਆਬਾ ਅਖ਼ਬਾਰ ਦੇ ਪਰਚੇ ਵੰਡਣੇ।

ਵਾਅਦਾ ਮੁਆਫ਼ : ਬੇਲਾ ਸਿੰਹੁ, ਚੰਦਾ ਸਿੰਹੁ ਭੁਮੇਲੀ ।

***ਭਾਈ ਬਸੰਤ ਸਿੰਘ ਜੀ ਰੰਧਾਵਾ, ਨੰ: ੩੫***

ਬਬਰਾਂ ਨੂੰ ਪਨਾਹ ਦੇਣੀ, ਬਬਰਾਂ ਦੇ ਹਥਿਆਰ ਰੱਖਣੇ ।

ਵਾਅਦਾ ਮੁਆਫ਼ : (ਸੰਤ) ਕਰਤਾਰ ਸਿੰਹੁ (ਤੇਲੀ), ਮਤਾਬ ਸਿੰਹੁ ਭਕੌੜਦੀ ।

***ਭਾਈ ਛੱਜਾ ਸਿੰਘ ਮਸਾਣੀਆਂ, ਨੰ: ੩੬***

ਹਰਨਾਮ ਸਿੰਹੁ ਮਹਦੀਪੁਰ ਦੇ ਅੰਗ ਕੱਟਣੇ ।

***ਭਾਈ ਜਗਜੀਤ ਸਿੰਘ ਕ.ਫ਼ਾਰ, ਨੰ: ੩੭***

੧. ਬਬਰ ਅਕਾਲੀਆਂ ਨੂੰ ਪਨਾਹ ਦੇਣੀ, ਅਰਜਨ ਸਿੰਹੁ ਪਟਵਾਰੀ ਦੇ ਕਤਲ ਵਾਲੇ ਗਿਰੋਹ ਵਿਚ ੧੩ ਫਰਵਰੀ ੧੯੨੩ ਨੂੰ ਸ਼ਰੀਕ ਹੋਣਾ ।

ਵਾਅਦਾ ਮੁਆਫ਼ : (ਸੰਤ) ਕਰਤਾਰ ਸਿੰਹੁ, ਤੁਫ਼ੈਲ ।

***ਬਾਬੂ ਊਧਮ ਸਿੰਘ ਜੀ ਜੰਡੂ ਸਿੰਘਾਂ, ਨੰ: ੩੮***

ਬਬਰ ਅਕਾਲੀ ਜਥੇ ਨੂੰ ਪਿਸਤੌਲ ਦੇਣਾ ।

ਵਾਅਦਾ ਮੁਆਫ਼ : ਕਰਤਾਰ ਸਿੰਹੁ ਤੇਲੀ ।

***ਭੁਝੰਗੀ ਦਲੀਪ ਸਿੰਘ ਜੀ ਧਾਮੀਆਂ ਕਲਾਂ, ਨੰ: ੩੯***

੧. ਨੰਗਲ ਸ਼ਾਮਾਂ ਦੇ ਕਤਲ ਵਿਚ ਸ਼ਾਮਿਲ ਹੋਣਾ ।
੨. ਲਾਭ ਸਿੰਹੁ ਗੜ੍ਹਸ਼ੰਕਰ ਦੇ ਕਤਲ ਵਿਚ ਸ਼ਾਮਿਲ ਹੋਣਾ ।
੩. ਦਿਤੂ ਤੇ ਰਲਾ ਕੌਲਗੜ੍ਹ ਦੇ ਕਤਲ ਵਿਚ ਸ਼ਾਮਿਲ ਹੋਣਾ ।
੪. ਅਤਾ ਮੁਹੰਮਦ ਪਟਵਾਰੀ ਨੰਦਾ ਚੌਰ ਦੇ ਕਤਲ ਵਿਚ ਸ਼ਾਮਿਲ ਹੋਣਾ ।
੫. ਬਬਰ ਅਕਾਲੀ ਦੁਆਬਾ ਅਖ਼ਬਾਰ ਵਿਚ ਨਾਂ ਦੇ ਕੇ ਐਲਾਨੀਆਂ ਕਤਲ ਕਰਨਾ।
੬. ਲਾਭ ਸਿੰਹੁ ਢੱਡਾ ਦੇ ਕਤਲ ਵਾਲੇ ਗਿਰੋਹ ਵਿਚ ਸ਼ਾਮਿਲ ਹੋਣਾ ।
੭. ਬਿਸ਼ਨ ਸਿੰਹੁ ਸਾਂਦਰਾ ਨੂੰ ਕਤਲ ਕਰਨਾ ।
੮. ਬਿਨਾਂ ਲਾਇਸੈਂਸ ਹਥਿਆਰ ਰੱਖਣੇ ।

ਵਾਅਦਾ ਮੁਆਫ਼ : ਧਮਾ ਸਿੰਹੁ ਕੋਟਲੀ, ਅਨੂਪ ਸਿੰਹੁ ਮਾਣਕੋ, ਬੇਲਾ ਸਿੰਹੁ ।

***ਦੁਮਣ ਸਿੰਘ ਜੀ ਪੰਡੋਰੀ ਮਹਤਮਾਂ, ਨੰ: ੪੦***

੧. ਲਾਭ ਸਿੰਹੁ ਢੱਡਾ ਫ਼ਤਹਪੁਰ ਨੂੰ ਕਤਲ ਕਰਨ ਵਾਲੇ ਗਰੋਹ ਵਿਚ ਸ਼ਾਮਿਲ ਹੋਣਾ।

ਵਾਅਦਾ ਮੁਆਫ਼ : ਬੰਤਾ ਸਿੰਹੁ, ਬੇਲਾ ਸਿੰਹੁ ਬੋਪਾਰਾਇ, ਧੰਨਾ ਸਿੰਹੁ ਕੋਟਲੀ, ਸਾਧੂ ਸਿੰਹੁ ਪ੍ਰਾਗਪੁਰ, ਵਤਨ ਸਿੰਹੁ ਝੀਉਰ ਪੰਡੋਰੀ ਨਿੱਝਰਾਂ ।

***ਭਾਈ ਸ਼ਾਮ ਸਿੰਘ ਜੀ ਰਹਿੰਸੀ ਵਾਲ, ਨੰ: ੪੧***

ਬਬਰਾਂ ਨੂੰ ਪਨਾਹ ਦੇਣੀ, ਛਾਪਣ ਵਾਲੀ ਮਸ਼ੀਨ ਰੱਖਣੀ ।

ਵਾਅਦਾ ਮੁਆਫ਼ : ਅਨੂਪ ਸਿੰਹੁ ਮਾਣਕੋ, ਧੰਨਾ ਸਿੰਹੁ ਕੋਟਲੀ, ਵਤਨ ਸਿੰਹੁ ਝੀਵਰ।

***ਭਾਈ ਅਮਰ ਸਿੰਘ ਜੀ ਰਾਜੋਵਾਲ ਬਬਰ, ਨੰ: ੪੩***

ਹਰਨਾਮ ਸਿੰਘ ਸਫ਼ੈਦਪੋਸ਼ ਮਹਦੀਪੁਰ ਦੇ ਅੰਗ ਕੱਟਣੇ ।

***ਭਾਈ ਵਤਨ ਸਿੰਘ ਜੀ ਗਣੇਸ਼ਪੁਰ, ਨੰ: ੪੪***

ਸਪਲਾਈ ਵਿੱਚੋਂ ਬੰਬ ਚੁਰਾਉਣ ਦੀ ਸਾਜਿਸ਼ ਤਿਆਰ ਕਰਨੀ।

ਵਾਅਦਾ ਮੁਆਫ਼ : ਜਵੰਦ ਸਿੰਹੁ ਜੌਹਲ।

***ਭਾਈ ਠਾਕਰ ਸਿੰਘ ਜੀ ਭਾਰਟਾ, ਨੰ: ੪੫***

ਬਬਰਾਂ ਵਾਸਤੇ ਸਪਲਾਈ ਵਿੱਚੋਂ ਬੰਬ ਚੁਰਾਉਣੇ ਤੇ ਬਬਰ ਜਥੇ ਨੂੰ ਦੇਣੇ।

ਵਾਅਦਾ ਮੁਆਫ਼ : ਜਵੰਦ ਸਿੰਹੁ ਜੌਹਲ।

***ਜਥੇਦਾਰ ਬਾਬਾ ਦਲੀਪ ਸਿੰਘ ਜੀ ਸਾਂਧੜਾ, ਨੰ: ੪੬***

੧. ਬਬਰ ਅਕਾਲੀ ਦੁਆਬਾ ਅਖ਼ਬਾਰ ਕੱਢਣ ਦਾ ਮਤਾ ਪਾਸ ਕਰਨਾ।

੨. ਚੱਕਰਵਰਤੀ ਰਹਿਣਾ।

੩. ਦੁਆਬਾ ਅਕਾਲੀ ਬਨਾਉਣ ਦਾ ਮਤਾ ਕਰਨਾ।

੪. ਝੋਲੀ-ਚੁੱਕਾਂ ਦੇ ਸੁਧਾਰ ਦੀ ਸਾਜਿਸ਼ ਕਰਨੀ।

***ਮਿਲਖਾ ਸਿੰਘ ਜੀ ਮੋਰਾਂਵਾਲੀ, ਨੰ: ੪੭***

ਬਬਰ ਅਕਾਲੀਆਂ ਨੂੰ ਪਨਾਹ ਦੇਣੀ, ਬਬਰ ਅਕਾਲੀ ਦੁਆਬਾ ਅਖ਼ਬਾਰ ਦੇ ਪਰਚੇ ਵੰਡਣੇ।

ਵਾਅਦਾ ਮੁਆਫ਼: ਮਤਾਬ ਸਿੰਹੁ।

***ਭਾਈ ਹਰੀ ਸਿੰਘ ਜੀ ਖੰਡਾ ਚੋਲਾਂ, ਨੰ: ੪੮***

ਬਬਰ ਜਥੇ ਨਾਲ ਛਾਹਾਂ ਦੇ ਮੇਲੇ 'ਤੇ ਜਾਣਾ।

ਵਾਅਦਾ ਮੁਆਫ਼ : ਮਤਾਬ ਸਿੰਹੁ।

***ਭਾਈ ਹਰਬੰਸ ਸਿੰਘ ਜੀ ਸਰਹਾਲਾ, ਨੰ: ੪੯***

ਬਬਰ ਜਥੇ ਨਾਲ ਫਿਰਨਾ।

ਵਾਅਦਾ ਮੁਆਫ਼ : (ਸੰਤ) ਕਰਤਾਰ ਸਿੰਹੁ (ਤੇਲੀ)

***ਭਾਈ ਭਗਵਾਨ ਸਿੰਘ ਫ਼ਤਹਪੁਰ ਕੋਠੀ, ਨੰ: ੫੦***

ਬਬਰ ਅਕਾਲੀਆਂ ਨੂੰ ਪਨਾਹ ਦੇਣੀ, ਬਬਰ ਅਖ਼ਬਾਰ ਛਾਪਣ ਵਾਲੀ ਮਸ਼ੀਨ ਰੱਖਣੀ।

ਵਾਅਦਾ ਮੁਆਫ਼ : ਅਨੂਪ ਸਿੰਹੁ ਮਾਣਕੋ, ਧੰਨਾ ਸਿੰਹੁ ਕੋਟਲੀ।

***ਭਾਈ ਛਜਾ ਸਿੰਘ ਜੀ ਚਾਣਥੂ, ਨੰ: ੫੧***

ਬਬਰ ਜਥੇ ਨੂੰ ਪਨਾਹ ਦੇਣੀ, ਪੁਲਿਸ ਵੱਲੋਂ ਤਲਾਸ਼ੀ ਕਰਨ 'ਤੇ ਪਿਸਤੌਲ ਤੇ ਬੰਬ ਬਰਾਮਦ ਹੋਣੇ।

ਵਾਅਦਾ ਮੁਆਫ਼ : ਕਰਤਾਰ ਸਿੰਹੁ ਬੂੜੋਬਾਲੀ।

***ਭਾਈ ਦਲੇਲ ਸਿੰਘ ਮੰਨਣਹਾਨਾ, ਨੰ: ੫੨***

ਭਾਈ ਧੰਨਾ ਸਿੰਘ ਜੀ ਦੀ ਰਾਈਫ਼ਲ ਰੱਖਣੀ ਤੇ ਕਰਤਾਰ ਸਿੰਹੁ ਦੇ ਹੱਥ ਉਸ ਦੇ ਮੰਗਣ 'ਤੇ ਭੇਜ ਦੇਣੀ।

ਵਾਅਦਾ ਮੁਆਫ਼ : ਕਰਤਾਰ ਸਿੰਹੁ ਬੂੜੋਬਾਲੀ।

**ਭਾਈ ਸਰਦੂਲ ਸਿੰਘ ਜੀ ਬੂੜੋਬਾਲੀ, ਨੰ: ੫੩**

ਜ਼ੈਲਦਾਰ ਰਾਣੀ ਥੂਹਾ ਵਾਲੇ ਬਿਸ਼ਨ ਸਿੰਘ ਨੂੰ ਕਤਲ ਕਰਨ ਵਾਲੇ ਗਿਰੋਹ ਵਿਚ, ੧੦ ਫਰਵਰੀ ੧੯੨੩ ਨੂੰ, ਸ਼ਰੀਕ ਹੋ ਕੇ ਮਾਰਨ ਜਾਣਾ।

ਵਾਅਦਾ ਮੁਆਫ਼ : ਕਰਤਾਰ ਸਿੰਘ ਬੂੜੋਬਾਲੀ

**ਭਾਈ ਬੰਤਾ ਸਿੰਘ ਜੀ ਬਹਿਬਲਪੁਰ, ਨੰ: ੫੪**

ਬਬਰ ਅਕਾਲੀਆਂ ਨੂੰ ਪਨਾਹ ਦੇਣੀ, ਅਖ਼ਬਾਰ ਛਾਪਣ ਵਾਲੀ ਮਸ਼ੀਨ ਮਾਣਕੋ ਤੋਂ ਲਿਜਾ ਕੇ ਬਬਰਾਂ ਨੂੰ ਦੇਣੀ।

ਵਾਅਦਾ ਮੁਆਫ਼ : ਅਨੂਪ ਸਿੰਘ, ਧੰਨਾ ਸਿੰਘ।

**ਸੁੰਦਰ ਸਿੰਘ ਬ੍ਰਾਹਮਣ ਕੋਟ .ਫ਼ਤੂਹੀ, ਨੰ: ੫੫**

ਬਬਰ ਅਕਾਲੀਆਂ ਨੂੰ ਪਨਾਹ ਦੇਣੀ।

ਵਾਅਦਾ ਮੁਆਫ਼ : ਅਮਰ ਸਿੰਘ।

**ਭਾਈ ਸੁਰਜਣ ਸਿੰਘ ਜੀ ਹਿਆਤਪੁਰ ਰੁੜਕੀ, ਨੰ: ੫੬**

ਬਬਰ ਅਕਾਲੀ ਜਥੇ ਨੂੰ ਪਨਾਹ ਦੇਣੀ, ਦੀਵਾਨ ਝੋਲੀ-ਚੁੱਕ ਨੂੰ ਕਤਲ ਕਰਨਾ, ਝੋਲੀ-ਚੁੱਕਾਂ ਦੇ ਸੁਧਾਰ ਹਿੱਤ ਮਤਾ ਕਰਨਾ, ਜਾਡਲੇ 'ਚ ਡਾਕਾ ਮਾਰਨਾ।

ਵਾਅਦਾ ਮੁਆਫ਼ : ਮਤਾਬ ਸਿੰਘ, ਮਾਨ ਸਿੰਘ ਮਜ਼ਾਰਾ ਕਾਵਾਂ।

**ਭਾਈ ਧਰਮ ਸਿੰਘ ਜੀ ਹਿਆਤਪੁਰ ਰੁੜਕੀ, ਨੰ: ੫੭**

ਆਪ ਉੱਤੇ ਜੁਰਮ ਵੀ ਸ੍ਰ: ਸੁਰਜਣ ਸਿੰਘ, ਨੰ: ੫੬ ਵਾਲਾ ਹੀ ਹੈ।

**ਭਾਈ ਹਰਦਿਤ ਸਿੰਘ ਜੀ ਜੱਸੋਵਾਲ, ਨੰ: ੫੮**

**ਭਾਈ ਹਰਦਿਤ ਸਿੰਘ ਜੀ ਜੱਸੋਵਾਲ, ਨੰ: ੫੯**

ਬਬਰਾਂ ਨੂੰ ਪਨਾਹ ਦੇਣੀ, ਜਾਡਲੇ ਵਾਲਾ ਇਲਜ਼ਾਮ।

ਵਾਅਦਾ ਮੁਆਫ਼ : ਮਤਾਬ ਸਿੰਘ, ਰਾਮ ਸਿੰਘ ਮਜ਼ਾਰਾ ਕਾਵਾਂ।

**ਭਾਈ ਲਾਭ ਸਿੰਘ ਜੀ ਜੱਸੋਵਾਲ, ਨੰ: ੬੦**

ਬਬਰ ਜਥੇ ਨੂੰ ਪਨਾਹ ਦੇਣੀ, ਅਖ਼ਬਾਰ ਛਾਪਣ ਵਾਲੀ ਮਸ਼ੀਨ ਰੱਖਣੀ।

ਵਾਅਦਾ ਮੁਆਫ਼ : ਮਤਾਬ ਸਿੰਘ, ਵਤਨ ਸਿੰਘ ਝੀਵਰ ਪੰਡੋਰੀ ਨਿੱਝਰਾਂ।

**ਭਾਈ ਕਰਮ ਸਿੰਘ ਜੀ ਜੱਸੋਵਾਲ, ਨੰ: ੬੧**

ਕੋਟ ਫ਼ਤੂਹੀ ਵਾਲੇ ਬਾਬੇ ਵਰਿਆਮ ਸਿੰਘ ਤੋਂ ਬਬਰ ਅਕਾਲੀ ਦੁਆਬਾ ਅਖ਼ਬਾਰ ਛਾਪਣ ਵਾਲੀ ਮਸ਼ੀਨ ਲਿਆ ਕੇ ਬਬਰਾਂ ਨੂੰ ਦੇਣੀ।

ਵਾਅਦਾ ਮੁਆਫ਼ : ਅਮਰ ਸਿੰਘ ਕੋਟ ਵਾਰੇ ਖਾਂ।

**ਬਾਬਾ ਕਰਨ ਸਿੰਘ ਜੀ ਜੱਸੋਵਾਲ, ਨੰ: ੬੨**

ਬਬਰ ਅਕਾਲੀਆਂ ਨੂੰ ਪਨਾਹ ਦੇਣੀ, ਬਬਰ ਅਕਾਲੀ ਦੁਆਬਾ ਅਖ਼ਬਾਰ ਛਾਪਣ ਵਿਚ ਮਦਦ ਦੇਣੀ।

ਵਾਅਦਾ ਮੁਆਫ਼ : ਮਤਾਬ ਸਿੰਘ, ਵਤਨ ਸਿੰਘ ਝੀਵਰ ਪੰਡੋਰੀ ਨਿੱਝਰਾਂ।

**ਭਾਈ ਗੁਰਬਚਨ ਸਿੰਘ ਜੀ ਸਾਂਧੜਾ, ਨੰ: ੬੭**

ਬਬਰ ਜਥੇ ਨੂੰ ਪਨਾਹ ਦੇਣੀ, ਅਕਾਲੀ ਦੁਆਬਾ ਅਖ਼ਬਾਰ ਛਾਪਣੀ ਤੇ ਮਦਦ ਦੇਣੀ। ਜਾਡਲੇ ਵਾਲਾ ਇਲਜ਼ਾਮ ।

ਵਾਅਦਾ ਮੁਆਫ਼ : ਮਤਾਬ ਸਿੰਹੁ, ਰਾਮ ਸਿੰਹੁ ਮਜ਼ਾਰਾ ਕਾਵਾਂ, ਰਾਮ ਸਿੰਹੁ ਹਿਆਤਪੁਰ।

**ਭਾਈ ਨਰੈਣ ਸਿੰਘ ਜੀ ਪਿੰਡ ਚਾਟੀਵਿੰਡ, ਅੰਮ੍ਰਿਤਸਰ, ਨੰ: ੬੮**

ਬਬਰ ਜਥੇ ਨੂੰ ਪਨਾਹ ਦੇਣੀ ।

ਵਾਅਦਾ ਮੁਆਫ਼ : ਸਾਧੂ ਸਿੰਹੁ ਪ੍ਰਾਗਪੁਰ ।

ਹੇਠ ਲਿਖੇ ਬਬਰ ਅਕਾਲੀ ਸਿੰਘਾਂ ਨੇ ਬਬਰ ਜਥੇ ਨੂੰ ਕਾਰਤੂਸ ਦਿੱਤੇ ਸਨ :-

**ਭਾਈ ਗੰਗਾ ਸਿੰਘ ਜੀ ਨੈਕ ਪਲਟਨ ੫੨ ਲੀਲ੍ਹ ਕਲਾਂ, ਨੰ: ੬੯**

**ਭਾਈ ਪ੍ਰਤਾਪ ਸਿੰਘ ਛਬੀਲਪੁਰ ਨੰ: ੭੦**

**ਭਾਈ ਮਾਨ ਸਿੰਘ ਜੀ ਗੋਬਿੰਦਪੁਰ, ਨੰ: ੭੧**

ਵਾਅਦਾ ਮੁਆਫ਼ : ਕਿਰਪਾਲ ਸਿੰਹੁ।

**ਸੂ: ਬਿਅੰਤ ਸਿੰਘ ਜੀ ਜਥੇਦਾਰ ਨੰਗਲ ਕਲਾਂ, ਨੰ: ੭੨**

ਵਾਅਦਾ ਮੁਆਫ਼ : ਮਤਾਬ ਸਿੰਹੁ ਭਕੜੌਦੀ ।

**ਬਾਬੂ ਸੰਤਾ ਸਿੰਘ ਜੀ ਨਿਧੜਕ ਹਰਿਓਂ, ਨੰ: ੭੩**

ਝੋਲੀ ਚੁੱਕਾਂ ਨੂੰ ਮਾਰਨ ਦੇ ਮਤੇ ਕਰਨੇ, ਮਫ਼ਰੂਰ ਰਹਿਣਾ, ਜਮਸ਼ੇਰ ਸਟੇਸ਼ਨ ਤੋੜਨਾ, ਨੰਗਲ ਸ਼ਾਮਾਂ ਦੇ ਕਤਲ ਵਿਚ ਸ਼ਾਮਿਲ ਹੋਣਾ, ਜ਼ੈਲਦਾਰ ਬਿਸ਼ਨ ਸਿੰਹੁ ਰਾਣੀ ਥੂਹਾ ਨੂੰ ਕਤਲ ਕਰਨਾ, ਬਿਨਾਂ ਲਾਇਸੈਂਸ ਹਥਿਆਰ ਰਖਣੇ ਤੇ ਇਕੱਠੇ ਕਰਨੇ, ਲਾਭ ਸਿੰਹੁ ਢੱਡਾ ਤੇ ਫ਼ਤਹ ਸਿੰਹੁ ਨੂੰ ਕਤਲ ਕਰਨ ਲਈ ਗਿਰੋਹ ਬਣਾ ਕੇ ਮਾਰਨ ਜਾਣਾ, ਬਬਰ ਅਕਾਲੀ ਦੁਆਬਾ ਅਖ਼ਬਾਰ ਛਾਪਣੀ ਤੇ ਵੰਡਣੀ, ਲਾਭ ਸਿੰਹੁ ਗੜ੍ਹਸ਼ੰਕਰ ਦੇ ਕਤਲ ਵਿਚ ਸ਼ਾਮਿਲ ਹੋਣਾ, ਘੁੜਿਆਲ ਵਾਲੇ ਸੂਬੇਦਾਰ ਗੇਂਦਾ ਸਿੰਹੁ ਦੇ ਕਤਲ ਵਿਚ ਸ਼ਾਮਿਲ ਹੋਣਾ ।

ਵਾਅਦਾ ਮੁਆਫ਼ : ਵਤਨ ਸਿੰਹੁ ਝੀਂਉਰ, ਤੁਫ਼ੈਲ ਮੁਹੰਮਦ ਪੰਡੋਰੀ ਨਿੱਝਰਾਂ, ਮਤਾਬ ਸਿੰਹੁ ਕੋਟ ਬਾਰੇ ਖ਼ਾਨ, ਬੰਤਾ ਸਿੰਹੁ ਬੋਪਾਰਾਏ, ਸਾਧੂ ਸਿੰਹੁ, ਬੇਲਾ ਸਿੰਹੁ ਪ੍ਰਾਗਪੁਰ, ਬੇਲਾ ਸਿੰਹੁ ਛੀਂਬਾ, ਅਨੂਪ ਸਿੰਘ ਮਾਣਕੋ, ਮਲੂਕ ਸਿੰਹੁ ਪਲਾਹੀ, ਰਾਮ ਸਿੰਹੁ ਮਜ਼ਾਰਾ ਕਾਵਾਂ, ਜੁਵੰਦ ਸਿੰਹੁ, ਮਿਤ ਸਿੰਹੁ, (ਸੰਤ) ਕਰਤਾਰ ਸਿੰਹੁ, ਤੇਲੀ ।

**ਸੂਬੇਦਾਰ ਅਮਰ ਸਿੰਘ ਜੀ ਧਾਲੀਵਾਲ, ਨੰ: ੭੪**

ਬਬਰ ਅਕਾਲੀਆਂ ਨੂੰ ਕਾਰਤੂਸ ਦੇਣੇ ।

ਵਾਅਦਾ ਮੁਆਫ਼ : ਅਨੂਪ ਸਿੰਹੁ, ਧੰਨਾ ਸਿੰਹੁ ਕੋਟਲੀ, ਬੇਲਾ ਸਿੰਹੁ।

**ਭਾਈ ਚੰਦਾ ਸਿੰਘ ਜੀ ਪਲਾਹੀ, ਨੰ: ੭੫**

ਬਬਰਾਂ ਨੂੰ ਪਨਾਹ ਦੇਣੀ, ਰੁਪੈ ਤੇ ਕਾਰਤੂਸ ਦੇਣੇ, ਝੋਲੀ-ਚੁੱਕਾਂ ਦੇ ਮਾਰਨ ਦੀ ਕੋਸ਼ਿਸ਼ ਕਰਨੀ ।

ਵਾਅਦਾ ਮੁਆਫ਼ : ਧੰਨਾ ਸਿੰਹੁ ਕੋਟਲੀ, ਅਨੂਪ ਸਿੰਹੁ ਮਾਣਕੋ, ਮਲੂਕ ਸਿੰਹੁ ਨਡਾਲਾ, ਬੇਲਾ ਸਿੰਹੁ ਪ੍ਰਾਗਪੁਰ, (ਸੰਤ) ਕਰਤਾਰ ਸਿੰਹੁ (ਤੇਲੀ)

ਹੇਠ ਲਿਖੇ ਬਬਰ ਅਕਾਲੀ ਸਿੰਘ ਪੰਡੋਰੀ ਨਿੱਝਰਾਂ ਦੇ ਨੰਬਰਦਾਰਾਂ ਤੇ ਚੌਕੀਦਾਰਾਂ ਦੇ ਕਤਲ ਦੇ ਗਿਰੋਹ ਵਿਚ ਸ਼ਾਮਿਲ ਹੋਏ।

***ਭਾਈ ਧਰਮ ਸਿੰਘ ਜੀ ਪਲਾਹੀ, ਨੰ: ੭੬***

***ਭਾਈ ਮੂਲਾ ਸਿੰਘ ਜੀ ਪਲਾਹੀ, ਨੰ: ੭੭***

***ਭਾਈ ਭਾਨ ਸਿੰਘ ਜੀ ਮਾਂਗਟ, ਨੰ: ੭੮***

***ਭਾਈ ਚੇਂਚਲ ਸਿੰਘ ਜੀ ਸੰਗਤਪੁਰ, ਨੰ: ੭੯***

ਵਾਅਦਾ ਮੁਆਫ਼ : ਅਨੂਪ ਸਿੰਹੁ।

***ਭਾਈ ਸੁਰਜਣ ਸਿੰਘ ਜੀ ਡੁਮੇਲੀ, ਨੰ: ੮੦***

ਝੋਲੀ-ਚੁੱਕਾਂ ਨੂੰ ਮਾਰਨ ਦੇ ਮਤੇ ਕਰਨੇ, ਬਬਰਾਂ ਨੂੰ ਪਨਾਹ ਦੇਣੀ, ਪੰਡੋਰੀ ਨਿੱਝਰਾਂ ਦੇ ਨੰਬਰਦਾਰਾਂ ਤੇ ਚੌਕੀਦਾਰਾਂ ਦੇ ਮਾਰਨ ਦੇ ਗਿਰੋਹ ਵਿਚ ਸ਼ਾਮਿਲ ਹੋਣਾ।

ਵਾਅਦਾ ਮੁਆਫ਼ : ਅਨੂਪ ਸਿੰਹੁ, ਚੰਦਾ ਸਿੰਹੁ, (ਸੰਤ) ਕਰਤਾਰ ਸਿੰਹੁ (ਤੇਲੀ), ਧੰਨਾ ਸਿੰਹੁ ਕੋਟਲੀ।

***ਗਿਆਨੀ ਕਰਤਾਰ ਸਿੰਘ ਜੀ ਗੋਂਦਪੁਰੀ, ਨੰ: ੮੧***

ਬਬਰ ਅਕਾਲੀਆਂ ਨਾਲ ਚੱਕਰਵਰਤੀ (ਮਫ਼ਰੂਰੀ) ਰਹਿ ਕੇ ਝੋਲੀ-ਚੁੱਕਾਂ ਦੇ ਨੱਕ, ਕੰਨ ਕੱਟਣ ਦੇ ਮਤੇ ਕਰਨੇ, ਪੁਲਿਸ ਵੱਲੋਂ ਤਲਾਸ਼ੀ ਵਿਚ ਪਿਸਤੌਲ ਬਰਾਮਦ ਕਰਨਾ।

ਵਾਅਦਾ ਮੁਆਫ਼ : (ਸੰਤ) ਕਰਤਾਰ ਸਿੰਘ (ਤੇਲੀ)

***ਦਰਬਾਰ ਸਿੰਘ ਜੀ ਪਲਾਹੀ, ਨੰ: ੮੨***

ਬਬਰ ਜਥੇ ਨੂੰ ਪਨਾਹ ਦੇਣੀ ਤੇ ਪੈਸੇ ਦੇਣੇ।

ਵਾਅਦਾ ਮੁਆਫ਼ : ਅਨੂਪ ਸਿੰਹੁ ਛੀਂਬਾ, ਬੇਲਾ ਸਿੰਹੁ, ਮਲੂਕ ਸਿੰਹੁ, ਧੰਨਾ ਸਿੰਹੁ ਕੋਟਲੀ।

***ਭਾਈ ਕਰਤਾਰ ਸਿੰਘ ਜੀ ਵੱਡੀ ਡਮੇਲੀ, ਨੰ: ੮੩***

ਬਬਰ ਅਕਾਲੀਆਂ ਨੂੰ ਪਨਾਹ ਦੇਣੀ, ਸੂਬੇਦਾਰ ਸੁੰਦਰ ਸਿੰਹੁ ਰੰਧਾਵੇ ਨੂੰ ਕਤਲ ਕਰਨ ਵਾਲੇ ਗਿਰੋਹ ਵਿਚ ਸ਼ਾਮਿਲ ਹੋਣਾ।

ਵਾਅਦਾ ਮੁਆਫ਼ : ਚੰਦਾ ਸਿੰਹੁ, ਅਨੂਪ ਸਿੰਹੁ, ਧੰਨਾ ਸਿੰਹੁ।

***ਭਾਈ ਦਲੀਪ ਸਿੰਘ ਜੀ ਮਾਣਕੋ, ਨੰ: ੮੪***

ਬਬਰ ਅਕਾਲੀਆਂ ਨੂੰ ਪਨਾਹ ਦੇਣੀ, ਪੰਡੋਰੀ ਨਿੱਝਰਾਂ ਦੇ ਨੰਬਰਦਾਰਾਂ ਤੇ ਚੌਕੀਦਾਰਾਂ ਦੇ ਕਤਲ ਦੇ ਗਿਰੋਹ ਵਿਚ ਸ਼ਾਮਿਲ ਹੋਣਾ।

ਵਾਅਦਾ ਮੁਆਫ਼ : ਅਨੂਪ ਸਿੰਹੁ, ਚੰਦਾ ਸਿੰਹੁ ਡੁਮੇਲੀ।

***ਭੁਝੰਗੀ ਕਰਤਾਰ ਸਿੰਘ ਜੀ ਡੁਮੇਲੀ, ਨੰ: ੮੫***

ਸੂਬੇਦਾਰ ਸੁੰਦਰ ਸਿੰਹੁ ਰੰਧਾਵੇ ਨੂੰ ਕਤਲ ਕਰਨ ਵਾਲੇ ਗਿਰੋਹ ਵਿਚ ਸ਼ਾਮਿਲ ਹੋਣਾ।

ਵਾਅਦਾ ਮੁਆਫ਼ : ਅਨੂਪ ਸਿੰਹੁ, ਧੰਨਾ ਸਿੰਹੁ।

## ਸਰਕਾਰੀ ਵਕੀਲ ਪਿੰਡੀ ਦਾਸ ਦੀ ਅੰਤਿਮ ਤਕਰੀਰ ਦਾ ਨਿਚੋੜ

ਤਮਾਮ ਕਤਲ ਤੇ ਤਸ਼ੱਦਦ ਕਿਸ਼ਨ ਸਿੰਘ ਗੜਗੱਜ ਦੇ ਹੁਕਮ ਨਾਲ ਹੋਏ। ਇਸ ਲਈ ਉਹ ਫ਼ਾਂਸੀ ਦੀ ਸਜ਼ਾ ਦਾ ਭਾਗੀ ਹੈ। ਕਿਸ਼ਨ ਸਿੰਘ, ਕਰਮ ਸਿੰਘ ਝਿੰਗੜ, ਸੁੰਦਰ ਸਿੰਘ ਮਖ਼ਸੂਦਪੁਰ, ਮਾਸਟਰ ਦਲੀਪ ਸਿੰਘ ਜੀ ਗੋਸਲ, ਇਹ ਚਾਰੇ ਬਬਰ ਅਕਾਲੀ ਸਰਕਾਰ ਵਾਸਤੇ ਡਰ ਪੈਦਾ ਕਰਨ ਵਾਲੇ ਹਨ ਕਿਉਂਕਿ ਇਨ੍ਹਾਂ ਦੇ ਲੈਕਚਰਾਂ ਦਾ ਹੀ ਨਤੀਜਾ ਬਬਰ ਜਥਾ ਬਣਿਆ ਅਤੇ ਕਤਲ ਤੇ ਤਸ਼ੱਦਦ ਹੋਏ।

ਹੇਠ ਲਿਖੇ ਆਦਮੀ ਸਾਜਿਸ਼ ਵਿਚ ਨਹੀਂ ਆ ਸਕਦੇ—

ਭਾਈ ਹਰੀ ਸਿੰਘ ਜੀ ਖੰਡਾ, ਚੋਲੇ ਵਾਲਾ।

ਭਾਈ ਹੁਕਮ ਸਿੰਘ ਜੀ ਪੰਡੋਰੀ ਨਿੱਝਰਾਂ।

ਭਾਈ ਵਤਨ ਸਿੰਘ ਜੀ ਗਣੇਸ਼ਪੁਰ।

## ਅਸੈਸਰਾਂ ਦੀ ਰਾਏ, ਭਗਤ ਰਾਏ ਸਾਹਿਬ ਲਾਹੌਰ

ਬਬਰ ਅਕਾਲੀ ਸਾਜਿਸ਼ ੧੯੨੦-੨੧ ਤੋਂ ਸ਼ੁਰੂ ਹੋਈ। ਜਦ ਤੋਂ ਕਿਸ਼ਨ ਸਿੰਘ, ਕਰਤਾਰ ਸਿੰਘ, ਦਲੀਪ ਸਿੰਘ ਗੋਸਲ, ਬਾਬਾ ਦਲੀਪ ਸਿੰਘ ਸਾਂਧੜਾ, ਸੁੰਦਰ ਸਿੰਘ ਮਖ਼ਸੂਸਪੁਰ, ਕਰਤਾਰ ਸਿੰਘ ਗੋਂਦਪੁਰ, ਆਤਮਾ ਸਿੰਘ ਬੀਕਾ, ਬਾਬੂ ਸੰਤਾ ਸਿੰਘ ਜੀ 'ਨਿਧੜਕ', ਬੂਟਾ ਸਿੰਘ ਪੰਡੋਰੀ ਨਿੱਝਰਾਂ, ਸੰਤ ਕਰਤਾਰ ਸਿੰਘ ਤੇਲੀ ਤੇ ਮਤਾਬ ਸਿੰਹੁ (ਵਾਅਦਾ ਮੁਆਫ਼) ਨੇ ਤਕਰੀਰਾਂ ਸ਼ੁਰੂ ਕੀਤੀਆਂ।

ਮਾਰਚ ੧੯੨੨ ਦੇ ਹੋਲੇ ਮਹੱਲੇ 'ਤੇ ਇਕੱਠੇ ਹੋ ਕੇ ਇਨ੍ਹਾਂ ਨੇ ਸਾਜਿਸ਼ ਦੇ ਤਿਆਰ ਕੀਤੀ। ਇਸ ਗਿਰੋਹ ਵੱਲੋਂ ਕਤਲ, ਤਸ਼ੱਦਦ ਡਾਕੇ ਆਦਿ ਠੀਕ ਹੋਏ ਹਨ। ਵਾਅਦਾ ਮੁਆਫ਼ਾਂ ਦੇ ਬਿਆਨ ਸੱਚੇ ਹਨ।

ਲਾਲਾ ਸੁਰਜਣ ਲਾਲ ਤੇ ਸਯਦ ਨਿਵਾਜ਼ ਅਲੀ ਦੀ ਰਾਏ ਵੀ ਭਗਤ ਰਾਮ ਦੇ ਮਗਰ ਸਨ।

ਹੇਠ ਲਿਖੇ ਆਦਮੀ ਸਾਜਿਸ਼ ਵਿਚ ਨਹੀਂ ਆ ਸਕਦੇ—

੧. ਕਰਤਾਰ ਸਿੰਘ ਵਲਦ ਦੇਵਾ ਸਿੰਘ ਪੰਡੋਰੀ ਨਿੱਝਰਾਂ।
੨. ਹਾਕਮ ਸਿੰਘ ਵਲਦ ਦੇਵਾ ਸਿੰਘ ਪੰਡੋਰੀ ਨਿੱਝਰਾਂ।
੩. ਨਿਰਵੈਰ ਸਿੰਘ ਵਲਦ ਸੰਤਾ ਸਿੰਘ ਪੰਡੋਰੀ ਨਿੱਝਰਾਂ।
੪. ਹਰਨਾਮ ਸਿੰਘ ਵਲਦ ਸਿਧੂ ਹਰੀਪੁਰ।
੫. ਜਸਵੰਤ ਸਿੰਘ ਵਲਦ ਸ਼ਾਮ ਸਿੰਘ ਖੁਸਰੋਪੁਰ।
੬. ਊਧਮ ਸਿੰਘ ਵਲਦ ਗੁਰਦਿੱਤ ਸਿੰਘ ਜੰਡੂ ਸਿੰਘਾ।
੭. ਜਗਜੀਤ ਸਿੰਘ ਵਲਦ ਦਲੀਪ ਸਿੰਘ ਕਠਾਰ।
੮. ਹਰੀ ਸਿੰਘ ਵਲਦ ਵਸੰਤ ਸਿੰਘ ਚੇਲਾ।
੯. ਹਰਬੰਸ ਸਿੰਘ ਵਲਦ ਖੇਮ ਸਿੰਘ ਸਰਹਾਲਾ।
੧੦. ਕਰਮ ਸਿੰਘ ਵਲਦ ਭੁਲਾ ਸਿੰਘ ਜੱਸੋਵਾਲ।
੧੧. ਬੇਅੰਤ ਸਿੰਘ ਜ਼ੈਲਦਾਰ ਵਲਦ ਚੰਦਾ ਸਿੰਘ ਨੰਗਲ ਕਲਾਂ।

੧੨. ਦਲੇਲ ਸਿੰਘ ਵਲਦ ਦੇਵੀਆਂ ਮੰਨਣਹਾਨਾ।
੧੩. ਸੁੰਦਰ ਸਿੰਘ ਵਲਦ ਨੰਦ ਲਾਲ ਕੋਟ ਫ਼ਤੂਹੀ।
੧੪. ਹਰਨਾਮ ਸਿੰਘ ਵਲਦ ਰਲਾ ਸਿੰਘ ਗੜ੍ਹੀ ਕਾਨੂਗੋਆਂ।
੧੫. ਸੁੰਦਰ ਸਿੰਘ ਵਲਦ ਦੇਵਾ ਸਿੰਘ ਕੁਲੇਵਾਲ।
੧੬. ਊਧਮ ਸਿੰਘ ਵਲਦ ਬਸਾਖਾ ਸਿੰਘ ਕੌਲਪੁਰ।
੧੭. ਬਾਵਾ ਸਿੰਘ ਵਲਦ ਵੂਲਾ ਸਿੰਘ ਕੌਲਪੁਰ।
੧੮. ਵਤਨ ਸਿੰਘ ਵਲਦ ਦੇਵਾ ਸਿੰਘ ਗਣੇਸ਼ਪੁਰ।
੧੯. ਗੰਗਾ ਸਿੰਘ ਨੈਕ ਵਲਦ ਹੀਰਾ ਸਿੰਘ ਲੀਲ੍ਹ ਕਲਾਂ।
੨੦. ਮਿਲਖਾ ਸਿੰਘ ਵਲਦ ਉੱਤਮ ਸਿੰਘ ਮੋਰਾਂਵਾਲੀ।

### *ਅਸੈਸਰਾਂ ਦੀ ਰਾਏ ਤੇ ਵਿਚਾਰ*

੧. ਅਸੈਸਰ ਫ਼ੁਰਮਾਉਂਦੇ ਹਨ ਕਿ ੧੯੨੦ ਤੋਂ ਕਿਸ਼ਨ ਸਿੰਘ ਵਗੈਰਾ ਦੇ ਲੈਕਚਰ, ਇਸ ਸਾਜਿਸ਼ ਸਬੰਧੀ ਹੋਣੇ ਸ਼ੁਰੂ ਹੋਏ ਸਨ ਪਰ ਅਸੈਸਰਾਂ ਨੂੰ ਗ਼ੁਲਾਮੀ ਦੀ ਮਸਤੀ ਵਿਚ ਇਹ ਵੀ ਯਾਦ ਨਾ ਰਿਹਾ ਹੋਵੇ ਕਿ ਭਾਈ ਕਿਸ਼ਨ ਸਿੰਘ ਜੀ ਗੜਗੱਜ ਚੱਕਰਵਰਤੀ ੧੪ ਮਾਰਚ ੧੯੨੨ ਤਕ ੩੫ ਨੰ: ਪਲਟਨ ਵਿਚ ਹਵਾਲਦਾਰੀ ਦੇ ਅਹੁਦੇ ਉੱਤੇ ਮੁਲਾਜ਼ਮਤ ਕਰ ਰਹੇ ਸਨ। ਕੀ ਉਹ ਉੱਡ ਕੇ ਲੈਕਚਰ ਦੇ ਜਾਇਆ ਕਰਦੇ ਸਨ।

ਆਪ ਫ਼ੁਰਮਾਉਂਦੇ ਹਨ ਕਿ ਮਾਰਚ ੧੯੨੨ ਨੂੰ ਹੋਲੇ ਦੇ ਮੇਲੇ ਸਮੇਂ ਮਤਾਬ ਸਿੰਹੁ ਵਾਅਦਾ ਮੁਆਫ਼ ਨੇ ਸਾਜਿਸ਼ ਦਿੱਤੀ ਸੀ ਪਰ ਅਸੈਸਰਾਂ ਨੂੰ ਹਕੂਮਤ ਦੀ ਨਿਮਕ ਹਲਾਲੀ ਵਿਚ ਇਹ ਵੀ ਭੁੱਲ ਗਿਆ ਕਿ ਹੋਲੇ ਦੇ ਮੇਲੇ ਤਕ ਇਹ ਇਕੱਠੇ ਤਕ ਨਹੀਂ ਹੋਏ ਤੇ ਨਾ ਹੀ ਕੋਈ ਗੱਲਬਾਤ ਹੋਈ ਤੇ ਨਾ ਹੀ ਕਿਸੇ ਦੇ ਬਿਆਨ ਤੋਂ ਜ਼ਾਹਿਰ ਹੋਇਆ ਹੈ।

ਪੁਲਿਸ ਦੀਆਂ ਡਾਇਰੀਆਂ ਤੋਂ ਤਾਂ ਇਹ ਸਾਬਿਤ ਹੁੰਦਾ ਹੈ ਕਿ ਦਸੰਬਰ ੧੯੨੨ ਤੋਂ ਪਹਿਲਾਂ ਬਾਬਾ ਦਲੀਪ ਸਿੰਘ ਜੀ ਤੇ ਭਾਈ ਕਿਸ਼ਨ ਸਿੰਘ ਜੀ ਦੀ ਕੋਈ ਤਕਰੀਰ ਬਿਲਕੁਲ ਨਹੀਂ ਹੋਈ ਪਰ ਅਸੈਸਰ ਵਫ਼ਾਦਾਰੀ ਦੇ ਗ੍ਰਸੇ ਹੋਏ ੧੯੨੦ ਤੋਂ ਫ਼ੁਰਮਾਉਂਦੇ ਹਨ।

ਇਸ ਪਾਸੇ ਤਾਂ ਅਸੈਸਰ ਵਾਅਦਾ ਮੁਆਫ਼ ਦੀਆਂ ਸੱਚੀਆਂ ਕਹਾਣੀਆਂ ਕਰ ਰਹੇ ਹਨ, ਦੂਜੇ ਪਾਸੇ ੨੦ ਮੁਲਜ਼ਮਾਂ ਨੂੰ ਸਾਜਿਸ਼ ਵਿੱਚੋਂ ਕੱਢ ਕੇ ਅਮਲੀ ਸਬੂਤ ਦਿੰਦੇ ਹਨ ਕਿ ਵਾਅਦਾ ਮੁਆਫ਼ ਦੀਆਂ ਕਹਾਣੀਆਂ ਝੂਠੀਆਂ ਹਨ। ਖ਼ੂਬ!

### *ਪੁਲੀਸ ਦੀ ਕਾਰਵਾਈ*

ਪਿੰਡੀ ਦਾਸ ਤੇ ਅਸੈਸਰ ਪੁਲਿਸ ਦੇ ਸੋਹਲੇ ਗਾਉਂਦੇ ਹੋਏ ਉਚਾਰਦੇ ਹਨ ਕਿ ਪੁਲਿਸ ਨੇ ਇਸ ਮੁਕੱਦਮੇ ਦੀ ਤਫ਼ਤੀਸ਼ ਵਿਚ ਬੜੀ ਦਿਆਨਤਦਾਰੀ ਨਾਲ ਕੰਮ ਕੀਤਾ ਹੈ ਤੇ ਬੜੀ ਹੁਸ਼ਿਆਰੀ ਨਾਲ ਮੁਕੱਦਮੇ ਦੇ ਸੱਚੇ-ਸੱਚੇ ਸਮਾਚਾਰ ਪ੍ਰਗਟ ਕਰ ਲਏ ਹਨ। ਬੜੀ ਦਿਆਨਤਦਾਰੀ ਨਾਲ ਚੰਦ ਇਕ ਮੁਲਜ਼ਮਾਂ ਦੇ ਇਕਬਾਲ ਕਰਦੇ

ਹਨ। ਕਿਸੇ ਉੱਤੇ ਤਸ਼ੱਦਦ ਨਹੀਂ ਕੀਤਾ। ਇਸ ਕਿਸਮ ਦੀਆਂ ਡੀਂਗਾਂ ਮਾਰਨ ਵਾਲੇ ਗ਼ੁਲਾਮਾਂ ਨੂੰ ਮੈਂ ਵੰਗਾਰ ਕੇ ਕਹਿੰਦਾ ਹਾਂ ਕਿ ਕਿਸੇ ਪੁਲਿਸ ਅਫ਼ਸਰ ਜਾਂ ਸਰਕਾਰੀ ਵਕੀਲ ਪਿੰਡੀ ਦਾਸ ਜਾਂ ਅਸੈਸਰਾਂ ਵਿੱਚੋਂ ਕਿਸੇ ਸਖ਼ਤ ਤੋਂ ਸਖ਼ਤ ਬੰਦੇ ਨੂੰ ਇਨ੍ਹਾਂ ਹੀ ਬਬਰਾਂ ਵਿੱਚੋਂ ਕਿਸੇ ਇਕ ਦੇ ਹਵਾਲੇ ਕੀਤਾ ਜਾਵੇ ਤਾਂ ਉਹ ਅੱਠਾਂ ਪਹਿਰਾਂ ਦੇ ਅੰਦਰ-ਅੰਦਰ ਹੀ ਡੰਡੇ ਵਾਲੇ ਦੀ ਫ਼ਰਜ਼ੀ ਕਹਾਣੀ ਅਲਾਪਣ ਨੂੰ ਤਿਆਰ ਹੋ ਕੇ ਤੋਤੇ ਵਾਂਗ ਬੋਲੇਗਾ ਕਿਉਂਕਿ ਸੋਟੇ ਨਾਲ ਜੋ ਮਰਜ਼ੀ ਹੋਵੇ, ਸੋਈ ਕਰਵਾ ਸਕਦੇ ਹਨ। ਤਸ਼ੱਦਦ ਕਰਨ ਦੀਆਂ ਡੀਂਗਾਂ ਮਾਰਨ ਵਾਲੇ ਗ਼ੁਲਾਮਾਂ ਨੂੰ ਆਪਣੇ (ਇਸਤਗਾਸਾ) ਹੀ ਗਵਾਹਾਂ ਨੂੰ ਪੁੱਛਣਾ ਚਾਹੀਦਾ ਹੈ ਕਿ ਤਸ਼ੱਦਦ ਪੁਲਿਸ ਨੇ ਕੀਤਾ ਸੀ ਕਿ ਨਹੀਂ। ਪੁੱਛੋ ਤੇ ਇਨ੍ਹਾਂ ਦੇ ਬਿਆਨ ਪੜ੍ਹੋ। ਉਹ ਕਹਿੰਦੇ ਹਨ ਕਿ ਸਾਨੂੰ ਮਾਰ-ਮਾਰ ਕੇ ਪੁਲਿਸ ਨੇ ਬਿਆਨ ਕਰਾਏ ਹਨ—

**ਮਸਲਨ :**

(੧) ਭਾਗ ਸਿੰਘ ਉਰਫ਼ ਸਾਧੂ ਸਿੰਘ ਭਬਿਆਣਾ

(੨) ਬੰਤਾ ਸਿੰਘ ਰਹਿਸੀ ਵਾਲ

(੩) ਬਸੰਤ ਸਿੰਘ ਰਹਿਸੀ ਵਾਲ

(੪) ਤਾਰਾ ਸਿੰਘ ਪੰਡੋਰੀ ਨਿੱਝਰਾਂ

(੫) ਦੀਵਾਨ ਸਿੰਘ ਕੁਕੜਾਂ ਬੀੜ ਵਗੈਰਾ ਸਾਫ਼-ਸਾਫ਼ ਲਫ਼ਜ਼ਾਂ ਵਿਚ ਬਿਆਨ ਕਰਦੇ ਹਨ ਕਿ ਪੁਲਿਸ ਨੇ ਉਨ੍ਹਾਂ ਨੂੰ ਮਾਰਿਆ ਤੇ ਧਮਕਾਇਆ ਸੀ।

### *ਸੈਸ਼ਨ ਟਾਈਪ ਦਾ ਹੁਕਮ*

੨੮ ਫਰਵਰੀ ੧੯੨੫ ਨੂੰ ਹੇਠ ਲਿਖੇ ਅਨੁਸਾਰ ਅਸੈਸਰਾਂ ਦੀ ਰਾਏ 'ਤੇ ਸਰਕਾਰੀ ਵਕੀਲ ਪਿੰਡੀ ਦਾਸ ਦੀ ਤਕਰੀਰ ਤੋਂ ਉਪਰੰਤ ਟਾਈਪ ਦੀ ਅਦਾਲਤ ਵਿਚ ਬਬਰ ਅਕਾਲੀਆਂ ਨੂੰ ਇਉਂ ਹੁਕਮ ਸੁਣਾਇਆ ਗਿਆ—

੧. ਭਾਈ ਕਿਸ਼ਨ ਸਿੰਘ ਜੀ ਗੜਗੱਜ, ਬੜਿੰਗ, ਜਲੰਧਰ = ਫਾਂਸੀ

੨. ਭਾਈ ਸੰਤਾ ਸਿੰਘ ਜੀ ਨਿਧੜਕ, ਹਰਿਓਂ, ਲੁਧਿਆਣਾ = ਫਾਂਸੀ

੩. ਭਾਈ ਦਲੀਪ ਸਿੰਘ ਜੀ ਭੁਝੰਗੀ, ਧਾਮੀਆਂ, ਹੁਸ਼ਿਆਰਪੁਰ = ਫਾਂਸੀ

੪. ਭਾਈ ਨੰਦ ਸਿੰਘ ਜੀ ਘੁੜਿਆਲ, ਜਲੰਧਰ = ਫਾਂਸੀ

੫. ਭਾਈ ਕਰਮ ਸਿੰਘ ਜੀ ਹਰੀਪੁਰ, ਮਾਣਕੋ, ਜਲੰਧਰ = ਫਾਂਸੀ

੬. ਭਾਈ ਧਰਮ ਸਿੰਘ ਜੀ ਹਿਆਤਪੁਰ ਰੁੜਕੀ, ਹੁਸ਼ਿਆਰਪੁਰ, ਨੂੰ ਸੈਸ਼ਨ ਜੱਜ ਨੇ ਪਹਿਲੇ ੨੦ ਸਾਲ ਕੈਦ ਦਿੱਤੀ ਪਰ ਹਾਈਕੋਰਟ ਦੀ ਅਦਾਲਤ ਵਿਚ ਪੁਲਿਸ ਦੀ ਨਿਗਰਾਨੀ ਹੋਣ ਦੇ ਕਾਰਨ ਇਸ ਨੂੰ ੨੦ ਸਾਲ ਤੋਂ ਫਾਂਸੀ ਦਾ ਹੁਕਮ ਸੁਣਾਇਆ ਗਿਆ। ਜਿਸ 'ਤੇ ਇਹ ਬਬਰ ੨੭ ਫਰਵਰੀ ੧੯੨੬ ਨੂੰ ਫਾਂਸੀ ਦੇ ਤਖ਼ਤੇ 'ਤੇ ਚੜ੍ਹ ਕੇ ਆਪਣੇ ਫ਼ਰਜ਼ ਨੂੰ ਪੂਰਾ ਕਰਦੇ ਹੋਏ, ਇਸ ਦੁਨੀਆਂ ਤੋਂ ਚਲ ਕੇ ਸ਼ਹੀਦਾਂ ਦੀ ਫ਼ੌਜ ਵਿਚ ਜਾ ਦਾਖ਼ਿਲ ਹੋਏ।

*ਹੇਠ ਲਿਖਿਆਂ ਨੂੰ ਉਮਰ ਕੈਦ ਹੋਈ :*

੧. ਭਾਈ ਸੁਰਜਣ ਸਿੰਘ ਜੀ ਹਿਆਤਪੁਰ ਰੁੜਕੀ (ਸ਼ਹੀਦ)
੨. ਭਾਈ ਕਰਮ ਸਿੰਘ ਜੀ ਝਿੰਗੜ (ਸ਼ਹੀਦ)
੩. ਮਾਸਟਰ ਭਾਈ ਦਲੀਪ ਸਿੰਘ ਗੋਸਲ।
੪. ਭਾਈ ਆਤਮਾ ਸਿੰਘ ਜੀ ਬੀਕਾ।
੫. (ਸੰਤ) ਠਾਕਰ ਸਿੰਘ ਰਾਜੋਵਾਲ।
੬. ਬਾਬੂ ਦਲੀਪ ਸਿੰਘ ਧਾਮੀਆਂ।
੭. ਭਾਈ ਪਿਆਰਾ ਸਿੰਘ ਜੀ ਧਾਮੀਆਂ।
੮. ਭਾਈ ਸੁੰਦਰ ਸਿੰਘ ਜੀ ਮਖ਼ਸੂਸਪੁਰ।
੯. ਭਾਈ ਕਰਤਾਰ ਸਿੰਘ ਜੀ ਗੋਂਦਪੁਰ।
੧੦. ਭਾਈ ਬੂਟਾ ਸਿੰਘ ਜੀ ਪੰਡੋਰੀ ਨਿੱਝਰਾਂ।
੧੧. ਭਾਈ ਰਤਨ ਸਿੰਘ ਜੀ ਸਿੰਗੜੀ ਵਾਲਾ।
(ਭਾਈ ਰਤਨ ਸਿੰਘ ਨੂੰ ਹਾਈਕੋਰਟ ਨੇ ਬਰੀ ਕਰ ਦਿੱਤਾ ਸੀ)
੧੨. ਭਾਈ ਹਜ਼ਾਰਾ ਸਿੰਘ ਮੰਡੇਰ

*ਹੇਠ ਲਿਖਿਆਂ ਨੂੰ ੧੪ ਸਾਲ ਕੈਦ ਦੀ ਸਜਾ ਦਿੱਤੀ ਗਈ :*

੧੩. ਭਾਈ ਮੁਣਸ਼ਾ ਸਿੰਘ ਜੀ = ੧੪ ਸਾਲ।
੧੪. ਭਾਈ ਲਾਭ ਸਿੰਘ ਜੀ ਜੱਸੋਵਾਲ = ੧੪ ਸਾਲ।

*ਉਪਰ ਲਿਖੇ (ਨੰ: 12, 13, 14) ਬਬਰਾਂ ਨੂੰ ੪-੪ ਸਾਲ ਕੈਦ ਦਿੱਤੀ ਸੀ ਪਰ ਹਾਈਕੋਰਟ ਨੇ ਚੌਦਾਂ-ਚੌਦਾਂ ਸਾਲ ਕਰ ਦਿੱਤੀ*

੧੫. ਭਾਈ ਕਰਤਾਰ ਸਿੰਘ ਜੀ ਪੰਡੋਰੀ ਨਿੱਝਰਾਂ।
੧੬. ਭਾਈ ਮਾਨ ਸਿੰਘ ਜੀ ਗੋਬਿੰਦਪੁਰ।
੧੭. ਭਾਈ ਪ੍ਰਤਾਪ ਸਿੰਘ ਛਬੀਲਪੁਰ।
੧੮. ਭਾਈ ਠਾਕਰ ਸਿੰਘ ਜੀ ਭਾਰਟਾ।
ਉਪਰ ਲਿਖੇ ਚੌਹਾਂ ਬਬਰ ਅਕਾਲੀਆਂ ਨੂੰ ਸੈਸ਼ਨ ਨੇ ਆਪਣੀ ਅਦਾਲਤ ਵਿੱਚੋਂ ਬਰੀ ਕਰ ਦਿੱਤਾ ਸੀ ਪਰ ਹਾਈਕੋਰਟ ਨੇ ਵੀਹ-ਵੀਹ ਸਾਲ ਕੈਦ ਸੁਣਾ ਦਿੱਤੀ ਸੀ—
੧੯. ਭਾਈ ਗੁਰਬਚਨ ਸਿੰਘ ਜੀ ਸਾਧੜਾ।
੨੦. ਭਾਈ ਹਰੀ ਸਿੰਘ ਜੀ ਦੌਲਤਪੁਰ।
੨੧. ਭਾਈ ਵਰਿਆਮ ਸਿੰਘ ਜੀ ਦੌਲਤਪੁਰ।
੨੨. ਭਾਈ ਬੰਤਾ ਸਿੰਘ ਦੌਲਤਪੁਰ।
੨੩. ਭਾਈ ਹਰਦਿਤ ਸਿੰਘ ਜੀ ਜੱਸੋਵਾਲ।
੨੪. ਭਾਈ ਹਰੀ ਸਿੰਘ ਜੀ ਜੱਸੋਵਾਲ।
੨੫. ਭਾਈ ਵਰਿਆਮ ਸਿੰਘ ਜੀ ਮਜ਼ਾਰਾ ਕਾਵਾਂ।

੨੬. ਭਾਈ ਰਾਮ ਸਿੰਘ ਜੀ ਮਜ਼ਾਰਾ ਕਾਵਾਂ।
੨੭. ਭਾਈ ਕਰਤਾਰ ਸਿੰਘ ਜੀ ਮਜ਼ਾਰਾ ਕਾਵਾਂ।
੨੮. ਭਾਈ ਬੰਤਾ ਸਿੰਘ ਜੀ ਪ੍ਰਾਗਪੁਰ।
੨੯. ਭਾਈ ਵੱਡਾ ਕਰਤਾਰ ਸਿੰਘ ਡਮੇਲੀ।
੩੦. ਭਾਈ ਛੋਟਾ ਸਿੰਘ ਕਰਤਾਰ ਸਿੰਘ ਜੀ ਡਮੇਲੀ।
੩੧. ਭਾਈ ਠਾਕਰ ਸਿੰਘ ਜੀ ਦੌਲਤਪੁਰ।

*ਹੇਠ ਲਿਖੇ ਬਬਰਾਂ ਨੂੰ ਪੰਜ ਸਾਲ ਤੋਂ ਹਾਈਕੋਰਟ ਨੇ ੭ ਸਾਲ ਦੀ ਕੈਦ ਦਿੱਤੀ ਸੀ:*

੩੨. ਭਾਈ ਉਜਾਗਰ ਸਿੰਘ ਬਿਸਰਾਮਪੁਰ।
੩੩. ਭਾਈ ਦਲੀਪ ਸਿੰਘ ਮਾਣਕੋ।
੩੪. ਭਾਈ ਮੂਲਾ ਸਿੰਘ ਪਲਾਹੀ।
੩੫. ਭਾਈ ਮਹਿੰਗਾ ਸਿੰਘ ਜੀ ਪੰਡੋਰੀ।
੩੬. ਭਾਈ ਸੰਤ ਸਿੰਘ ਜੀ ਹਰੀਪੁਰ।
੩੭. ਭਾਈ ਅਰਜਨ ਸਿੰਘ ਜੀ ਸੂੰਢ।
੩੮. ਭਾਈ ਅਮਰ ਸਿੰਘ ਜੀ ਰਾਜੋਵਾਲ।
੩੯. ਭਾਈ ਛੱਜਾ ਸਿੰਘ ਮਸਾਣੀਆਂ।
੪੦. ਭਾਈ ਬੰਤਾ ਸਿੰਘ ਬਹਿਬਲਪੁਰ।
੪੧. ਭਾਈ ਦੁਮਣ ਸਿੰਘ ਜੀ ਪੰਡੋਰੀ ਮਹਾਤਮਾਂ।
(ਜੇਲ੍ਹ ਵਿਚ ਹੀ ਅਕਾਲ ਚਲਾਣਾ ਕਰ ਗਏ ਸੀ)

ਹੇਠ ਲਿਖੇ ਬਬਰਾਂ ਨੂੰ ਸੈਸ਼ਨ ਦੀ ਅਦਾਲਤ ਵਿੱਚੋਂ ੫-੫ ਸਾਲ ਕੈਦ ਦਿੱਤੀ ਗਈ ਸੀ ਪਰ ਇਹ ਹਾਈਕੋਰਟ ਵਿੱਚੋਂ ਬਰੀ ਕੀਤੇ ਗਏ ਸਨ:-

੪੨. ਭਾਈ ਬਖਸ਼ੀਸ਼ ਸਿੰਘ ਜੀ ਪੰਡੋਰੀ ਨਿੱਝਰਾਂ।
੪੩. ਭਾਈ ਭਾਨ ਸਿੰਘ ਜੀ ਮਾਂਗਟ।
੪੪. ਭਾਈ ਊਧਮ ਸਿੰਘ ਜੀ ਪੰਡੋਰੀ ਨਿੱਝਰਾਂ।
੪੫. ਭਾਈ ਧਰਮ ਸਿੰਘ ਜੀ ਪਲਾਹੀ।
੪੬. ਭਾਈ ਸੁਰਜਣ ਸਿੰਘ ਡਮੇਲੀ।
੪੭. ਭਾਈ ਸਰਦੂਲ ਸਿੰਘ ਬੂੜੋਬਾੜੀ।
੪੮. ਭਾਈ ਪ੍ਰੇਮ ਸਿੰਘ ਜੀ ਪ੍ਰਾਗਪੁਰ।
੪੯. ਭਾਈ ਚੈਂਚਲ ਸਿੰਘ ਜੀ ਸੰਗਤਪੁਰ।
੫੦. ਭਾਈ ਸ਼ਾਮ ਸਿੰਘ ਜੀ ਰਹਿਸੀਵਾਲ।
੫੧. ਭਾਈ ਚਰਨ ਸਿੰਘ ਜੀ ਜੱਸੋਵਾਲ।
੫੨. ਭਾਈ ਭਗਵਾਨ ਸਿੰਘ ਜੀ ਫ਼ਤਹਪੁਰ ਕੋਠੀ, ੫ ਸਾਲ ਕੈਦ ਪਰ ਹਾਈਕੋਰਟ ਨੇ ਪੰਜ ਸਾਲ ਤੋਂ ਸੱਤ ਸਾਲ ਕਰ ਦਿੱਤੀ ਸੀ।

## ਸ੍ਰ: ਮਿਹਰ ਸਿੰਘ ਜੀ

ਆਪ ਦਾ ਜਨਮ ਪਿੰਡੀ ਦੌਲਤਾਨਾ, ਤਹਿਸੀਲ ਗੁਜਰ ਖਾਂ, ਜ਼ਿਲ੍ਹਾ ਰਾਵਲਪਿੰਡੀ ਵਿਖੇ ਸੰਨ ੧੮੯੦ ਵਿਚ ਹੋਇਆ। ਆਪ ਬਚਪਨ ਤੋਂ ਗੁਰਸਿੱਖਾਂ ਦੀ ਸੇਵਾ ਵਿਚ ਬੜੀ ਦਿਲਚਸਪੀ ਲੈਂਦੇ ਸਨ। ਜਵਾਨੀ ਚੜ੍ਹਦੇ ਹੀ ਆਪ ਦੇ ਕੋਮਲ ਦਿਲ ਵਿਚ ਜਥਾ ਨਿਰਵੈਰ ਸੇਵਕ ਸ਼ਹੀਦੀ ਵੱਲ ਖਿੱਚ ਪਈ। ਆਪ ਨੇ ਜਥੇ ਨੂੰ ਹਰ ਸਮੇਂ ਦਿਲ ਖੋਲ੍ਹ ਕੇ ਮੂੰਹ ਮੰਗਿਆ ਦਾਨ ਦਿੱਤਾ। ਜਲ੍ਹਿਆਂ ਵਾਲੇ ਬਾਗ਼ ਦੇ ਸਾਕੇ ਸਮੇਂ ਅੰਮ੍ਰਿਤਸਰ ਵਿਚ ਜਥੇ ਦੇ ਸਰਕਰਦਾ ਲੀਡਰਾਂ ਦਾ ਇਕੱਠ ਹੋਇਆ। ਇਸ ਵਿਚ ਆਪ ਨੇ ਬੇੜੇ ਚਾੜ੍ਹਨ ਲਈ ਪੈਸੇ ਦੀ ਮੱਦਦ ਦਿੱਤੀ।

ਅਕਾਲ ਤਖ਼ਤ ਸਾਹਿਬ ਦੇ ਕਬਜ਼ੇ ਸਮੇਂ ਆਪ ਨੇ ਅਛੂਤਾਂ ਨੂੰ ਅੰਮ੍ਰਿਤ ਛਕਾਉਣ ਵਿਚ ਤਨ, ਮਨ, ਧਨ ਨਾਲ ਸੇਵਾ ਕੀਤੀ।

ਨਾਨਕਾਣੇ ਸਾਹਿਬ ਦੇ ਸ਼ਹੀਦਾਂ ਦੇ ਸਸਕਾਰ ਸਮੇਂ ਆਪ ਨੇ ਬੜੀ ਦਲੇਰੀ ਦਿਖਾਈ ਤੇ ਆਪਣੇ ਹੱਥੀਂ ਸ਼ਹੀਦਾਂ ਦਾ ਸਸਕਾਰ ਕੀਤਾ।

੧੯੨੩ ਨੂੰ ਜੇਲ੍ਹ ਵਿਚ ਬਬਰਾਂ ਨਾਲ ਮੁਲਾਕਾਤ ਕੀਤੀ। ਮੁਕੱਦਮੇ ਦੀ ਪੈਰਵੀਂ ਲਈ ਬੜੀ ਮਦੱਦ ਦਿੱਤੀ। ਪੁਲਿਸ ਨੇ ਬਬਰਾਂ ਦੀ ਮਦਦ ਦੇ ਜੁਰਮ ਵਿਚ ਆਪ ਨੂੰ ਫੜ ਲਿਆ ਤੇ ਰਾਵਲਪਿੰਡੀ ਜੇਲ੍ਹ, ਵਿਚ ਤਿੰਨ ਸਾਲ ਕੈਦ ਕਰ ਦਿੱਤਾ। ਆਪ ਵੱਲੋਂ ਦਿੱਤੀ ਦੋ ਹਜ਼ਾਰ ਦੀ ਰਕਮ ਜਥੇਦਾਰ ਕਰਮ ਸਿੰਘ ਬਬਰ ਦੇ ਰੋਜ਼ਨਾਮਚੇ ਵਿਚ ਦਰਜ ਹੈ।

## ਬਾਬਾ ਦਲੀਪ ਸਿੰਘ ਜੀ ਦੇ ੧੯੨੨ ਵਾਲੇ ਮੁਕੱਦਮੇ ਦੇ ਫ਼ੈਸਲੇ ਦੀ ਸਹੀ ਨਕਲ

ਬਾਅਦਾਲਤ ਮ. ਮੁਹੰਮਦ ਅਫ਼ਜ਼ਲ ਮਖਦੂਮ, ਪੀ. ਸੀ. ਐਸ: ਮੈਜਿਸਟਰੇਟ ਦਰਜਾ ਅੱਵਲ, ਹੁਸ਼ਿਆਰਪੁਰ ਦਾ ਫ਼ੈਸਲਾ—

ਸਰਕਾਰ ਬਨਾਮ ਦਲੀਪ ਸਿੰਘ ਵਲਦ ਦਿਤ ਜਾਤ ਜਟ ਸਾਕਨ ਸਾਂਧੜਾ, ਥਾਨਾ ਬਲਾਚੌਰ, ਤਹਿਸੀਲ ਗੜ੍ਹਸੰਕਰ, ਜ਼ਿਲ੍ਹਾ ਹੁਸ਼ਿਆਰਪੁਰ ਮੁਲਜ਼ਮ।

ਇਸਤਗਾਸਾ ਜ਼ੇਰ ਦਫ਼ਾ ੧੭ (੨) ਐਕਟ ੧੪-੧੯੦੮।

(ਫ਼ੈਸਲਾ) ਮੁਲਜ਼ਮ ਅਕਾਲੀ ਜਥਾ ਸਾਂਧੜਾ ਦਾ ਜਥੇਦਾਰ ਹੈ। ਜਥੇ ਦੇ ਮੈਂਬਰ ਫ਼ੌਜੀ ਤਰੀਕੇ ਨਾਲ ਤਲਵਾਰੀ ਤੇ ਸਫ਼ਾ ਜੰਗ ਲੈ ਕੇ ਮਾਰਚ ਕਰਦੇ ਹਨ, ਜਿਸ ਕਰ ਕੇ ਪੁਰਅਮਨ ਲੋਕ ਭੈ-ਭੀਤ ਹੁੰਦੇ ਹਨ।

ਪਿਛਲੀ ਫਰਵਰੀ ਨੂੰ ਪਿੰਡ ਕਾਨੂੰਗੋਆਂ ਵਿਚ ਦਲੀਪ ਸਿੰਘ ਮੁਲਜ਼ਮ ਨੇ ਤਕਰੀਰ ਕਰਦੇ ਹੋਏ ਕਿਹਾ ਕਿ ਸਰਕਾਰ ਦੀ ਮੁਖ਼ਾਲਫ਼ਤ ਹਰ ਹੀਲੇ ਸ਼ਾਂਤੀ ਨਾਲ ਯਾ ਤਸ਼ੱਦਦ ਨਾਲ ਕੀਤੀ ਜਾਏ।

ਪਨਿਆਲ ਦੇ ਜਲਸੇ ਵਿਚ ਮੁਲਜ਼ਮ ਆਪਣੇ ਜਥੇ ਸਮੇਤ ਉਸੇ ਤਰ੍ਹਾਂ ਸ਼ਾਮਿਲ ਹੋਇਆ ਤੇ ਜਲਸੇ ਦੀ ਪ੍ਰਧਾਨਗੀ ਕੀਤੀ। ਇਸ ਨੇ ਜਲਸੇ ਵਿਚ ਕਿਹਾ ਕਿ ਕਰਮ ਸਿੰਘ ਨੰਬਰਦਾਰ ਵਗੈਰਾ ਸਰਕਾਰ ਨੂੰ ਮਦਦ ਦੇਂਦੇ ਹਨ, ਅਸੀਂ ਇਨ੍ਹਾ ਨੂੰ ਠੀਕ ਕਰਾਂਗੇ। ਇਹ ਨੰਬਰਦਾਰਾਂ ਨੂੰ ਧਮਕੀ ਸੀ।

ਰਾਮਦਿੱਤੇ ਗਵਾਹ ਦਾ ਬਿਆਨ ਹੈ ਕਿ ਮੁਲਜ਼ਮ ਤੇ ਉਸ ਦੇ ਜਥੇ ਨੇ ਇਸ ਨੂੰ ਧਮਕਾਇਆ ਹੈ ਕਿ ਜੇ ਉਹ ਉਨ੍ਹਾਂ ਦੇ ਖ਼ਿਲਾਫ਼ ਡਾਇਰੀਆਂ ਦੇਣਗੇ ਤਾਂ ਉਸ ਦੇ ਟੁਕੜੇ-ਟੁਕੜੇ ਕੀਤੇ ਜਾਣਗੇ ਕਿਉਂਕਿ ਅੰਗ੍ਰੇਜ਼ ਦੇ ਹੁਣ ਅਖ਼ੀਰੀ ਦਿਨ ਹਨ। ਮੁਲਜ਼ਮ ਨੇ ਮੇਰੇ ਪਿੰਡ ਦੇ ਜਲਸੇ ਵਿਚ ਪੁਲਸੀਆਂ ਨੂੰ ਕੁੱਤੇ ਕਿਹਾ ਤੇ ਲੋਕਾਂ ਨੂੰ ਆਖਿਆ ਕਿ ਇਨ੍ਹਾਂ ਨੂੰ ਪਿੰਡ ਵਿਚ ਨਾ ਵੜਨ ਦਿਉ। ਮੁਲਜ਼ਮ ਨੇ ਤੇ ਇਸ ਦੇ ਜਥੇ ਨੇ ਆਪ ਪੁਲਿਸ ਦੇ ਥਾਂ ਪਹਿਰਾ ਦਿੱਤਾ।

ਸ਼ਿਵਨੰਦ ਗਵਾਹ ਦਾ ਬਿਆਨ ਹੈ ਕਿ ਮੁਲਜ਼ਮ ਤੇ ਇਸ ਦਾ ਜਥਾ ਫ਼ੌਜੀ ਤਰੀਕੇ ਨਾਲ ਮਾਰਚ ਕਰਦਾ ਹੈ ਤੇ ਆਪਣੇ ਸ਼ਸਤਰਾਂ ਨਾਲ ਡਰਾ-ਧਮਕਾ ਕੇ ਉਹਦੇ ਜੱਦੀ ਘਰ ਤੇ ਸੀਨਾ-ਜ਼ੋਰੀ ਨਾਲ ਕਬਜ਼ਾ ਕਰ ਲਿਆ।

ਮੁਲਜ਼ਮ ਮੰਨਦਾ ਹੈ ਕਿ ਉਹ ਜਥੇਦਾਰ ਹੈ ਪਰ ਹੋਰ ਸਭ ਕੁਝ ਇਨਕਾਰੀ ਹੈ ਤੇ ਨਾ ਹੀ ਸਫ਼ਾਈ ਪੇਸ਼ ਕਰਦਾ ਹੈ।

ਇਸਤਗਾਸੇ ਦੀ ਸ਼ਹਾਦਤ ਕਾਫ਼ੀ ਸਾਫ਼ ਹੈ ਕਿ ਮੁਲਜ਼ਮ ਤੇ ਉਸ ਦੇ ਜਥੇ ਨੂੰ ਫ਼ੌਜੀ ਤਰੀਕੇ ਨਾਲ ਕਿਰਪਾਨਾਂ ਰੱਖਣ ਦਾ ਹੱਕ ਹੈ ਪਰ ਸਾਰੀਆਂ ਤਲਵਾਰਾਂ ਕਿਰਪਾਨਾਂ ਨਹੀਂ ਅਤੇ ਸਫ਼ਾਜੰਗ ਖ਼ਤਰਨਾਕ ਹਥਿਆਰ ਹਨ, ਜੋ ਖ਼ਾਸ ਤੌਰ 'ਤੇ ਦਹਿਸ਼ਤ ਫ਼ੈਲਾਉਣ ਲਈ ਵਰਤੇ ਜਾਂਦੇ ਹਨ। ਅਕਾਲੀ ਜਥੇ ਦਾ ਬਾਦਸ਼ਾਹੀ ਫ਼ੌਜਾਂ ਦੀ ਤਰ੍ਹਾਂ ਸਫ਼ਾਜੰਗਾਂ ਨਾਲ ਲੈਸ ਹੋ ਕੇ ਮਾਰਚ ਕਰਨਾ, ਜਿਸ ਦੀ ਕਿ ਵੈਸੇ ਉਨ੍ਹਾਂ ਨੂੰ ਕੋਈ ਖ਼ਾਸ ਰੱਖਣ ਦੀ ਲੋੜ ਨਹੀਂ, ਸਾਬਤ ਕਰਦਾ ਹੈ ਕਿ ਜੋ ਲੋਕ ਉਨ੍ਹਾਂ ਨਾਲ ਸਹਿਮਤ ਨਹੀਂ ਉਨ੍ਹਾਂ ਨੂੰ ਡਰਾਉਣ ਵਾਸਤੇ ਹੈ। ਇਹ ਤਰੀਕਾ ਇਹ ਆਮ ਵਰਤਦੇ ਹਨ। ਬਸ ਇਸ ਲਈ ਇਹ ਮੁਕੱਦਮਾ ਦਫ਼ਾ ੧੭(੨) ਹੇਠ ਆਉਂਦਾ ਹੈ ਨਾਲੇ ਮੁਲਜ਼ਮ ਦਾ ਜਥਾ ਗਾਰਡ ਡਿਊਟੀ ਦੇ ਕੇ ਲੈਕਚਰਾਰਾਂ ਨੂੰ ਮੁਖ਼ਾਲਫ਼ਤ ਕਰਨ ਵਾਲਿਆਂ ਤੋਂ ਬਚਾਂਦਾ ਹੈ, ਜੋ ਤਸ਼ੱਦਦ ਲਈ ਭੜਕਾਂਦੇ ਹਨ। ਜਿਵੇਂ ਡਾਇਰੀਆਂ ਲਿਖਣ ਵਾਲਿਆਂ ਨੂੰ ਟੋਟੇ-ਟੋਟੇ ਕੀਤਾ ਜਾਇਗਾ ਆਦਿ। ਮੁਲਜ਼ਮ ਦੇ ਜਥੇ ਨੇ ਜ਼ਬਰਦਸਤੀ ਸ਼ਿਵਨੰਦ ਨੂੰ ਘਰੋਂ ਕੱਢਿਆ। ਇਹ ਹੋ ਸਕਦਾ ਹੈ ਕਿ ਝਗੜਾ ਕੋਈ ਹੋਰ ਹੋਵੇ ਪਰ ਮੁਲਜ਼ਮ ਨੇ ਸ਼ਿਵਨੰਦ ਯਾ ਥਾਣੇਦਾਰ ਉੱਤੇ ਕੋਈ ਜਿਰਹਾ ਨਹੀਂ ਕੀਤੀ ਨਾ ਹੀ ਕੋਈ ਸਫ਼ਾਈ ਦਿੱਤੀ ਹੈ। ਮਗਰ ਹੈੱਡ ਕਾਂਸਟੇਬਲ ਪੁਲਿਸ ਦੀ ਤਫ਼ਤੀਸ਼ ਸ਼ਿਵਨੰਦ ਗਵਾਹ ਦੀ ਪਰੋੜਤਾ ਕਰਦੀ ਹੈ। ਇਸ ਲਈ ਕੋਈ ਵਜ੍ਹਾ ਨਹੀਂ ਕਿ ਇਹ ਗੱਲ ਨਾ ਮੰਨੀ ਜਾਏ ਕਿ ਮੁਲਜ਼ਮ ਤੇ ਇਸ ਦੇ ਜਥੇ ਨੇ ਇਕ ਆਦਮੀ ਦੀ ਖੁਲ੍ਹੀ ਜਗ੍ਹਾ ਜਲਸੇ ਲਈ ਸਮਝ ਕੇ ਕਬਜ਼ਾ ਕੀਤਾ ਹੋਵੇ।

ਮੁਲਜ਼ਮ ਦਾ ਜਥਾ ਗਾਰਡ ਡਿਊਟੀ ਦੇਣ ਦੇ ਕਾਰਨ ਲੈਕਚਰਾਰਾਂ ਨੂੰ ਮੁਖ਼ਾਲਫ਼ਤ ਤੋਂ ਰੋਕਦਾ ਹੈ, ਜੋ ਆਪਣੀਆਂ ਤਕਰੀਰਾਂ ਤਸ਼ੱਦਦ ਲਈ ਕਰਦੇ ਹਨ ਅਤੇ ਮੁਲਜ਼ਮ ਖ਼ੁਦ ਆਪਣੀਆਂ ਤਕਰੀਰਾਂ ਵਿਚ ਲੋਕਾਂ ਨੂੰ ਸਰਕਾਰ ਵਿਰੁੱਧ ਸ਼ਾਂਤਮਈ ਯਾ ਤਸ਼ੱਦਦ, ਜਿਵੇਂ ਹੋਵੇ, ਮੁਕਾਬਲੇ ਲਈ ਭੜਕਾਂਦਾ ਹੈ। ਮੁਲਜ਼ਮ ਨੇ ਜਨਤਾ ਨੂੰ ਤਸ਼ੱਦਦ ਲਈ ਭੜਕਾਇਆ, ਜਿਸ ਜਲਸੇ ਦਾ ਖ਼ੁਦ ਸਦਰ ਸੀ। ਮੁਲਜ਼ਮ ਨੇ ਅਕਾਲੀ ਵਾਲੰਟੀਅਰ ਭਰਤੀ ਕੀਤੇ, ਜੋ ਐਸ ਸਮੇਂ ਕਾਨੂੰਨ ਵਿਰੁਧ ਜਮਾਤ ਕਰਾਰ ਦਿੱਤੀ ਗਈ ਹੈ।

ਬਸ ਇਸ ਲਈ ਮੁਲਜ਼ਮ ਦਾ ਜਥਾ ਆਪਣੇ ਪ੍ਰਚਾਰਕਾਂ ਰਾਹੀਂ ਅੰਦਰੋਂ-ਅੰਦਰੀ ਲੋਕਾਂ ਨੂੰ ਤਸ਼ੱਦਦ ਲਈ ਭੜਕਾਂਦਾ ਹੈ, ਇਸ ਲਈ ਇਹ ਕਾਨੂੰਨ ਵਿਰੁੱਧ ਜਮਾਤ ਹੈ। ਮੁਲਜ਼ਮ ਜਥੇ ਨੂੰ ਭਰਤੀ ਕਰਨ ਵਾਲਾ ਹੈ ਅਤੇ ਇਹਦਾ ਮੈਨੇਜਰ ਭੀ ਹੈ, ਇਸ ਲਈ ਇਹ ਮੁਕੱਦਮਾ ਜ਼ੇਰ ਦਫ਼ਾ ੧੭ (੨) ਐਕਟ ੧੪-੧੯੦੮ ਹੇਠ ਆਉਂਦਾ ਹੈ।

ਮੁਲਜ਼ਮ ਕਰੀਬਨ ੬੫ ਸਾਲ ਦਾ ਬੁੱਢਾ ਆਦਮੀ ਹੈ, ਇਸ ਲਈ ਨਰਮੀ ਦਾ ਹੱਕਦਾਰ ਹੈ, ਭਾਵੇਂ ਐਸੇ ਜਥੇ ਸਖ਼ਤੀ ਨਾਲ ਪੇਸ਼ ਆਉਣੇ ਚਾਹੀਦੇ ਹਨ ਤਾਂ ਜੋ ਹੋਰ ਐਸੇ ਨਵੇਂ ਜਥੇ ਪੈਦਾ ਨਾ ਹੋਣ। ਮੈਂ ਮੁਲਜ਼ਮ ਨੂੰ ਇਕ ਸਾਲ ਮਹਿਜ਼ ਕੈਦ ਦੀ ਸਜ਼ਾ ਦੇਂਦਾ ਹਾਂ।

ਦਸਤਖ਼ਤ ਐਮ. ਅਫ਼ਜ਼ਲ ਮਖ਼ਦੂਮ

੧੯ ਜੂਨ ੧੯੨੨ ਮੈਜਿਸਟਰੇਟ ਦਰਜਾ ਅੱਵਲ।

☆ ☆ ☆

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਨਵੀਂਆਂ ਪ੍ਰਕਾਸ਼ਨਾਂ

☆ ਗੁਰਬਿਲਾਸ ਪਾਤਿਸ਼ਾਹੀ ਛੇਵੀਂ : (ਸਿੱਖ ਇਤਿਹਾਸ ਦਾ ਇਕ ਅਹਿਮ ਸੋਮਾ)
ਸੰਪਾਦਕ—ਗਿ: ਜੋਗਿੰਦਰ ਸਿੰਘ ਵੇਦਾਂਤੀ ਤੇ ਡਾ: ਅਮਰਜੀਤ ਸਿੰਘ

☆ ਅਨੰਦਪੁਰ ਸਾਹਿਬ : (ਅਨੰਦਪੁਰ ਸਾਹਿਬ ਦਾ ਮੁਕੰਮਲ ਇਤਿਹਾਸ ਅਤੇ ਸਾਰੇ ਗੁਰਦੁਆਰਿਆਂ ਦੀਆਂ ਰੰਗੀਨ ਤਸਵੀਰਾਂ)
(ਡਾਕਟਰ ਹਰਜਿੰਦਰ ਸਿੰਘ ਦਿਲਗੀਰ)

☆ ਪ੍ਰਾਚੀਨ ਪੰਥ ਪ੍ਰਕਾਸ਼ : (ਸਿੱਖ ਇਤਿਹਾਸ ਦਾ ਇਕ ਕੀਮਤੀ ਸੋਮਾ)
(ਸ. ਰਤਨ ਸਿੰਘ ਭੰਗੂ)

☆ ੧੯੫੫ ਦਾ ਪੰਜਾਬੀ ਸੂਬਾ ਮੋਰਚਾ :
(ਦਰਜਨਾਂ ਅਕਾਲੀ ਵਰਕਰਾਂ ਦੀਆਂ ਤਸਵੀਰਾਂ ਸਮੇਤ)
(ਸ. ਕਰਮ ਸਿੰਘ ਜ਼ਖ਼ਮੀ ਤੇ ਡਾ: ਹਰਜਿੰਦਰ ਸਿੰਘ ਦਿਲਗੀਰ)

☆ ਸਿੱਖ ਤੇ ਸਿੱਖੀ : (ਸਿੱਖ ਧਰਮ ਤੇ ਕਲਾ ਬਾਰੇ ਡੇਢ ਦਰਜਨ ਲੇਖ)
(ਸ. ਹਰਿੰਦਰ ਸਿੰਘ ਰੂਪ)

☆ ੧੯੫੫ ਦਾ ਪੰਜਾਬੀ ਸੂਬਾ ਮੋਰਚਾ : (ਮੋਰਚੇ ਦੀਆਂ ੪੦੦ ਦੇ ਕਰੀਬ ਤਸਵੀਰਾਂ)
(ਡਾ. ਹਰਜਿੰਦਰ ਸਿੰਘ ਦਿਲਗੀਰ)

☆ ਮਾਸਟਰ ਤਾਰਾ ਸਿੰਘ ਜੀ ਦੇ ਲੇਖ (ਦੋ ਜਿਲਦਾਂ)

☆ ਮੇਰੀ ਯਾਦ (ਮਾਸਟਰ ਤਾਰਾ ਸਿੰਘ ਜੀ ਦੀ ਸਵੈਜੀਵਨੀ)

☆ ਸ਼ਹੀਦੀ ਜੀਵਨ (ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਜੀਵਨੀ ਤੇ ਤਸਵੀਰਾਂ)
(ਸ. ਸਮਸ਼ੇਰ ਸਿੰਘ)

☆ ਕਿਉ ਵਰਣੀ ਕਿਵ ਜਾਣਾ (ਮਾਸਟਰ ਤਾਰਾ ਸਿੰਘ)

☆ ਪਿਰਮ ਪਿਆਲਾ (ਮਾਸਟਰ ਤਾਰਾ ਸਿੰਘ)

☆ ਬਾਬਾ ਤੇਗਾ ਸਿੰਘ (ਮਾਸਟਰ ਤਾਰਾ ਸਿੰਘ)

☆ ਰੱਬੀ ਰਿਸ਼ਮਾਂ (ਪ੍ਰਿੰਸੀਪਲ ਰਾਮ ਸਿੰਘ)

☆ ਇਕ ਖ਼ਤ ਭਾਈ ਤਾਰੂ ਸਿੰਘ ਦੇ ਵਾਰਿਸਾਂ ਦੇ ਨਾਂ
(ਸ. ਗੁਰਸ਼ਰਨਜੀਤ ਸਿੰਘ ਲਾਂਬਾ)

☆ ਬਬਰ ਅਕਾਲੀ ਲਹਿਰ ਦੇ ਹੀਰੋ (ਸ. ਗੁਰਚਰਨ ਸਿੰਘ)

☆ ੧੯੬੦ ਦਾ ਪੰਜਾਬੀ ਸੂਬਾ ਮੋਰਚਾ (ਡਾ. ਹਰਜਿੰਦਰ ਸਿੰਘ ਦਿਲਗੀਰ)

☆ Struggle ForFreedom of Religions Worship in Jaito
(Prof. Teja Singh)

☆ Status of Women in Sikhism (Prof. Bhupinder Kaur)

☆ God in Sikhism (Dr. Rajinder Kaur)

# ਆ ਰਹੀਆਂ ਨਵੀਆਂ ਪ੍ਰਕਾਸ਼ਨਾਂ

☆ ਬਬਰ ਅਕਾਲੀ ਲਹਿਰ ਦਾ ਇਤਿਹਾਸ
(ਗੁਰਬਚਨ ਸਿੰਘ)

☆ ਬਾਜ਼ਨਾਮਾ (ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦਾ ਇਤਿਹਾਸ)
(ਡਾ. ਜਸਬੀਰ ਸਿੰਘ ਸਰਨਾ)

☆ ਡਾਇਰੀ ਦੇ ਪੰਨੇ
(ਸ. ਹਰਬੀਰ ਸਿੰਘ ਭੰਵਰ)

☆ ਜੈਤੋ ਮੋਰਚਾ ਦਾ ਅੱਖੀਂ ਡਿੱਠੇ ਹਾਲ
(ਸ. ਊਧਮ ਸਿੰਘ ਵਰਪਾਲ)

☆ ਅਕਾਲੀ ਦਲ ਖਰਾ ਸੌਦਾ ਬਾਰ
(ਰਿਪੋਰਟ)

☆ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਿਵੇਂ ਬਣੀ ?
(ਡਾ. ਹਰਜਿੰਦਰ ਸਿੰਘ ਦਿਲਗੀਰ)

☆ ਅਨੰਦਪੁਰ ਸਾਹਿਬ ਐਂਡ ਕੀਰਤਪੁਰ ਸਾਹਿਬ ਗੁਰਦੁਆਰਾਜ਼ (ਅੰਗਰੇਜ਼ੀ)
(ਡਾ: ਹਰਜਿੰਦਰ ਸਿੰਘ ਦਿਲਗੀਰ)

☆ ਗ਼ਦਰ ਪਾਰਟੀ
(ਡਾ. ਗੁਰਦੇਵ ਸਿੰਘ ਦਿਉਲ)

☆ ਗੁਰਦੁਆਰਾ ਸੁਧਾਰ ਲਹਿਰ (ਸਚਿਤਰ)
(ਡਾ. ਹਰਜਿੰਦਰ ਸਿੰਘ ਦਿਲਗੀਰ)

☆ ਗੁਰੂ ਗੋਬਿੰਦ ਸਿੰਘ : ਜੀਵਨ ਤੇ ਚਿੰਤਨ
(ਡਾ. ਮਦਨਜੀਤ ਕੌਰ)

☆ ਜ਼ਫ਼ਰਨਾਮਾ ਤੇ ਫ਼ਤਹਿਨਾਮਾ (ਅੰਗਰੇਜ਼ੀ)
(ਦਵਿੰਦਰ ਸਿੰਘ ਦੁੱਗਲ)

☆ ੧੯੬੦ ਦਾ ਪੰਜਾਬੀ ਸੂਬਾ ਮੋਰਚਾ
(ਡਾ. ਹਰਜਿੰਦਰ ਸਿੰਘ ਦਿਲਗੀਰ)

☆ ਸਿੱਖ ਸਭਿਆਚਾਰ (ਹਿੰਦੀ)
(ਡਾ. ਹਰਜਿੰਦਰ ਸਿੰਘ ਦਿਲਗੀਰ)

☆ ਅਨੰਦਪੁਰ ਸਾਹਿਬ
(ਸਚਿਤਰ)

☆ ਅਨੰਦਪੁਰ ਸਾਹਿਬ
(ਨਾਟਕ)

☆ ੩੦੦ ਸਿੱਖ ਸ਼ਹੀਦ
(ਡਾ. ਹਰਜਿੰਦਰ ਸਿੰਘ ਦਿਲਗੀਰੀ)